

ਵੈੱਬਸਾਈਟ
ਪੰਜਾਬ ਸਟਾਰ ਇੰਟਰਨੈੱਟ 'ਤੇ ਵੀ ਹਰ ਰੋਜ਼ ਪੜ੍ਹ ਸਕਦੇ ਹੋ
www.punjabstar.com
PUNJAB STAR TV



ਅੰਦਰਲੀ ਖ਼ਬਰ
ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਦਾ 89 ਸਾਲ ਦੀ ਉਮਰ 'ਚ ਦਿਹਾਂਤ 04

ਅੰਦਰਲੀ ਖ਼ਬਰ
'ਬੀਵੀਡੀ ਬਰੈਂਪਟਨ ਹਾਫ਼-ਮੈਰਾਥਨ' ਈਵੈਂਟ 'ਚ ਬਣਿਆ ਮੇਲੇ ਵਾਲਾ ਮਾਹੌਲ 07



ਪੰਨਾ ਨੰ.:6 ਲੇਖ
ਬੌਧਿਕ ਮਾਫੀਏ ਦੀ ਕੰਗਾਲੀ !



PUNJABSTAR.COM
# ਪੰਜਾਬ ਸਟਾਰ

Phone: 905-673-7666 , Fax: 1-289-206-8611
29 ਮਈ ਤੋਂ 04 ਜੂਨ, 2025
Email :- editor@punjabstar.com, Vo. 20. Issue:1187


# ਗਾਜ਼ਾ 'ਚ ਇਜ਼ਰਾਇਲੀ ਹਮਲਿਆਂ ਕਾਰਨ 52 ਹਲਾਕ

## ਮ੍ਰਿਤਕਾਂ ਵਿੱਚ ਸਕੂਲ 'ਚ ਪਨਾਹ ਲਈ ਬੈਠੇ 36 ਵਿਅਕਤੀ ਵੀ ਸ਼ਾਮਲ



ਦੀਰ ਅਲ-ਬਲਾਹ (ਪੰਜਾਬ ਸਟਾਰ ਬਿਊਰੋ): ਗਾਜ਼ਾ ਪੱਟੀ ਵਿੱਚ ਅੱਜ ਇਜ਼ਰਾਇਲੀ ਹਮਲਿਆਂ ਦੌਰਾਨ ਸਕੂਲ 'ਚ ਪਨਾਹ ਲਈ ਬੈਠੇ 36 ਵਿਅਕਤੀਆਂ ਸਣੇ ਘੱਟੋ-ਘੱਟ 52 ਵਿਅਕਤੀ ਮਾਰੇ ਗਏ। ਸਕੂਲ ਵਿਚਲੇ ਪਨਾਹਗੀਰ ਹਮਲਾ ਹੋਣ ਵੇਲੇ ਸੁੱਤੇ ਹੋਏ ਸਨ ਅਤੇ ਹਮਲੇ ਕਾਰਨ ਉਨ੍ਹਾਂ ਦੇ ਸਮਾਨ 'ਚ ਅੱਗ ਲੱਗ ਗਈ। ਸਥਾਨਕ ਸਿਹਤ ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਫੌਜ ਨੇ ਕਿਹਾ ਕਿ ਉਨ੍ਹਾਂ ਨੇ ਸਕੂਲ 'ਚ ਸਾਜ਼ਿਸ਼ ਘੜ ਰਹੇ ਅਤਿਵਾਦੀਆਂ ਨੂੰ ਨਿਸ਼ਾਨਾ ਬਣਾਇਆ। ਇਜ਼ਰਾਈਲ ਵੱਲੋਂ ਹਮਾਸ ਨਾਲ ਗੋਲੀਬੰਦੀ ਖਤਮ ਕਰਨ ਮਗਰੋਂ ਮਾਰਚ ਮਹੀਨੇ ਤੋਂ ਲਗਾਤਾਰ ਹਮਲੇ ਕੀਤੇ ਜਾ ਰਹੇ ਹਨ।

ਐਮਰਜੈਂਸੀ ਸਰਵਿਸ ਮੰਤਰਾਲੇ ਦੇ ਮੁਖੀ ਫਾਹਮੀ ਅਵਦ ਨੇ ਦੱਸਿਆ ਕਿ ਗਾਜ਼ਾ ਸ਼ਹਿਰ ਦੇ ਦੁਰੇਡੇ ਇਲਾਕੇ 'ਚ ਸਕੂਲ 'ਤੇ ਹੋਏ ਹਮਲੇ 'ਚ ਦਰਜਨਾਂ ਲੋਕ ਜ਼ਖ਼ਮੀ ਵੀ ਹੋਏ ਹਨ। ਉਨ੍ਹਾਂ ਕਿਹਾ ਕਿ ਮ੍ਰਿਤਕਾਂ 'ਚ ਇੱਕ ਵਿਅਕਤੀ * ਬਾਕੀ ਸਫਾ 2 'ਤੇ

# ਸੁਡਾਨ 'ਚ ਹੈਜ਼ਾ ਫੈਲਣ ਨਾਲ ਇਕ ਹਫ਼ਤੇ 'ਚ ਹੋਈਆਂ 170 ਤੋਂ ਵੱਧ ਮੌਤਾਂ



(ਪੰਜਾਬ ਸਟਾਰ ਬਿਊਰੋ) ਸੁਡਾਨ ਵਿੱਚ ਹੈਜ਼ਾ ਫੈਲਣ ਕਾਰਨ ਪਿਛਲੇ ਹਫ਼ਤੇ ਘੱਟੋ-ਘੱਟ 172 ਲੋਕਾਂ ਦੀ ਮੌਤ ਹੋ ਗਈ ਹੈ ਅਤੇ 2,500 ਤੋਂ ਵੱਧ ਬਿਮਾਰ ਪਾਏ ਗਏ ਹਨ। ਅਧਿਕਾਰੀਆਂ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਸਿਹਤ ਅਧਿਕਾਰੀਆਂ ਅਨੁਸਾਰ, ਰਾਜਧਾਨੀ ਖਾਰਤੂਮ ਅਤੇ ਗੁਆਂਢੀ ਸ਼ਹਿਰ ਓਮਦੁਰਮਨ ਵਿੱਚ ਸਭ ਤੋਂ ਵੱਧ ਮਾਮਲੇ ਸਾਹਮਣੇ ਆਏ ਹਨ। ਉੱਤਰੀ ਕੋਰਡੋਫਾਨ, ਸੇਨਾਰ, ਗਾਜ਼ੀਰਾ, ਵ੍ਹਾਈਟ ਨੀਲ ਅਤੇ ਨੀਲ ਪ੍ਰਾਂਤਾਂ ਵਿੱਚ ਵੀ ਲਾਗਾਂ ਦੀ ਪੁਸ਼ਟੀ ਹੋਈ ਹੈ। 'ਡਾਕਟਰ ਵਿਦਾਊਟ ਬਾਰਡਰਜ਼' (ਐਮਐਸਐਫ਼) ਲਈ ਸੁਡਾਨ ਕੋਆਰਡੀਨੇਟਰ ਜੋਇਸ ਬੇਕਰ ਨੇ ਕਿਹਾ ਕਿ ਮਈ ਦੇ ਮੱਧ ਤੋਂ ਲਾਗ ਦੇ ਮਾਮਲੇ ਤੇਜ਼ੀ ਨਾਲ ਵਧੇ ਹਨ। * ਬਾਕੀ ਸਫਾ 2 'ਤੇ

# ਵੱਧ ਰਹੀ ਹੈ ਕੈਨੇਡੀਅਨ ਲੋਕਾਂ ਦੇ ਸਿਰ 'ਤੇ ਕਰਜ਼ੇ ਦੀ ਪੰਡ !

* ਪਹਿਲੀ ਤਿਮਾਹੀ 'ਚ ਲੋਕਾਂ ਕੋਲੋਂ ਕਰਜ਼ੇ ਦੀਆਂ ਕਿਸ਼ਤਾਂ ਟੁੱਟਣ ਦੀ ਦਰ 'ਚ ਭਾਰੀ ਵਾਧਾ
* ਕਰੈਡਿਟ ਏਜੰਸੀ ਦੀ ਰਿਪੋਰਟ 'ਚ ਅਹਿਮ ਖੁਲਾਸੇ



ਟੋਰਾਂਟੋ (ਪੰਜਾਬ ਸਟਾਰ ਬਿਊਰੋ): ਕਰੋਨਾਂ ਮਹਾਂਮਾਰੀ ਤੋਂ ਬਾਅਦ ਲੀਹੋਂ-ਲੱਥੀ ਕੈਨੇਡੀਅਨ ਅਰਥਵਿਵਸਥਾ ਦੇ ਮੁੜ ਪੱਟੜੀ 'ਤੇ ਚੜ੍ਹਨ ਦੀ ਉਮੀਦ ਨੂੰ ਜਿੱਥੇ ਵਿਸ਼ਵ ਜੰਗਾਂ ਕਾਰਨ ਪ੍ਰਭਾਵਿਤ ਹੋਈ ਨੇ ਮੱਠਾ ਪਾਇਆ, ਉਥੇ ਰਹਿੰਦੀ ਕਸਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਟੈਰਿਫ ਦੀ ਛੇੜੀ ਗਈ ਅਣਕਿਆਸੀ ਜੰਗ ਨੇ ਕੈਨੇਡੀਅਨ ਲੋਕਾਂ ਦੀ ਆਰਥਿਕ ਸਮਰੱਥਾ ਨੂੰ ਵੱਡਾ ਖੋਰਾ ਲਾਇਆ ਹੈ। ਮੌਜੂਦਾ ਅਸਥਿਰਤਾ ਵਾਲੇ ਹਾਲਾਤ 'ਚ ਕੈਨੇਡਾ ਦੀ ਵਕਾਰੀ ਕਰੈਡਿਟ * ਬਾਕੀ ਸਫਾ 2 'ਤੇ

# ਕੈਨੇਡਾ 'ਚ ਮੰਦੀ 355 ਸਾਲ ਪੁਰਾਣੀ ਕੰਪਨੀ ਹੋਈ ਬੰਦ

ਟੋਰਾਂਟੋ (ਬਲਜਿੰਦਰ ਸੇਖਾ): ਕੈਨੇਡਾ ਦੀ 355 ਸਾਲ ਪੁਰਾਣੀ ਹਡਸਨ ਬੇਅ ਕੰਪਨੀ ਨੇ ਕੈਨੇਡਾ ਵਿੱਚ ਆਪਣੇ ਸਾਰੇ 80 ਸਟੋਰ ਬੰਦ ਕਰਕੇ, ਪਹਿਲੀ ਜੂਨ ਤੋਂ 8000 ਇੰਪਲਾਈਜ਼ ਦੀ ਛੁੱਟੀ ਕਰ ਦਿੱਤੀ ਹੈ। ਇਸ ਸਮੇਂ ਕੈਨੇਡਾ ਵਿੱਚ ਕੰਮਾਂ ਦਾ ਬਹੁਤ ਮੰਦਾ ਦੌਰ ਚੱਲ ਰਿਹਾ ਹੈ। ਨਵੀਂ ਚੁਣੀ ਗਈ ਮਾਰਕ ਕਾਰਨੀ ਦੀ ਸਰਕਾਰ ਤੋਂ ਕੈਨੇਡੀਅਨ ਨੂੰ ਬਹੁਤ ਉਮੀਦਾਂ ਹਨ। ਅੱਜ ਚੱਲ ਰਹੇ ਪਾਰਲੀਮੈਂਟ ਸੈਸਨ ਤੋਂ ਵੱਡੀਆਂ ਉਮੀਦਾਂ ਰੱਖ ਰਹੇ ਹਨ। ਜੇਕਰ ਸਰਕਾਰ ਜਲਦੀ ਕੋਈ ਫ਼ੈਸਲਾ ਨਹੀਂ ਲੈਂਦੀ ਤਾਂ ਕੈਨੇਡਾ ਵਿੱਚ ਵੱਡੀ ਆਰਥਿਕ ਮੰਦੀ ਆ ਸਕਦੀ ਹੈ ਤੇ ਲੱਖਾਂ ਲੋਕ ਰੁਜ਼ਗਾਰ ਤੋ ਵਾਂਝੇ ਹੋ ਸਕਦੇ ਹਨ।

### ਟਰੰਪ ਪ੍ਰਸ਼ਾਸਨ ਦਾ ਵੱਡਾ ਫ਼ੈਸਲਾ

# ਅਮਰੀਕਾ ਨੇ ਵਿਦੇਸ਼ੀ ਵਿਦਿਆਰਥੀਆਂ ਦੇ ਵੀਜ਼ਾ ਇੰਟਰਵਿਊ 'ਤੇ ਲਗਾਈ ਅਸਥਾਈ ਰੋਕ



(ਪੰਜਾਬ ਸਟਾਰ ਬਿਊਰੋ) ਅਮਰੀਕੀ ਸਰਕਾਰ ਨੇ ਵਿਦੇਸ਼ੀ ਵਿਦਿਆਰਥੀਆਂ ਲਈ ਨਵੇਂ ਵੀਜ਼ਾ ਇੰਟਰਵਿਊ 'ਤੇ ਰੋਕ ਲਗਾ ਦਿੱਤੀ ਹੈ। ਵਿਦੇਸ਼ ਮੰਤਰੀ ਮਾਰਕੋ ਰੂਬੀਓ ਨੇ ਇਸ ਨੂੰ ਲੈ ਕੇ ਹੁਕਮ ਜਾਰੀ ਕੀਤਾ। ਇਸ ਦਾ ਮਕਸਦ ਦੇਸ਼ ਦੀ ਯੂਨੀਵਰਸਿਟੀਆਂ ਵਿਚ ਯਹੂਦੀ ਵਿਰੋਧ ਤੇ ਖੱਬੇ-ਪੱਖੀ ਵਿਚਾਰਾਂ ਨੂੰ ਰੋਕਣਾ ਹੈ। ਰੂਬੀਓ ਨੇ ਦੁਨੀਆ ਭਰ ਵਿਚ ਅਮਰੀਕੀ ਦੂਤਘਰਾਂ ਨੂੰ ਹੁਕਮ ਜਾਰੀ ਕਰਕੇ ਕਿਹਾ ਕਿ ਉਹ ਸਟੂਡੈਂਟ ਵੀਜ਼ੇ ਲਈ ਨਵੇਂ ਇੰਟਰਵਿਊ ਸ਼ੈਡਿਊਲ ਨਾ ਕਰਨ ਕਿਉਂਕਿ ਟਰੰਪ ਸਰਕਾਰ ਅਮਰੀਕਾ ਆਉਣ ਵਾਲੇ ਵਿਦਿਆਰਥੀਆਂ ਦੇ ਸੋਸ਼ਲ ਮੀਡੀਆ ਪ੍ਰੋਫਾਈਲ ਦੀ ਜਾਂਚ ਨੂੰ ਹੋਰ ਸਖਤ ਕਰਨ ਜਾ ਰਹੀ ਹੈ। ਉਨ੍ਹਾਂ ਕਿਹਾ ਕਿ ਤਤਕਾਲ ਪ੍ਰਭਾਵ ਨਾਲ ਕਾਊਂਸਲਰ ਸੈਕਸ਼ਨ ਅੱਗੇ ਦੇ ਦਿਸ਼ਾ-ਨਿਰਦੇਸ਼ ਜਾਰੀ ਹੋਣ ਤੱਕ ਸਟੂਡੈਂਟ ਜਾਂ ਐਕਸਚੇਂਜ ਵਿਜੀਟਰ (F, M ਤੇ J) ਵੀਜ਼ੇ ਲਈ ਨਵੀਂ ਇੰਟਰਵਿਊ ਦੀ ਇਜਾਜ਼ਤ ਨਾ ਦੇਣ। ਹਾਲਾਂਕਿ ਪਹਿਲਾਂ ਤੋਂ ਸ਼ੈਡਿਊਲ ਕੀਤੇ ਗਏ ਇੰਟਰਵਿਊ ਹੋ ਸਕਦੇ ਹਨ ਪਰ ਲਿਸਟ ਵਿਚ ਨਵੇਂ ਅਪਾਇੰਟਮੈਂਟ ਨਹੀਂ ਜੋੜੇ ਜਾਣ।

ਇਹ ਰੋਕ F, M ਤੇ J ਵੀਜ਼ਾ ਕੈਟਾਗਰੀ 'ਤੇ ਲਾਗੂ ਹੁੰਦੀ ਹੈ ਜੋ ਜ਼ਿਆਦਾਤਰ ਅੰਤਰਰਾਸ਼ਟਰੀ ਵਿਦਿਆਰਥੀਆਂ ਤੇ ਐਕਸਚੇਂਜ ਵਿਜੀਟਰਸ ਨੂੰ ਕਵਰ ਕਰਦੀ ਹੈ। ਦਾਅਵਾ ਹੈ ਕਿ ਇਹ ਇਨ੍ਹਾਂ ਪ੍ਰੋਗਰਾਮ ਜ਼ਰੀਏ ਆਉਣ ਵਾਲੇ ਵਿਦਿਆਰਥੀ ਅਮਰੀਕੀ ਸੁਰੱਖਿਆ ਲਈ ਖਤਰਾ ਹੋ ਸਕਦੇ ਹਨ।

ਟਰੰਪ ਸਰਕਾਰ ਨੇ ਅਧਿਕਾਰੀਆਂ ਨੂੰ ਇੰਸਟਾਗ੍ਰਾਮ, ਟਿਕਟੌਕ ਤੇ ਐਕਸ ਵਰਗੇ ਪਲੇਟਫਾਰਮ 'ਤੇ ਪੋਸਟ, ਲਾਈਕ, ਕਮੈਂਟ ਦੇ ਸ਼ੇਅਰ ਦੀ ਜਾਂਚ ਕਰਨ ਦੇ ਵੀ ਹੁਕਮ ਦਿੱਤੇ ਹਨ ਤਾਂ ਕਿ ਰਾਸ਼ਟਰੀ ਸੁਰੱਖਿਆ ਲਈ ਖਤਰਾ ਮੰਨੇ ਜਾਣ ਵਾਲੇ ਕੰਟੈਂਟ ਦਾ ਪਤਾ ਲਗਾਇਆ ਜਾ ਸਕੇ। ਅਧਿਕਾਰੀ ਮਾਰਚ ਤੋਂ ਉਨ੍ਹਾਂ ਵਿਦਿਆਰਥੀਆਂ ਦੇ ਸੋਸ਼ਲ ਮੀਡੀਆ ਦੀ ਜਾਂਚ ਕਰ ਰਹੇ ਹਨ ਜੋ ਫਲੀਸਤੀਨੀ ਸਮਰਥਕ ਪ੍ਰਦਰਸ਼ਨਾਂ ਵਿਚ ਸ਼ਾਮਲ ਸਨ। ਉਹ ਅਜਿਹੇ ਪੋਸਟਾਂ ਦੇ ਸਕ੍ਰੀਨਸ਼ਾਟ ਲੈ * ਬਾਕੀ ਸਫਾ 2 'ਤੇ

# ਕੈਨੇਡੀਅਨ ਸੂਬੇ 'ਚ ਜੰਗਲ ਦੀ ਅੱਗ ਕਾਰਨ ਐਲਾਨੀ ਗਈ ਐਮਰਜੈਂਸੀ

## ਹਜ਼ਾਰਾਂ ਲੋਕਾਂ ਨੇ ਛੱਡੇ ਘਰ



ਵਿਨੀਪੈਗ (ਪੰਜਾਬ ਸਟਾਰ ਬਿਊਰੋ): ਕੈਨੇਡਾ ਦੇ ਸੂਬੇ ਮੈਨੀਟੋਬਾ ਵਿਚ ਇਕ ਵਾਰ ਫਿਰ ਜੰਗਲ ਦੀ ਅੱਗ ਭੜਕ ਪਈ ਹੈ। ਸਥਿਤੀ ਨੂੰ ਗੰਭੀਰਤਾ ਨੂੰ ਦੇਖਦਿਆਂ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕੀਤਾ ਗਿਆ ਹੈ। ਹਾਲ ਹੀ ਵਿਚ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਮਦਦ ਲਈ ਫੌਜ ਭੇਜਣ 'ਤੇ ਸਹਿਮਤੀ ਦੇ ਦਿੱਤੀ ਹੈ। ਇਸ 'ਤੇ ਪ੍ਰੀਮੀਅਰ ਵੈਬ ਕੀਨਿਊ ਨੇ ਖੁਸ਼ੀ ਪ੍ਰਗਟ ਕੀਤੀ।

ਮੈਨੀਟੋਬਾ ਦੇ ਪ੍ਰੀਮੀਅਰ ਵੈਬ ਕੀਨਿਊ ਨੇ ਕਿਹਾ ਕਿ ਅੱਗ ਨੇ ਕਈ ਭਾਈਚਾਰਿਆਂ ਦੇ 17,000 ਲੋਕਾਂ ਨੂੰ ਭੱਜਣ ਲਈ ਮਜਬੂਰ ਕੀਤਾ। ਇਹ ਮੈਨੀਟੋਬਾ ਵਿਚ ਹੁਣ ਤੱਕ ਦੀ ਸਭ ਤੋਂ ਵੱਡੀ ਨਿਕਾਸੀ ਹੈ। ਲੋਕਾਂ ਦੀ ਵੱਡੀ ਗਿਣਤੀ ਕਾਰਨ ਇੱਥੇ ਫੌਜ ਨੂੰ ਮਦਦ ਲਈ ਬੁਲਾਇਆ ਜਾ ਰਿਹਾ ਹੈ। ਐਮਰਜੈਂਸੀ ਘੋਸ਼ਣਾ ਅਧਿਕਾਰੀਆਂ ਨੂੰ ਸੁਰੱਖਿਅਤ ਢੰਗ ਨਾਲ ਖਾਲੀ ਕਰਵਾਉਣ ਵਾਲਿਆਂ ਨੂੰ ਲਿਜਾਣ ਅਤੇ ਪਨਾਹ ਪ੍ਰਦਾਨ ਕਰਨ ਵਿੱਚ ਮਦਦ ਕਰਦੀ ਹੈ। ਸਸਕੈਚਵਾਨ ਦੇ ਕ੍ਰਾਈਟਨ ਦੇ 1,200 ਨਿਵਾਸੀਆਂ ਨੂੰ * ਬਾਕੀ ਸਫਾ 2 'ਤੇ

# ਕਿੰਗ ਚਾਰਲਸ ਦੇ ਕੈਨੇਡਾ ਦੌਰੇ ਨੇ ਕੈਨੇਡੀਅਨ ਲੋਕਾਂ ਨੂੰ ਕੀਤਾ ਪ੍ਰਭਾਵਿਤ

* ਕੈਨੇਡਾ ਦੀ ਸੰਸਦ ਵਿੱਚ ਭਾਸ਼ਨ ਰਾਹੀਂ ਸਰਕਾਰ ਦੀਆਂ ਨੀਤੀਆਂ ਦਾ ਕੀਤਾ ਖੁਲਾਸਾ
* ਕੈਨੇਡਾ 'ਚ ਸਟੱਡੀ ਤੇ ਵਰਕ ਪਰਮਿਟ ਘਟਣਗੇ, ਇਮੀਗ੍ਰੇਸ਼ਨ ਲਈ ਯੋਗਤਾ ਨੂੰ ਮਿਲੇਗਾ ਮਹੱਤਵ



ਟੋਰਾਂਟੋ (ਬਲਜਿੰਦਰ ਸੇਖਾ)- ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਸੱਦੇ 'ਤੇ ਬਰਤਾਨਵੀ ਮਹਾਰਾਜਾ ਅਤੇ ਕੈਨੇਡਾ ਦੇ ਸੰਵਿਧਾਨਕ ਮੁਖੀ (ਰਾਜਾ) ਕਿੰਗ ਚਾਰਲਸ-ਤੀਸਰੇ ਨੇ ਅੱਜ ਆਪਣੀ ਸਰਕਾਰੀ ਫੇਰੀ ਦੌਰਾਨ ਸੰਸਦ ਦੇ ਹੇਠਲੇ ਸਦਨ ਸੈਨੇਟ ਵਿੱਚ ਥਰੋਨ ਸਪੀਚ (ਰਾਸ਼ਟਰਪਤੀ ਦਾ ਭਾਸ਼ਨ) ਪੜ੍ਹਿਆ ਜਿਸ ਵਿੱਚ ਉਨ੍ਹਾਂ ਨੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਸਰਕਾਰ ਦੀਆਂ ਨੀਤੀਆਂ ਦਾ ਖੁਲਾਸਾ ਕੀਤਾ। ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਵਲੋਂ ਕੈਨੇਡਾ ਨੂੰ ਆਪਣੇ ਦੇਸ਼ ਵਿੱਚ ਸ਼ਾਮਿਲ ਕਰਨ ਦੀ ਲਗਾਤਾਰ ਮਿਲ ਰਹੀ ਚੁਣੌਤੀ ਦੇ ਸੰਦਰਭ ਵਿੱਚ ਕੈਨੇਡਾ ਦੀ ਆਜਾਦ ਹਸਤੀ ਦਾ ਜਿਕਰ ਕਰਦਿਆਂ ਉਨ੍ਹਾਂ ਆਖਿਆ ਕਿ ਅਸਲੀ ਉੱਤਰ (ਕੈਨੇਡਾ) ਅਜਾਦ ਦੇਸ ਹੈ। ਉਨ੍ਹਾਂ ਦੇ ਇਸ ਬਿਆਨ ਤੋਂ ਬਾਅਦ ਮੌਕੇ ਤੇ ਹਾਜ਼ਰ ਕੈਨੇਡਾ ਦੀ ਗਵਰਨਰ ਜਨਰਲ ਮੈਰੀ ਸਾਈਮਨ, ਪ੍ਰਧਾਨ ਮੰਤਰੀ ਕਾਰਨੀ, ਅਤੇ ਦੋਵਾਂ ਸਦਨਾਂ ਦੇ ਸੰਸਦ ਮੈਂਬਰਾਂ ਨੇ ਤਾੜੀਆਂ ਵਜਾ ਕੇ ਮਹਾਰਾਜਾ ਦਾ ਧੰਨਵਾਦ ਕੀਤਾ। ਮਹਾਰਾਜਾ ਚਾਰਲਸ-ਤੀਸਰੇ ਨੇ ਕੈਨੇਡਾ ਵਾਸੀਆਂ ਦਾ ਜੀਵਨ ਸੌਖਾ ਕਰਨ ਲਈ ਸਰਕਾਰ ਵਲੋਂ ਟੈਕਸ ਕਟੌਤੀ, ਜੁਰਮ ਰੋਕਣ ਲਈ ਕਾਨੂੰਨੀ ਸਖਤੀਆਂ, ਅਮਨ, ਵਾਤਾਵਰਨ ਦੀ ਸਾਂਭ, ਅਤੇ ਵਿਓਪਾਰ 'ਚ ਵਾਧੇ ਲਈ ਦੇਸ਼ ਵਿੱਚ ਪ੍ਰਾਂਤਾਂ ਦੀ ਆਪਸੀ ਅਤੇ ਵਿਦੇਸ਼ਾਂ ਨਾਲ਼ ਭਾਈਵਾਲੀ ਵਧਾਉਣ * ਬਾਕੀ ਸਫਾ 2 'ਤੇ




ਟੈਲੀਵਿਜ਼ਨ ਚੈਨਲ ਲਈ ਐਂਕਰ/ਮਾਰਕੀਟਿੰਗ ਸਟਾਫ਼ ਦੀ ਲੋੜ ਹੈ
ਮਿਸੀਸਾਗਾ ਸਥਿਤ ਟੈਲੀਵਿਜ਼ਨ ਚੈਨਲ ਨੂੰ ਐਂਕਰ (ਹੋਸਟ) ਅਤੇ ਮਾਰਕੀਟਿੰਗ ਲਈ ਲੜਕੇ/ਲੜਕੀਆਂ ਦੀ ਲੋੜ ਹੈ, ਵਧੇਰੇ ਜਾਣਕਾਰੀ ਲਈ
905-673-7666 'ਤੇ ਸੰਪਰਕ ਕਰ ਸਕਦੇ ਹਨ। ਤੁਸੀਂ ਚੰਗੇ ਪੈਸੇ ਬਣਾ ਸਕਦੇ ਹੋ।

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ



ਕਰਜ਼ੇ ਦੀ ਸਿਰਦਰਦੀ ?
www.MakeMeDebtFree.ca

• ਪਾਵਰ ਆਫ ਸੇਲ ਨੋਟਿਸ ?
• ਗਾਰਨਿਸ਼ਮੈਂਟ?
• ਬੈਂਕ ਵਲੋਂ ਪੈਸੇ ਦੀ ਮੰਗ ?
• ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?

ਮੁਫਤ ਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਸਿੰਘ ਹੁੰਦਲ ਨੂੰ ਕਾਲ ਕਰੋ
416-502-3100

ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਨਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ,
ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
Late Evening and Weekends Appointments Available 1888-864-3131



Jasbir Singh Hundal
Registered Credit Counsellor
Unit #20 - 7015 Tranmere Drive, Mississauga, ON, L5S 1T7



BRAR TAMBER RIGBY
PERSONAL INJURY LAWYERS
We Help Get You the Compensation You Deserve
Book a free consultation:
1-833-BRAR-LAW

PERSONAL INJURY
- Auto Accident
- Family Member Claims
- Pedestrian Hit Accident
- Short & Long-Term Disability
- Slip & Fall
- CPP Disability
- Bicycle Accident
- Wrongful Death & Fata accidents



Harjit Brar
Sales Representative
416-417-6010

FOR ALL YOUR REAL ESTATE NEEDS



ਕਿਸੇ ਤਰ੍ਹਾਂ ਦੀ ਵੀ ਪ੍ਰੌਪਰਟੀ ਖਰੀਦਣ ਜਾਂ ਵੇਚਣ ਲਈ ਜ਼ਰੂਰ ਸੰਪਰਕ ਕਰੋ
HOMELIFE
HIGHER STANDARDS
HOMELIFE MAPLE LEAF REALTY LTD., BROKERAGE
Ph: 905-456-9090



Vik Mehmi
Broker
416-500-6262

ਪੰਜਾਬ ਸਟਾਰ
www.punjabstar.com

# ਐਮਪੀਪੀ ਹਰਦੀਪ ਗਰੇਵਾਲ ਵੱਲੋਂ ਨਵਦੀਪ ਛਿੰਜ਼ਰ ਦਾ ਕਿੰਗ ਚਾਰਲਸ III ਤਾਜਪੋਸ਼ੀ ਮੈਡਲ ਨਾਲ ਸਨਮਾਨ



ਬਰੈਂਪਟਨ: – ਐਮਪੀਪੀ ਹਰਦੀਪ ਗਰੇਵਾਲ ਨੇ ਨਵਦੀਪ ਨੂੰ ਕਿੰਗ ਚਾਰਲਸ III ਤਾਜਪੋਸ਼ੀ ਮੈਡਲ ਨਾਲ ਸਨਮਾਨ ਕੀਤਾ। 28 ਸਾਲ ਦੇ ਛਿੰਜਰ ਇੱਕ ਅਨੁਭਵੀ ਪੁਲਿਸ ਅਫਸਰ ਹਨ, ਜਿਹੜੇ ਸੁਰੱਖਿਆ, ਨੌਜਵਾਨਾਂ ਨੂੰ ਸਹੀ ਸਲਾਹ ਦੇਣ, ਜਨਤਾ ਲਈ ਭਲੇ ਦੀ ਕੰਮਾਂ ਲਈ ਬੇਮਿਸਾਲ ਯੋਗਦਾਨ ਪਾਇਆ ਹੈ।

ਸ੍ਰੀ ਛਿੰਜ਼ਰ ਨੇ ਕਰੀਬ ਤਿੰਨ ਦਹਾਕਿਆਂ ਤੋਂ ਓਨਟਾਰੀਓ ਦੀ ਸੇਵਾ ਕੀਤੀ ਹੈ। ਜੋਖਮ ਵਿੱਚ ਫਸੇ ਨੌਜਵਾਨਾਂ ਨੂੰ ਸਲਾਹ ਦੇਣ ਲਈ ਉਸਦੀ ਵਚਨਬੱਧਤਾ, ਕੋਚਿੰਗ, ਅਤੇ ਦੱਖਣ ਏਸ਼ੀਆਈ ਭਾਈਚਾਰੇ ਦੇ ਨਾਲ ਸਬੰਧਾਂ ਨੂੰ ਮਜ਼ਬੂਤ ਕਰਨ ਅਤੇ ਕਾਨੂੰਨ ਵਿਵਸਥਾ ਲਾਗੂ ਕਰਨ ਅਤੇ ਵਿਭਿੰਨ ਭਾਈਚਾਰੇ ਦੇ ਵਿਚਕਾਰ ਸਥਾਈ ਭਰੋਸਾ ਬਣਾਇਆ ਹੈ।

ਐਮਪੀਪੀ ਗਰੇਵਾਲ ਨੇ ਕਿਹਾ, "ਨਵਦੀਪ ਛਿੰਜ਼ਰ ਸਰਵੋਤਮ ਜਨਤਕ ਸੇਵਾ ਦਾ ਧਾਰਨੀ ਹੈ। "ਉਸ ਦੀ ਅਗਵਾਈ ਅਤੇ ਹਮਦਰਦੀ ਨੇ ਬਰੈਂਪਟਨ ਅਤੇ ਇਸ ਤੋਂ ਬਾਹਰ ਇੱਕ ਸਾਰਥਕ ਪ੍ਰਭਾਵ ਛੱਡਿਆ ਹੈ। ਇਹ ਸਨਮਾਨ ਯੋਗ ਹੈ।"

ਛਿੰਜ਼ਰ ਨੇ ਕਿਹਾ, "ਇਸ ਸੂਬੇ ਅਤੇ ਇਸ ਦੇ ਲੋਕਾਂ ਦੀ ਸੇਵਾ ਕਰਨਾ ਮਾਣ ਵਾਲੀ ਗੱਲ ਹੈ।" "ਮੈਂ ਇਸ ਮਾਨਤਾ ਨੂੰ ਉਹਨਾਂ ਨਾਲ ਸਾਂਝਾ ਕਰਦਾ ਹਾਂ ਜੋ ਹਰ ਰੋਜ਼ ਇੱਕ ਦੂਜੇ ਨਾਲ ਜੋੜਦੇ ਹਨ, ਤਰੱਕੀ ਦੀ ਸ਼ੁਰੂਆਤ ਵਿਸ਼ਵਾਸ, ਸਤਿਕਾਰ ਅਤੇ ਦੂਜਿਆਂ ਦੀ ਸੇਵਾ ਨਾਲ ਹੁੰਦੀ ਹੈ।"

ਕਿੰਗ ਚਾਰਲਸ III ਤਾਜਪੋਸ਼ੀ ਮੈਡਲ ਉਨ੍ਹਾਂ ਕੈਨੇਡੀਅਨਾਂ ਨੂੰ ਮਾਨਤਾ ਦਿੰਦਾ ਹੈ ਜਿਨ੍ਹਾਂ ਨੇ ਉਹਨਾਂ ਦੇ ਭਾਈਚਾਰੇ ਵਿੱਚ ਮਹੱਤਵਪੂਰਨ ਯੋਗਦਾਨ ਪਾਇਆ ਹੈ, ਸ੍ਰੀ ਛਿੰਜ਼ਰ ਦੀ ਵਿਰਾਸਤ ਉਸ ਸਮਰਪਣ ਦੀ ਚਮਕਦੀ ਮਿਸਾਲ ਹੈ।

# ਕੈਨੇਡਾ : ਸਿੱਖ ਨੌਜਵਾਨ ਦੀ ਮੌਤ, ਪੁਲਿਸ ਸਵਾਲਾਂ ਦੇ ਘੇਰੇ 'ਚ

### * 'ਪੁਲਿਸ ਚਾਹੁੰਦੀ ਤਾਂ ਬਚ ਸਕਦਾ ਸੀ ਦੇਵਕਰਨ ਸਿੰਘ'
### * ਪਰਿਵਾਰ ਅਤੇ ਦੋਸਤਾਂ ਨੇ ਕੀਤਾ ਵੱਡਾ ਦਾਅਵਾ



ਵਿੰਨੀਪੈਗ : ਕੈਨੇਡਾ ਵਿਚ ਸਿੱਖ ਨੌਜਵਾਨ ਦੀ ਮੌਤ ਨੇ ਆਰ.ਸੀ.ਐਮ.ਪੀ. ਨੂੰ ਸਵਾਲਾਂ ਦੇ ਘੇਰੇ ਵਿਚ ਲਿਆ ਦਿਤਾ ਹੈ। ਯੂਨੀਵਰਸਿਟੀ ਆਫ਼ ਮੈਨੀਟੋਬਾ ਵਿਚ ਪੜ੍ਹ ਰਹੇ ਦੇਵਕਰਨ ਸਿੰਘ ਦੇ ਪਰਵਾਰ ਅਤੇ ਦੋਸਤਾਂ ਵੱਲੋਂ ਆਰ.ਸੀ.ਐਮ.ਪੀ. 'ਤੇ ਵੇਲੇ ਸਿਰ ਕਾਰਵਾਈ ਨਾ ਕਰਨ ਦੇ ਦੋਸ਼ ਲਾਏ ਜਾ ਰਹੇ ਹਨ। ਦੱਸ ਦੇਈਏ ਕਿ ਦੇਵਕਰਨ ਸਿੰਘ ਆਪਣੇ ਦੋਸਤਾਂ ਨਾਲ ਸੈਰ ਸਪਾਟਾ ਕਰਨ ਪਿਨਾਵਾ ਡੈਮ 'ਤੇ ਗਿਆ ਅਤੇ ਅਚਨਚੇਤ ਪਾਣੀ ਵਿਚ ਡਿੱਗਣ ਮਗਰੋਂ ਲਾਪਤਾ ਹੋ ਗਿਆ। ਉਸ ਦੇ ਸਾਥੀਆਂ ਨੇ ਤੁਰਤ ਪੁਲਿਸ ਨੂੰ ਇਤਲਾਹ ਦਿਤੀ ਅਤੇ ਮੌਕੇ 'ਤੇ ਪੁੱਜੇ ਅਫ਼ਸਰ ਭਾਲ ਕਰਨ ਲੱਗੇ। ਉਧਰ ਕੁਝ ਦੇਰ ਬਾਅਦ ਦੇਵਕਰਨ ਸਿੰਘ ਦੇ ਮਾਤਾ ਜਸਵੀਰ ਕੌਰ ਪਿਨਾਵਾ ਡੈਮ 'ਤੇ ਪੁੱਜੇ ਅਤੇ ਪੁਲਿਸ ਅਫ਼ਸਰਾਂ ਨੂੰ ਪਾਣੀ ਵਿਚ ਦਾਖਲ ਹੋ ਕੇ ਤਲਾਸ਼ ਕਰਨ ਲਈ ਆਖਿਆ ਪਰ ਅੱਗੋਂ ਜਵਾਬ ਮਿਲਿਆ ਕਿ ਪਾਣੀ ਅੰਦਰ ਤਲਾਸ਼ ਕਰਨ ਦੀ ਸਿਖਲਾਈ ਨਾ ਮਿਲੀ ਹੋਣ ਕਰ ਕੇ ਉਹ ਬਾਹਰੋਂ ਹੀ ਭਾਲ ਕਰ ਸਕਦੇ ਹਨ।

ਸੀ.ਟੀ.ਵੀ. ਨਾਲ ਗੱਲਬਾਤ ਕਰਦਿਆਂ ਜਸਵੀਰ ਕੌਰ ਨੇ ਨਮ ਅੱਖਾਂ ਅਤੇ ਗੁੱਸੇ ਨਾਲ ਸਵਾਲੀਆ ਲਹਿਜ਼ੇ ਵਿਚ ਕਿਹਾ, ''ਤੁਹਾਡਾ ਬੱਚਾ ਪਾਣੀ ਵਿਚ ਡਿੱਗਿਆ ਹੋਵੇ ਅਤੇ ਤੁਹਾਨੂੰ ਇਹ ਜਵਾਬ ਮਿਲੇ ਕਿ ਅਸੀਂ ਕੁਝ ਨਹੀਂ ਕਰ ਸਕਦੇ ਤਾਂ ਤੁਹਾਡੇ ਉਤੇ ਕੀ ਬੀਤੇਗੀ।'' ਮੈਨੀਟੋਬਾ ਆਰ.ਸੀ.ਐਮ.ਪੀ. ਨੇ ਇਸ ਗੱਲ ਦੀ ਤਸਦੀਕ ਕਰ ਦਿਤੀ ਕਿ ਡਿਟੈਚਮੈਂਟ ਦੇ ਅਫ਼ਸਰਾਂ ਨੂੰ ਪਾਣੀ ਹੇਠਾਂ ਭਾਲ ਕਰਨ ਦੀ ਸਿਖਲਾਈ ਨਹੀਂ ਮਿਲੀ ਅਤੇ ਇਹ ਖਾਸ ਦਸਤੇ ਦਾ ਕੰਮ ਹੈ। ਪੁਲਿਸ ਨੇ ਆਪਣਾ ਪੱਖ ਪੇਸ਼ ਕਰਦਿਆਂ ਦਲੀਲ ਦਿਤੀ ਕਿ ਪਾਣੀ ਵਿਚ ਕੀਤੀ ਜਾਣ ਵਾਲੀ ਤਲਾਸ਼ ਅਫ਼ਸਰਾਂ ਵਾਸਤੇ ਖਤਰਾ ਪੈਦਾ ਕਰਦੀ ਹੈ ਅਤੇ ਰਾਤ ਵੇਲੇ ਅਜਿਹਾ ਬਿਲਕੁਲ ਨਹੀਂ ਕੀਤਾ ਜਾ ਸਕਦਾ। ਇਥੇ ਦਸਣਾ ਬਣਦਾ ਹੈ ਕਿ ਮੈਨੀਟੋਬਾ ਆਰ.ਸੀ.ਐਮ.ਪੀ. ਕੋਲ ਇਕੋ-ਇਕ ਅੰਡਰ ਵਾਟਰ ਰਿਕਵਰੀ ਟੀਮ ਹੈ ਜਿਸ ਵੱਲੋਂ ਅਗਲੀ ਸਵੇਰ ਦੇਵਕਰਨ ਸਿੰਘ ਦੀ ਭਾਲ ਆਰੰਭੀ ਗਈ। ਇਸੇ ਦੌਰਾਨ ਯੂਨੀਵਰਸਿਟੀ ਆਫ਼ ਮੈਨੀਟੋਬਾ ਸਿੱਖ ਸਟੂਡੈਂਟਸ ਐਸੋਸੀਏਸ਼ਨ ਵਿਚ ਦੇਵਕਰਨ ਸਿੰਘ ਨਾਲ ਕੰਮ ਕਰ ਚੁੱਕੀ ਮਨਵੀਰ ਕੌਰ ਨੇ ਕਿਹਾ ਕਿ ਹਰ ਕੋਈ ਉਸ ਦੇ ਕੰਮ ਤੋਂ ਪ੍ਰਭਾਵਤ ਹੁੰਦਾ। ਉਹ ਜ਼ਿੰਦਗੀ ਦੇ ਹਰ ਖੇਤਰ ਵਿਚ ਅੱਗੇ ਵਧ ਰਿਹਾ ਸੀ।

ਦੋ ਸਾਲ ਸਿੱਖ ਸਟੂਡੈਂਟਸ ਐਸੋਸੀਏਸ਼ਨ ਦਾ ਪ੍ਰਧਾਨ ਰਹਿਣ ਮਗਰੋਂ ਉਸ ਨੇ ਯੂਨੀਵਰਸਿਟੀ ਆਫ਼ ਮੈਨੀਟੋਬਾ ਦੀ ਵਿਦਿਆਰਥੀ ਯੂਨੀਅਨ ਦੀ ਚੋਣ ਵੀ ਲੜੀ। ਦੇਵਕਰਨ ਸਿੰਘ ਦੇ ਪਰਵਾਰ ਅਤੇ ਦੋਸਤਾਂ ਦਾ ਮੰਨਣਾ ਹੈ ਕਿ ਉਸ ਨੂੰ ਬਚਾਇਆ ਜਾ ਸਕਦਾ ਸੀ ਜੇ ਅੰਡਰਵਾਟਰ ਰਿਕਵਰੀ ਟੀਮ ਸਮੇਂ ਸਿਰ ਪੁੱਜ ਜਾਂਦੀ। ਦੇਵਕਰਨ ਦੇ ਦੋਸਤ ਕਰਮਜੀਤ ਸਿੰਘ ਨੇ ਕਿਹਾ ਕਿ ਉਹ ਛੋਟੇ ਭਰਾ ਦਾ ਹਰ ਫਰਜ਼ ਅਦਾ ਕਰਦਾ। ਹਰ ਵੇਲੇ ਦੂਜਿਆਂ ਦੀ ਮਦਦ ਲਈ ਤਿਆਰ ਰਹਿੰਦਾ ਅਤੇ ਕਦੇ ਵੀ ਹੌਸਲਾ ਨਹੀਂ ਸੀ ਹਾਰਿਆ। ਜਸਵੀਰ ਕੌਰ ਮੁਤਾਬਕ ਉਨ੍ਹਾਂ ਦਾ ਬੇਟਾ ਇਕ ਸ਼ਾਨਦਾਰ ਵਿਦਿਆਰਥੀ, ਚੰਗਾ ਚਿੱਤਰਕਾਰ ਅਤੇ ਸਿੱਖ ਭਾਈਚਾਰੇ ਵਿਚ ਬਿਹਤਰੀਨ ਰੋਲ ਮਾਡਲ ਰਿਹਾ। ਜਸਵੀਕਰ ਕੌਰ ਨੇ ਅੱਗੇ ਕਿਹਾ ਕਿ ਉਹ ਆਪਣੇ ਪੁੱਤ ਬਾਰੇ ਬਹੁਤ ਕੁਝ ਕਹਿਣਾ ਚਾਹੁੰਦੇ ਹਨ ਪਰ ਸ਼ਬਦ ਨਹੀਂ ਮਿਲ ਰਹੇ। ਸ਼ਬਦਾਂ ਵਿਚ ਆਪਣਾ ਦੁੱਖ ਬਿਆਨ ਕਰਨਾ ਬੇਹੱਦ ਮੁਸ਼ਕਲ


# ਅਮਰੀਕਾ ਵਾਲਿਆਂ ਦੀਆਂ ਜੜ੍ਹਾਂ 'ਚ ਬੈਠਾ ਟਰੰਪ

### ਜ਼ੂਰਰੀ ਚੀਜ਼ਾਂ ਦੀਆਂ ਕੀਮਤਾਂ ਅਸਮਾਨ ਛੋਹਣ ਲੱਗੀਆਂ



ਵਾਸ਼ਿੰਗਟਨ : ਟਰੰਪ ਦੀਆਂ ਟੈਰਿਫ਼ਸ ਦਾ ਅਸਰ ਅਮਰੀਕਾ ਵਿਚ ਸਾਫ਼ ਨਜ਼ਰ ਆਉਣ ਲੱਗਾ ਹੈ ਅਤੇ ਰੋਜ਼ਾਨਾ ਕੰਮ ਆਉਣ ਵਾਲੀਆਂ ਚੀਜ਼ਾਂ ਦੇ ਭਾਅ 80 ਫ਼ੀ ਸਦੀ ਤੱਕ ਵਧ ਚੁੱਕੇ ਹਨ। ਮਿਸਾਲ ਵਜੋਂ 225 ਗ੍ਰਾਮ ਕੋਕੋਅ ਪਾਊਡਰ ਵਾਲਾ ਡੱਬਾ 3.44 ਡਾਲਰ ਤੋਂ ਵੱਧ ਕੇ 6.18 ਡਾਲਰ ਦਾ ਹੋ ਗਿਆ ਹੈ ਅਤੇ ਇਹ ਵਾਧਾ ਤਕਰੀਬਨ ਦੁੱਗਣਾ ਬਣਦਾ ਹੈ। ਕੇਲਿਆਂ ਦਾ ਭਾਅ 50 ਸੈਂਟ ਪ੍ਰਤੀ ਪਾਊਂਡ ਤੋਂ ਵਧ ਕੇ 54 ਸੈਂਟ ਪ੍ਰਤੀ ਪਾਊਂਡ ਹੋ ਗਿਆ ਹੈ ਅਤੇ ਇਹ ਵਾਧਾ 8 ਫ਼ੀ ਸਦੀ ਬਣਦਾ ਹੈ। ਇਸੇ ਤਰ੍ਹਾਂ ਇਕ ਖਿਡੌਣੇ ਦੀ ਕੀਮਤ 34.97 ਡਾਲਰ ਤੋਂ ਵਧ ਕੇ 49.97 ਹੋ ਚੁੱਕੀ ਹੈ ਅਤੇ ਇਹ ਵਾਧਾ 43 ਫੀ ਸਦੀ ਬਣਦਾ ਹੈ। ਦੱਸ ਦੇਈਏ ਕਿ ਵਾਲਮਾਰਟ ਨੇ ਟਰੰਪ ਦੇ ਸੱਤਾ ਵਿਚ ਆਉਂਦਿਆਂ ਹੀ ਕੀਮਤਾਂ ਵਧਣ ਦੀ ਚਿਤਾਵਨੀ ਜਾਰੀ ਕਰਨੀ ਸ਼ੁਰੂ ਕਰ ਦਿਤੀ ਸੀ ਕਿਉਂਕਿ ਕੰਪਨੀ ਦੇ ਸਟੋਰਾਂ 'ਤੇ ਵਿਕਣ ਵਾਲਾ 60 ਫ਼ੀ ਸਦੀ ਸਮਾਨ ਚੀਨ ਤੋਂ ਆਉਂਦਾ ਹੈ।

ਇਸ ਵੇਲੇ ਚੀਨ ਤੋਂ ਆਉਣ ਵਾਲੀਆਂ ਆਇਟਮਜ਼ 'ਤੇ 30 ਫ਼ੀ ਸਦੀ ਤੱਕ ਟੈਰਿਫ਼ਸ ਲਾਗੂ ਹਨ। ਵਾਲਮਾਰਟ ਦੇ ਸੀ.ਈ.ਓ. ਡਗ ਮੈਕਮਿਲੋਨ ਨੇ ਕਿਹਾ ਕਿ ਕੀਮਤਾਂ ਨੂੰ ਘੱਟ ਤੋਂ ਘੱਟ ਰੱਖਣ ਦੇ ਯਤਨ ਕੀਤੇ ਜਾ ਰਹੇ ਹਨ ਪਰ ਟੈਰਿਫ਼ਸ ਦੇ ਮੱਦੇਨਜ਼ਰ ਸਾਰਾ ਦਬਾਅ ਕੰਪਨੀ ਵਾਸਤੇ ਬਰਦਾਸ਼ਤ ਕਰਨਾ ਮੁਸ਼ਕਲ ਹੈ। ਭਾਵੇਂ ਟਰੰਪ ਸ਼ਰ੍ਹੇਆਮ ਚਿਤਾਵਨੀ ਦੇ ਚੁੱਕੇ ਹਨ ਕਿ ਵਾਲਮਾਰਟ ਨੂੰ ਕੀਮਤਾਂ ਵਿਚ ਵਾਧਾ ਨਹੀਂ ਕਰਨਾ ਚਾਹੀਦਾ ਪਰ ਚੁੱਪ-ਚਪੀਤੇ ਸਟੋਰਾਂ 'ਤੇ ਵਿਕ ਰਹੀਆਂ ਚੀਜ਼ਾਂ ਦੇ ਪ੍ਰਾਈਸ ਟੈਗ ਲਗਾਤਾਰ ਬਦਲ ਰਹੇ ਹਨ। 'ਡੇਲੀ ਮੇਲ' ਦੀ ਰਿਪੋਰਟ ਮੁਤਾਬਕ ਸਿਰਫ਼ ਵਾਲਮਾਰਟ ਵੱਲੋਂ ਕੀਮਤਾਂ ਵਿਚ ਵਾਧਾ ਨਹੀਂ ਕੀਤਾ ਜਾ ਰਿਹਾ ਸਗੋਂ ਟਾਰਗੇਟ ਦੇ ਸਟੋਰਾਂ 'ਤੇ ਵੀ ਕੀਮਤਾਂ ਵਧ ਚੁੱਕੀਆਂ ਹਨ। ਟਾਰਗੇਟ ਦੇ ਇਕ ਮੁਲਾਜ਼ਮ ਨੇ ਸੋਸ਼ਲ ਮੀਡੀਆ ਰਾਹੀਂ ਇਕ ਤਸਵੀਰ ਸਾਂਝੀ ਕਰਦਿਆਂ ਲਿਖਿਆ ਕਿ ਤਕਰੀਬਨ 10 ਡਾਲਰ ਵਾਲੀ ਯੂ.ਐਸ.ਬੀ.-ਸੀ ਕੋਰਡ ਦੀ ਕੀਮਤ ਵਧ ਕੇ 18 ਡਾਲਰ ਹੋ ਚੁੱਕੀ ਹੈ। ਇਸੇ ਦੌਰਾਨ ਰਿਟੇਲ ਖੇਤਰ ਦੇ ਮਾਹਰਾਂ ਨੇ ਕਿਹਾ ਕਿ ਕੱਪੜੇ, ਇਲੈਕਟ੍ਰਾਨਿਕ ਵਸਤਾਂ ਅਤੇ ਘਰਾਂ ਵਿਚ ਵਰਤਿਆ ਜਾਣ ਵਾਲਾ ਹੋਰ ਸਮਾਨ ਵੀ ਮਹਿੰਗਾ ਹੋ ਰਿਹਾ ਹੈ। ਗਲੋਬਲ ਡਾਟਰ ਦੇ ਨੀਲ ਸੌਂਡਰਜ਼ ਦਾ ਕਹਿਣਾ ਸੀ ਕਿ ਟੈਰਿਫ਼ਸ ਦੇ ਅਸਰ ਤੋਂ ਕੋਈ ਚੀਜ਼ ਨਹੀਂ ਬਚ ਸਕੇਗੀ। ਉਨ੍ਹਾਂ ਕਿਹਾ ਕਿ ਮੁਨਾਫ਼ਾ ਜ਼ਿਆਦਾ ਨਾ ਹੋਣ ਕਰ ਕੇ ਕੰਪਨੀਆਂ ਵੱਲੋਂ ਗਾਹਕਾਂ 'ਤੇ ਬੋਝ ਪਾਇਆ ਜਾ ਰਿਹਾ ਹੈ।




# ਮਸਕ ਸੰਭਾਵਤ ਤੌਰ 'ਤੇ ਟਰੰਪ ਦੀਆਂ ਅੱਖਾਂ 'ਚ ਰੜਕਣ ਲੱਗੇ?

### * ਦੁਨੀਆਂ ਦੇ ਸਭ ਤੋਂ ਅਮੀਰ ਇਨਸਾਨ ਨੇ ਸਿਆਸਤ ਤੋਂ ਕੀਤੀ ਤੌਬਾ



ਵਾਸ਼ਿੰਗਟਨ : ਰਾਸ਼ਟਰਪਤੀ ਡੌਨਲਡ ਟਰੰਪ ਦੀਆਂ ਅੱਖਾਂ ਦਾ ਤਾਰਾ ਮੰਨੇ ਜਾ ਰਹੇ ਈਲੌਨ ਮਸਕ ਸੰਭਾਵਤ ਤੌਰ 'ਤੇ ਟਰੰਪ ਦੀਆਂ ਅੱਖਾਂ ਵਿਚ ਰੜਕਣ ਲੱਗੇ ਅਤੇ ਚੋਣਾਂ ਤੋਂ ਪਹਿਲਾਂ ਸ਼ੁਰੂ ਹੋਈ ਦੋਸਤੀ, ਦੁਸ਼ਮਣੀ ਵਿਚ ਤਬਦੀਲ ਹੁੰਦੀ ਮਹਿਸੂਸ ਹੋ ਰਹੀ ਹੈ। ਜੀ ਹਾਂ, ਦੁਨੀਆਂ ਦੇ ਸਭ ਤੋਂ ਅਮੀਰ ਇਨਸਾਨ ਨੇ ਦੋਸ਼ ਲਾਇਆ ਹੈ ਕਿ ਦੂਜਿਆਂ ਦੀਆਂ ਨਾਕਾਮੀ ਦਾ ਦੋਸ਼ ਡਿਪਾਰਟਮੈਂਟ ਆਫ਼ ਗਵਰਨਮੈਂਟ ਐਫ਼ੀਸ਼ੀਐਂਸੀ ਦੇ ਸਿਰ ਮੜ੍ਹ ਦਿਤਾ ਗਿਆ। ਸਪੇਸ ਐਕਸ ਸਟਾਰਸ਼ਿਪ ਦੀ ਲੌਂਚਿੰਗ ਮੌਕੇ ਮੀਡੀਆ ਨਾਲ ਗੱਲਬਾਤ ਕਰਦਿਆਂ ਈਲੌਨ ਮਸਕ ਨੇ ਟਰੰਪ 'ਤੇ ਦਗਾ ਦੇਣ ਦਾ ਦੋਸ਼ ਵੀ ਲਾਇਆ।


ਮਸਕ ਨੇ ਕਿਹਾ ਕਿ ਟਰੰਪ ਸਰਕਾਰ ਵੱਡੇ ਪੱਧਰ 'ਤੇ ਖਰਚਾ ਕਰ ਰਹੀ ਹੈ ਜਿਸ ਨਾਲ ਬਜਟ ਘਾਟਾ ਵਧਣਾ ਯਕੀਨੀ ਹੈ ਜਦਕਿ 'ਡੋਜ' ਨੂੰ ਖਰਚਾ ਘਟਾਉਣ ਵਾਸਤੇ ਹੋਂਦ ਵਿਚ ਲਿਆਂਦਾ ਗਿਆ ਸੀ। ਮਸਕ ਦੀਆਂ ਇਹ ਟਿੱਪਣੀਆਂ ਅਜਿਹੇ ਸਮੇਂ ਆਈਆਂ ਹਨ ਜਦੋਂ ਅਮਰੀਕਾ ਸਣੇ ਦੁਨੀਆਂ ਦੇ ਵੱਖ ਵੱਖ ਮੁਲਕਾਂ ਵਿਚ ਟੈਸਲਾ ਦੇ ਸ਼ੋਅਰੂਮ ਹਿੰਸਕ ਰੋਸ ਵਿਖਾਵਿਆਂ ਦਾ ਕੇਂਦਰ ਬਣ ਗਏ ਅਤੇ ਕੰਪਨੀ ਦੇ ਸ਼ੇਅਰਾਂ ਦੀਆਂ ਕੀਮਤਾਂ ਮੂਧੇ ਮੂੰਹ ਡਿੱਗੀਆਂ। ਟਰੰਪ ਦੇ ਖਰਚਾ ਬਿਲ ਨੂੰ 'ਬਿੱਗ, ਬਿਊਟੀਫੁਲ ਬਿਲ' ਕਰਾਰ ਦਿੰਦਿਆਂ ਮਸਕ ਨੇ ਕਿਹਾ ਕਿ ਵੱਡਾ ਅਤੇ ਸੋਹਣਾ ਦੋਵੇਂ ਚੀਜ਼ਾਂ ਹੋਣੀਆਂ ਮੁਸ਼ਕਲ ਹਨ ਅਤੇ ਇਹ ਮੇਰੀ ਨਿਜੀ ਰਾਏ ਹੈ। ਆਰਥਿਕ ਮਾਹਰਾਂ ਦਾ ਮੰਨਣਾ ਹੈ ਕਿ ਨਵੇਂ ਬਿਲ ਰਾਹੀਂ ਅਮਰੀਕਾ ਸਿਰ ਚੜ੍ਹੇ ਕਰਜ਼ੇ ਵਿਚ 3.8 ਖਰਬ ਡਾਲਰ ਹੋਰ ਜੁੜ ਜਾਣਗੇ। ਇਸ ਵੇਲੇ ਅਮਰੀਕਾ ਸਿਰ ਕੁਲ ਕਰਜ਼ਾ 36 ਖਰਬ ਡਾਲਰ ਦੱਸਿਆ ਜਾ ਰਿਹਾ ਹੈ। ਹੈਰਾਨੀ ਇਸ ਗੱਲ ਦੀ ਹੈ ਕਿ ਰਿਪਬਲਿਕਨ ਪਾਰਟੀ ਅਤੀਤ ਵਿਚ ਖਰਚਾ ਵਧਾਉਣ ਦਾ ਵਿਰੋਧ ਕਰਦੀ ਆਈ ਹੈ ਪਰ ਹੁਣ ਖੁੱਲ੍ਹੇ ਹੱਥਾਂ ਨਾਲ ਖਰਚਾ ਕਰਦਿਆਂ ਪੁਰਾਣੇ ਰਿਕਾਰਡ ਤੋੜੇ ਜਾ ਰਹੇ ਹਨ।

**ਦਾਅਵਾ ਕੀਤਾ, ਹੋਰਨਾਂ ਦੀ ਨਾਕਾਮੀ ਉਨ੍ਹਾਂ ਦੇ ਸਿਰ ਮੜ੍ਹੀ ਗਈ**

ਖਰਚਾ ਐਨਾ ਵਧੇਗਾ ਤਾਂ ਅਮਰੀਕਾ ਵਾਸੀਆਂ ਨੂੰ ਟੈਕਸ ਰਾਹਤ ਮਿਲਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ ਜਦਕਿ ਟਰੰਪ ਸਰਕਾਰ ਕਰੋੜਾਂ ਲੋਕਾਂ ਨੂੰ ਸੁਪਨੇ ਦਿਖਾ ਚੁੱਕੀ ਹੈ। ਮਸਕ ਨੇ ਆਪਣੇ ਦੁਖੜਾ ਸੁਣਾਉਂਦਿਆਂ ਕਿਹਾ ਕਿ ਸ਼ਾਇਦ ਉਨ੍ਹਾਂ ਨੇ ਸਿਆਸਤ ਵਿਚ ਜ਼ਰੂਰਤ ਤੋਂ ਜ਼ਿਆਦਾ ਸਮਾਂ ਖਰਚ ਕਰ ਦਿਤਾ। ਦਿਲਚਸਪ ਤੱਥ ਇਹ ਹੈ ਕਿ ਵਾਈਟ ਹਾਊਸ ਵਿਚ ਮਸਕ ਨੂੰ 'ਫਸਟ ਬਡੀ' ਦਾ ਖਿਤਾਬ ਦਿਤਾ ਗਿਆ ਸੀ ਅਤੇ ਉਹ ਟਰੰਪ ਦੇ ਸਭ ਤੋਂ ਚਹੇਤੇ ਮੰਨੇ ਜਾ ਰਹੇ ਸਨ ਪਰ ਕੁਝ ਹੀ ਮਹੀਨੇ ਵਿਚ ਹਾਲਾਤ ਵਸੋਂ ਬਾਹਰ ਹੋ ਗਏ। ਮਸਕ ਨੇ ਦਾਅਵਾ ਕੀਤਾ ਹੈ ਕਿ ਡੌਜ ਦੀ ਅਗਵਾਈ ਕਰਦਿਆਂ ਉਨ੍ਹਾਂ ਨੇ 160 ਅਰਬ ਡਾਲਰ ਦੀ ਬੱਚਤ ਕੀਤੀ ਪਰ ਇਸ ਗੱਲ ਦਾ ਜ਼ਿਕਰ ਕਰਨਾ ਭੁੱਲ ਗਏ ਕਿ 11 ਸਰਕਾਰੀ ਮਹਿਕਮਿਆਂ ਵਿਚੋਂ ਢਾਈ ਲੱਖ ਮੁਲਾਜ਼ਮਾਂ ਦੀ ਛਾਂਟੀ ਵੀ ਕੀਤੀ ਗਈ।

# ਕੈਨੇਡਾ 'ਚ ਪੰਜਾਬੀਆਂ ਦੀ ਬੱਲੇ-ਬੱਲੇ

## ਬਲਤੇਜ ਢਿੱਲੋਂ ਨੇ ਸੈਨੇਟਰ ਵਜੋਂ ਲਿਆ ਹਲਫ਼



ਕੈਨੇਡਾ ਪੁਲਿਸ (RCMP ) ਦੇ ਸੇਵਾਮੁਕਤ ਅਧਿਕਾਰੀ ਬਲਤੇਜ ਸਿੰਘ ਢਿੱਲੋਂ ਨੇ ਅੱਜ ਸੈਨੇਟ ਮੈਂਬਰ ਵਜੋਂ ਸਹੁੰ ਚੁੱਕੀ ਹੈ। ਉਹ ਲੰਬੇ ਸਮੇਂ ਤੋਂ ਸਮਾਜ ਸੇਵੀ ਹਨ ਅਤੇ ਉਨ੍ਹਾਂ ਨੂੰ ਕੈਨੇਡਾ ਦੇ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਬ੍ਰਿਟਿਸ਼ ਕੋਲੰਬੀਆ ਲਈ ਇੱਕ ਸੁਤੰਤਰ ਸੈਨੇਟਰ ਵਜੋਂ ਨਿਯੁਕਤ ਕੀਤਾ ਸੀ। ਸੈਨੇਟ ਕੈਨੇਡਾ ਦੇ ਸੰਸਦੀ ਲੋਕਤੰਤਰ ਵਿੱਚ ਉੱਚ ਸਦਨ ਹੈ।

ਜ਼ਿਕਰਯੋਗ ਹੈ ਕਿ ਬਲਤੇਜ ਸਿੰਘ ਢਿੱਲੋਂ ਨੇ 1991 ਵਿੱਚ ਕੈਨੇਡੀਅਨ ਕਾਨੂੰਨ ਲਾਗੂ ਕਰਨ ਵਿੱਚ ਸਿੱਖ ਪ੍ਰਤੀਨਿਧਤਾ ਲਈ ਰੁਕਾਵਟਾਂ ਨੂੰ ਤੋੜਦੇ ਹੋਏ, ਦਸਤਾਰ ਪਹਿਨਣ ਵਾਲੇ ਪਹਿਲੇ RCMP ਅਧਿਕਾਰੀ ਵਜੋਂ ਇਤਿਹਾਸ ਰਚਿਆ ਸੀ।

30 ਸਾਲਾਂ ਦੇ ਕੈਰੀਅਰ ਦੌਰਾਨ, ਉਨ੍ਹਾਂ ਨੇ ਉੱਚ-ਪ੍ਰੋਫਾਈਲ ਜਾਂਚਾਂ ਵਿੱਚ ਯੋਗਦਾਨ ਪਾਇਆ ਅਤੇ ਬਾਅਦ ਵਿੱਚ ਬੀ.ਸੀ. ਦੀ ਗੈਂਗ-ਵਿਰੋਧੀ ਏਜੰਸੀ ਨਾਲ ਕੰਮ ਕੀਤਾ। ਜਦੋਂਕਿ ਯੁਵਾ ਸਲਾਹਕਾਰ ਵਿੱਚ ਸਰਗਰਮ ਰਹੇ। ਸੈਨੇਟ ਵਿੱਚ ਉਨ੍ਹਾਂ ਦੀ ਨਿਯੁਕਤੀ ਜਨਤਕ ਸੇਵਾ, ਵਿਭਿੰਨਤਾ ਅਤੇ ਭਾਈਚਾਰਕ ਲੀਡਰਸ਼ਿਪ ਪ੍ਰਤੀ ਉਨ੍ਹਾਂ ਦੇ ਸਮਰਪਣ ਨੂੰ ਦਰਸਾਉਂਦੀ ਹੈ।

# ਪੇਜ ਇੱਕ ਦੀ ਬਾਕੀ

## ਗਾਜ਼ਾ 'ਚ ਇਜ਼ਰਾਇਲੀ...

ਤੇ ਉਸ ਦੇ ਪੰਜ ਬੱਚੇ ਵੀ ਸ਼ਾਮਲ ਹਨ। ਗਾਜ਼ਾ ਸ਼ਹਿਰ ਦੇ ਸ਼ਿਫਾ ਤੇ ਅਲ ਆਹਲੀ ਹਸਪਤਾਲਾਂ ਨੇ ਕੁੱਲ ਨੌਂ ਮੌਤਾਂ ਦੀ ਪੁਸ਼ਟੀ ਕੀਤੀ ਹੈ। ਅਵਦ ਮੁਤਾਬਕ ਸਕੂਲ 'ਤੇ ਹਮਲਾ ਉਦੋਂ ਹੋਇਆ ਜਦੋਂ ਲੋਕ ਸੁੱਤੇ ਹੋਏ ਸਨ ਤੇ ਤਿੰਨ ਵਾਰ ਹੋਏ ਹਮਲੇ ਕਾਰਨ ਉਨ੍ਹਾਂ ਦੇ ਸਮਾਨ ਨੂੰ ਅੱਗ ਲੱਗ ਗਈ। ਆਨਲਾਈਨ ਪ੍ਰਸਾਰਿਤ ਫੁਟੇਜ਼ 'ਚ ਬਚਾਅ ਕਰਮੀ ਅੱਗ ਬੁਝਾਉਣ ਅਤੇ ਸੜੀਆਂ ਹੋਈਆਂ ਲਾਸ਼ਾਂ ਕੱਢਣ ਦੀ ਕੋਸ਼ਿਸ਼ ਕਰਦੇ ਦਿਖਾਈ ਦੇ ਰਹੇ ਹਨ।

ਇੱਕ ਅਧਿਕਾਰੀ ਨੇ ਦੱਸਿਆ ਕਿ ਫੌਜ ਨੇ ਸਕੂਲ ਦੇ ਅੰਦਰ ਇੱਕ ਅਤਿਵਾਦੀ ਕਮਾਂਡ ਤੇ ਕੰਟਰੋਲ ਸੈਂਟਰ ਨੂੰ ਨਿਸ਼ਾਨਾ ਬਣਾਇਆ, ਜਿਸ ਦੀ ਵਰਤੋਂ ਹਮਾਸ ਤੇ ਅਤਿਵਾਦੀਆਂ ਵੱਲੋਂ ਹਮਲਿਆਂ ਲਈ ਖੁਫ਼ੀਆ ਜਾਣਕਾਰੀ ਇਕੱਠੀ ਕਰਨ ਲਈ ਕੀਤੀ ਜਾਂਦੀ ਸੀ। ਦੂਜੇ ਪਾਸੇ ਇਜ਼ਰਾਇਲੀ ਫੌਜ ਮੁਤਾਬਕ ਫਲਸਤੀਨੀ ਅਤਿਵਾਦੀਆਂ ਨੇ ਗਾਜ਼ਾ ਤੋਂ ਤਿੰਨ ਪ੍ਰੋਜੈਕਟਾਈਲ ਦਾਗੇ, ਜਿਨ੍ਹਾਂ ਵਿੱਚੋਂ ਦੋ ਉਸ ਦੇ ਇਲਾਕੇ 'ਚ ਡਿੱਗੇ ਜਦਕਿ ਤੀਜੇ ਨੂੰ ਫੁੰਡ ਲਿਆ ਗਿਆ।

## ਸੁਡਾਨ 'ਚ ਹੈਜ਼ਾ ਫੈਲਣ...

ਪਿਛਲੇ ਹਫ਼ਤੇ ਹੀ ਐਮਐਸਐਫ਼ ਟੀਮਾਂ ਨੇ 2,000 ਤੋਂ ਵੱਧ ਸ਼ੱਕੀ ਮਰੀਜ਼ਾਂ ਦਾ ਇਲਾਜ ਕੀਤਾ। ਉਨ੍ਹਾਂ ਦਸਿਆ ਕਿ ਓਮਦੁਰਮਨ ਵਿੱਚ ਐਮਐਸਐਫ ਕੇਂਦਰਾਂ 'ਚ ਮਰੀਜ਼ਾਂ ਦੀ ਵੱਡੀ ਭੀੜ ਹੈ ਅਤੇ ''ਸਥਿਤੀ ਬਹੁਤ ਚਿੰਤਾਜਨਕ ਹੈ''। ਬਹੁਤ ਸਾਰੇ ਮਰੀਜ਼ ਦੇਰ ਨਾਲ ਪਹੁੰਚ ਰਹੇ ਹਨ, ਜਿਸ ਕਾਰਨ ਉਨ੍ਹਾਂ ਨੂੰ ਬਚਾਉਣਾ ਮੁਸ਼ਕਲ ਹੋ ਰਿਹਾ ਹੈ।

ਸੁਡਾਨ ਦੇ ਸਿਹਤ ਮੰਤਰੀ ਹੈਥਮ ਇਬਰਾਹਿਮ ਨੇ ਕਿਹਾ ਕਿ ਪਿਛਲੇ ਚਾਰ ਹਫ਼ਤਿਆਂ ਤੋਂ ਖਾਰਤੂਮ ਖੇਤਰ ਵਿੱਚ ਹਰ ਹਫ਼ਤੇ 600-700 ਨਵੇਂ ਮਾਮਲੇ ਸਾਹਮਣੇ ਆ ਰਹੇ ਹਨ। ਵਿਸ਼ਵ ਸਿਹਤ ਸੰਗਠਨ ਦੇ ਅਨੁਸਾਰ, ਹੈਜ਼ਾ ਇੱਕ ਬਹੁਤ ਹੀ ਖ਼ਤਰਨਾਕ ਪਾਣੀ 'ਚ ਫੈਲਣ ਵਾਲੀ ਬਿਮਾਰੀ ਹੈ, ਜੋ ਗੰਭੀਰ ਦਸਤ ਅਤੇ ਡੀਹਾਈਡਰੇਸ਼ਨ ਦਾ ਕਾਰਨ ਬਣਦੀ ਹੈ ਅਤੇ ਜੇਕਰ ਤੁਰੰਤ ਇਲਾਜ ਨਾ ਕੀਤਾ ਜਾਵੇ ਤਾਂ ਇਹ ਘੰਟਿਆਂ ਦੇ ਅੰਦਰ ਘਾਤਕ ਹੋ ਸਕਦੀ ਹੈ।

## ਵੱਧ ਰਹੀ ਹੈ ਕੈਨੇਡੀਅਨ...

ਏਜੰਸੀ ਏਕੁਫੈਕਸ ਵੱਲੋਂ ਇਸ ਸੰਬੰਧੀ ਜਾਰੀ ਕੀਤੀ ਗਈ ਰਿਪੋਰਟ 'ਚ ਅਹਿਮ ਖੁਲਾਸੇ ਕੀਤੇ ਗਏ ਹਨ।

ਰਿਪੋਰਟ 'ਚ ਖੁਲਾਸਾ ਕੀਤਾ ਗਿਆ ਹੈ ਕਿ ਇਸ ਸਾਲ ਦੀ ਪਹਿਲੀ ਤਿਮਾਹੀ 'ਚ ਕੈਨੇਡੀਅਨ ਲੋਕਾਂ ਵੱਲੋਂ ਕਰਜ਼ੇ ਦੀਆਂ ਕਿਸ਼ਤਾਂ ਟੁੱਟ ਜਾਣ ਦੀ ਦਰ 'ਚ ਵੱਡਾ ਵਾਧਾ ਦਰਜ ਕੀਤਾ ਗਿਆ ਹੈ। ਏਜੰਸੀ ਦਾ ਕਹਿਣਾ ਹੈ ਕਿ ਸਾਲ ਦੀ ਪਹਿਲੀ ਤਿਮਾਹੀ 'ਚ 1.4 ਮਿਲੀਅਨ ਦੇ ਕਰੀਬ ਕੈਨੇਡੀਅਨ ਲੋਕਾਂ ਵੱਲੋਂ ਆਪਣੇ ਕਰਜ਼ੇ ਦੀਆਂ ਕਿਸ਼ਤਾਂ ਨਹੀਂ ਤਾਰੀਆਂ ਜਾ ਸਕੀਆਂ। ਏਜੰਸੀ ਦੇ ਮੀਤ ਪ੍ਰਧਾਨ ਰਬੇਕਾ ਓਕਸ ਨੇ ਦੱਸਿਆ ਹੈ ਕਿ ਇਸਦੇ ਕੁਝ ਮੁੱਖ ਕਾਰਨ ਹੋ ਸਕਦੇ ਹਨ ਕਿ ਲੋਕਾਂ ਦੇ ਰੁਜ਼ਗਾਰ ਖੁੱਸ ਰਹੇ ਹਨ, ਦੇਸ਼ 'ਚ ਅਸਥਿਰਤਾ ਦਾ ਮਾਹੌਲ ਅਤੇ ਦੇਸ਼ ਦੇ ਵੱਡੇ ਵਪਾਰਕ ਭਾਈਵਾਲ਼ ਅਮਰੀਕਾ ਵੱਲੋਂ ਛੇੜੀ ਗਈ ਅਣਕਿਆਸੀ ਵਪਾਰਕ ਜੰਗ ਆਦਿ ਹਨ । ਏਜੰਸੀ ਦਾ ਮੰਨਣਾ ਹੈ ਕਿ ਭਾਵੇਂ ਕੈਨੇਡੀਅਨ ਲੋਕਾਂ 'ਚ ਖਰਚ ਕਰਨ ਦਾ ਰੁਝਾਨ ਅੱਗੇ ਨਾਲੋਂ ਘਟਿਆ ਹੈ ਪਰ ਫਿਰ ਵੀ ਪਹਿਲਾਂ ਤੋਂ ਹੀ ਚੁੱਕੇ ਗਏ ਕਰਜ਼ੇ ਦੀਆਂ ਕਿਸ਼ਤਾਂ ਦੀ ਅਦਾਇਗੀ ਟੁੱਟ ਰਹੀ ਹੈ। ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ ਘਰਾਂ ਦੇ ਕਰਜ਼ੇ ਤੋਂ ਇਲਾਵਾ ਹੋਰ ਕਰਜ਼ਿਆਂ ਦੀ ਅਦਾਇਗੀ ਟੁੱਟਣ ਦੀ ਦਰ 'ਚ 8.9 ਫ਼ੀਸਦੀ ਵਾਧਾ ਹੋਇਆ ਹੈ ਜਦੋਂ ਕਿ ਮੌਰਟਗੇਜ ਦੀ ਅਦਾਇਗੀ ਟੁੱਟਣ ਦੇ ਮਾਮਲਿਆਂ 'ਚ ਵੀ 6.5 ਫ਼ੀਸਦੀ ਵਾਧਾ ਹੋਇਆ ਹੈ । ਸਾਲ ਦੀ ਪਹਿਲੀ ਤਿਮਾਹੀ ਵਿੱਚ ਹੀ ਕੈਨੇਡਾ ਦੇ ਲੋਕਾਂ ਦੇ ਕੁੱਲ ਕਰਜ਼ੇ 'ਚ 2.55 ਟ੍ਰਿਲੀਅਨ ਦਾ ਵਾਧਾ ਦਰਜ ਹੋਇਆ ਹੈ। ਜੇ ਓਨਟਾਰੀਓ ਦੀ ਗੱਲ ਕਰੀਏ ਤਾਂ ਇੱਥੇ ਲੋਕਾਂ ਦੀ ਘਰਾਂ ਦੇ ਕਰਜ਼ੇ ਦੀ ਅਦਾਇਗੀ ਖੁੰਝਣ 'ਚ 71.5 ਫ਼ੀਸਦੀ ਵਾਧਾ ਹੋਇਆ ਹੋਇਆ ਜੋ ਪਿੱਛਲੇ ਸਾਲ ਦੇ 0.14 ਤੋਂ 0.24 ਤੱਕ ਬਣਦਾ ਹੈ ।

## ਅਮਰੀਕਾ ਨੇ ਵਿਦੇਸ਼ੀ...

ਰਹੇ ਹਨ ਜਿਨ੍ਹਾਂ ਨੂੰ ਅਪਮਾਨਜਨਕ ਮੰਨਿਆ ਜਾਂਦਾ ਹੈ ਭਾਵੇਂ ਹੀ ਬਾਅਦ ਵਿਚ ਇਹ ਕੰਟੈਂਟ ਹਟਾ ਦਿੱਤਾ ਗਿਆ ਹੈ। ਹਾਲਾਂਕਿ ਇਸ ਹੁਕਮ ਵਿਚ ਇਹ ਸਾਫ ਤੌਰ 'ਤੇ ਨਹੀਂ ਦੱਸਿਆ ਗਿਆ ਕਿ ਭਵਿੱਖ ਵਿਚ ਸੋਸ਼ਲ ਮੀਡੀਆ ਜਾਂਚ ਵਿਚ ਕੀ ਦੇਖਿਆ ਜਾਵੇਗਾ। ਪਹਿਲਾਂ ਸੋਸ਼ਲ ਮੀਡੀਆ ਜਾਂਚ ਸਿਰਫ ਉਨ੍ਹਾਂ ਵਿਦਿਆਰਥੀਆਂ ਲਈ ਲਾਗੂ ਸੀ ਜੋ ਫਲਸਤੀਨੀ ਸਮਰਥਕ ਪ੍ਰਦਰਸ਼ਨਾਂ ਵਿਚ ਸ਼ਾਮਲ ਸਨ।

## ਕੈਨੇਡੀਅਨ ਸੂਬੇ 'ਚ...

ਵੀ ਸੁਰੱਖਿਅਤ ਥਾਂ 'ਤੇ ਜਾਣ ਦਾ ਹੁਕਮ ਦਿੱਤਾ ਗਿਆ ਸੀ। ਮੈਨੀਟੋਬਾ ਵਿੱਚ 22 ਸਰਗਰਮ ਜੰਗਲੀ ਅੱਗਾਂ ਹਨ। ਅਧਿਕਾਰੀਆਂ ਨੇ ਕਿਹਾ ਕਿ ਕੈਨੇਡਾ ਭਰ ਤੋਂ ਫਾਇਰਫਾਈਟਰ ਅੱਗ ਬੁਝਾਉਣ ਵਿੱਚ ਮਦਦ ਕਰ ਰਹੇ ਹਨ। ਅਮਲੇ ਨੂੰ ਅੱਗ 'ਤੇ ਕਾਬੂ ਪਾਉਣ ਲਈ ਸੰਘਰਸ਼ ਕਰਨਾ ਪੈ ਰਿਹਾ ਹੈ। ਐਤਵਾਰ ਨੂੰ ਪਾਰਕਸ ਕੈਨੇਡਾ ਦਾ ਇੱਕ ਫਾਇਰਫਾਈਟਰ ਗੰਭੀਰ ਜ਼ਖਮੀ ਹੋ ਗਿਆ। ਇਸ ਸਾਲ ਹੁਣ ਤੱਕ ਮੈਨੀਟੋਬਾ ਵਿੱਚ 102 ਅੱਗਾਂ ਲੱਗੀਆਂ ਹਨ। ਕੈਨੇਡਾ ਦਾ ਜੰਗਲੀ ਅੱਗ ਦਾ ਸੀਜ਼ਨ ਮਈ ਤੋਂ ਸਤੰਬਰ ਤੱਕ ਚੱਲਦਾ ਹੈ। ਇਸਦਾ ਹੁਣ ਤੱਕ ਦਾ ਸਭ ਤੋਂ ਭਿਆਨਕ ਜੰਗਲੀ ਅੱਗ ਦਾ ਸੀਜ਼ਨ 2023 ਵਿੱਚ ਸੀ, ਜਿਸਨੇ ਉੱਤਰੀ ਅਮਰੀਕਾ ਦੇ ਬਹੁਤ ਸਾਰੇ ਹਿੱਸੇ ਨੂੰ ਮਹੀਨਿਆਂ ਤੱਕ ਖਤਰਨਾਕ ਧੂੰਏਂ ਨਾਲ ਦਬਾ ਦਿੱਤਾ।

## ਕਿੰਗ ਚਾਰਲਸ ਦੇ ਕੈਨੇਡਾ...

ਦਾ ਉਚੇਚਾ ਜਿਕਰ ਕੀਤਾ। ਉਨ੍ਹਾਂ ਆਖਿਆ ਕਿ ਅਮਰੀਕਾ ਨਾਲ਼ ਕੈਨੇਡਾ ਦੇ ਵਿਓਪਾਰਕ ਅਤੇ ਰੱਖਿਆ ਸਬੰਧ ਆਪਸੀ ਗੱਲਬਾਤ ਅਤੇ ਸੂਝ ਨਾਲ਼ ਲੀਹਸਿਰ ਕਰਨ ਦੇ ਯਤਨ ਜਾਰੀ ਹਨ। ਪ੍ਰਧਾਨ ਮੰਤਰੀ ਕਾਰਨੀ ਵਲੋਂ ਅਮਰੀਕਾ ਨਾਲ਼ ਗੱਲਬਾਤ ਰਾਹੀਂ ਰੱਖਿਆ ਅਤੇ ਵਿਓਪਾਰਕ ਸਮਝੌਤੇ ਨੇਪਰੇ ਚਾੜ੍ਹਨ ਨੂੰ ਵੀ ਪਹਿਲ ਦਿੱਤੀ ਜਾ ਰਹੀ ਹੈ।

ਦੇਸ਼ ਦੇ ਹਾਲਾਤਾਂ ਮੁਤਾਬਿਕ ਵਿਦੇਸ਼ੀਆਂ ਲਈ ਸਟੱਡੀ ਅਤੇ ਵਰਕ ਪਰਮਿਟ ਦੀ ਗਿਣਤੀ ਘਟਾ ਕੇ ਪੱਕੀ ਇਮੀਗ੍ਰੇਸ਼ਨ ਲਈ ਯੋਗਤਾ ਪ੍ਰਾਪਤ ਮਾਹਿਰਾਂ ਨੂੰ ਪਹਿਲ ਦਿੱਤੇ ਜਾਣ ਦੀ ਗੱਲ ਵੀ ਮਹਾਰਾਜਾ ਨੇ ਆਪਣੇ ਭਾਸ਼ਨ ਵਿੱਚ ਕੀਤੀ। ਮਹਾਰਾਜਾ ਦੀ 24 ਕੁ ਘੰਟਿਆਂ ਦੀ ਕੈਨੇਡਾ ਫੇਰੀ ਦੌਰਾਨ ਰਾਜਧਾਨੀ ਓਟਾਵਾ ਵਿਖੇ ਮੇਲੇ ਵਰਗਾ ਮਾਹੌਲ ਰਿਹਾ ਅਤੇ ਸਖਤ ਸੁਰੱਖਿਆ ਪ੍ਰਬੰਧਾਂ ਦੇ ਬਾਜੂਦ ਵੱਡੀ ਗਿਣਤੀ ਵਿੱਚ ਲੋਕਾਂ ਨੇ ਸੜਕਾਂ 'ਤੇ ਨਿਕਲ਼ ਕੇ ਉਨ੍ਹਾਂ ਨੂੰ ਦੇਖਣ ਦੀ ਕੋਸ਼ਿਸ਼ ਕੀਤੀ। ਦੇਸ਼ ਭਰ ਵਿੱਚ ਮਹਾਰਾਜਾ ਦੀ ਫੇਰੀ ਨੂੰ ਬੜੀ ਮਹੱਤਤਾ ਨਾਲ਼ ਲਿਆ ਗਿਆ ਅਤੇ ਉਨ੍ਹਾਂ ਦੇ ਕੈਨੇਡਾ ਵਿੱਚ ਆਉਣ ਤੋਂ ਲੋਕ ਇਸ ਕਰਕੇ ਵੀ ਵਿਸ਼ੇਸ਼ ਪ੍ਰਭਾਵਿਤ ਹੋਏ ਹਨ ਕਿ ਅਮਰੀਕੀ ਦਬਾਓ ਦਾ ਸਾਹਮਣਾ ਕਰਨ ਲਈ ਕੈਨੇਡਾ ਨਾਲ਼ ਆਪਣਾ ਭਾਈਵਾਲ ਦੇਸ਼ ਖੜ੍ਹਾ ਹੈ।






# ਭਾਰਤ-ਕੈਨੇਡਾ ਦੇ ਰਿਸ਼ਤੇ ਸੁਧਰਨ ਦੀ ਆਸ ਬੱਝੀ

## ਕੈਨੇਡਾ ਦੀ ਵਿਦੇਸ਼ ਮੰਤਰੀ ਨੇ ਭਵਿੱਖ 'ਚ ਮਿਲ ਕੇ ਕੰਮ ਕਰਨ ਬਾਰੇ ਸਾਂਝੀ ਕੀਤੀ 'ਐਕਸ' ਪੋਸਟ



ਵਿਨੀਪੈੱਗ : ਮਾਰਕ ਕਾਰਨੀ ਦੇ ਕੈਨੇਡਾ ਦਾ ਪ੍ਰਧਾਨ ਮੰਤਰੀ ਬਣਦੇ ਹੀ ਭਾਰਤ ਅਤੇ ਕੈਨੇਡਾ ਵਿਚ ਰਿਸ਼ਤੇ ਸੁਧਰਨ ਦੀ ਆਸ ਬੱਝੀ ਹੈ। ਹਾਲ ਹੀ ਵਿਚ ਅਨੀਤਾ ਅਨੰਦ, ਜੋ ਕਾਰਨੀ ਪ੍ਰਸ਼ਾਸਨ ਵਿੱਚ ਕੈਨੇਡਾ ਦਾ ਵਿਦੇਸ਼ ਮੰਤਰੀ ਹਨ, ਨੇ ਭਾਰਤ-ਕੈਨੇਡਾ ਸਬੰਧਾਂ ਨੂੰ ਮਜ਼ਬੂਤ ਕਰਨ ਬਾਰੇ ਵਿਚਾਰ ਵਟਾਂਦਰੇ ਲਈ ਭਾਰਤੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਸੋਸ਼ਲ ਮੀਡੀਆ ਪਲੇਟਫ਼ਾਰਮ 'ਐਕਸ' ਪੋਸਟ ਸਾਂਝੀ ਕਰਦਿਆਂ ਕਿਹਾ, "ਕਿ ਉਹ ਇਕੱਠੇ ਕੰਮ ਕਰਨਾ ਜਾਰੀ ਰੱਖਣ ਲਈ ਉਤਸੁਕ ਹਨ।"

ਉਨ੍ਹਾਂ ਪੋਸਟ ਵਿਚ ਕੈਨੇਡਾ-ਭਾਰਤ ਸਬੰਧਾਂ ਨੂੰ ਮਜ਼ਬੂਤ ਕਰਨ, ਆਰਥਿਕ ਸਹਿਯੋਗ ਨੂੰ ਡੂੰਘਾ ਕਰਨ ਅਤੇ ਸਾਂਝੀਆਂ ਤਰਜੀਹਾਂ ਨੂੰ ਅੱਗੇ ਵਧਾਉਣ ਬਾਰੇ ਵਿਸ਼ੇਸ਼ ਚਰਚਾ ਲਈ ਭਾਰਤੀ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਦਾ ਧੰਨਵਾਦ ਕੀਤੇ। ਅਨੰਦ ਨੇ ਇਸ ਦੌਰਾਨ ਭਵਿੱਖ ਵਿਚ ਮਿਲ ਕੇ ਕੰਮ ਕਰਨ ਦੀ ਉਮੀਦ ਪਰਗਟ ਕੀਤੀ। ਜ਼ਿਕਰਯੋਗ ਹੈ ਕਿ ਕੈਨੇਡਾ ਨਾਲ ਭਾਰਤ ਦੇ ਸਬੰਧ ਉਦੋਂ ਤਣਾਅਪੂਰਨ ਹੋ ਗਏ ਸਨ ਜਦੋਂ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਦਾਅਵਾ ਕੀਤਾ ਸੀ ਕਿ ਐੱਨਆਈਏ ਵੱਲੋਂ ਨਾਮਜ਼ਦ ਅਤਿਵਾਦੀ ਹਰਦੀਪ ਨਿੱਝਰ ਦੀ ਹੱਤਿਆ ਵਿੱਚ ਭਾਰਤ ਸਰਕਾਰ ਦਾ ਹੱਥ ਹੈ। ਭਾਰਤ ਸਰਕਾਰ ਵੱਲੋਂ ਇਸ ਦੋਸ਼ ਨੂੰ ਸਿਰੇ ਤੋਂ ਖ਼ਾਰਜ ਕਰ ਦਿੱਤਾ ਗਿਆ ਸੀ। ਇਸ ਤੋਂ ਪਹਿਲਾਂ 14 ਮਈ ਨੂੰ ਵਿਦੇਸ਼ ਮੰਤਰੀ ਐੱਸ ਜੈਸ਼ੰਕਰ ਨੇ ਅਨੰਦ ਨੂੰ ਕੈਨੇਡਾ ਦਾ ਵਿਦੇਸ਼ ਮੰਤਰੀ ਨਿਯੁਕਤ ਕੀਤੇ ਜਾਣ 'ਤੇ ਵਧਾਈ ਦਿੱਤੀ ਸੀ।

# ਯੂ.ਐਸ.ਏ ਦਾ 51ਵਾਂ ਸੂਬਾ ਬਣਨ ਬਾਰੇ ਸੋਚ ਰਿਹਾ ਕੈਨੇਡਾ...!

## ਟਰੰਪ ਦੇ ਸਨਸਨੀਖੇਜ਼ ਦਾਅਵੇ ਨੇ ਛੇੜੀ ਨਵੀਂ ਚਰਚਾ



ਵਾਸ਼ਿੰਗਟਨ- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ 'ਗੋਲਡਨ ਡੋਮ' ਮਿਜ਼ਾਈਲ ਰੱਖਿਆ ਪ੍ਰਣਾਲੀ ਦੇ ਬਹਾਨੇ ਇੱਕ ਵਾਰ ਫਿਰ ਕੈਨੇਡਾ 'ਤੇ ਨਿਸ਼ਾਨਾ ਸਾਧਿਆ ਹੈ। ਉਨ੍ਹਾਂ ਨੇ ਇੱਕ ਵਾਰ ਫਿਰ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੇ ਆਪਣੇ ਇਰਾਦੇ ਨੂੰ ਦੁਹਰਾਇਆ ਹੈ। ਟਰੰਪ ਨੇ ਕਿਹਾ ਹੈ ਕਿ ਕੈਨੇਡਾ ਉਨ੍ਹਾਂ ਦੇ ਪ੍ਰਸਤਾਵਿਤ 'ਗੋਲਡਨ ਡੋਮ' ਮਿਜ਼ਾਈਲ ਰੱਖਿਆ ਪ੍ਰਣਾਲੀ ਵਿੱਚ ਮੁਫਤ ਵਿੱਚ ਸ਼ਾਮਲ ਹੋ ਸਕਦਾ ਹੈ। ਇਸ ਲਈ ਇਸਨੂੰ ਸਿਰਫ ਅਮਰੀਕਾ ਦਾ ਹਿੱਸਾ ਬਣਨਾ ਪਵੇਗਾ। ਜੇਕਰ ਇਹ ਅਜਿਹਾ ਨਹੀਂ ਕਰਦਾ ਹੈ, ਤਾਂ ਕੈਨੇਡਾ ਨੂੰ ਇਸਦਾ ਹਿੱਸਾ ਬਣਨ ਲਈ 61 ਬਿਲੀਅਨ ਡਾਲਰ ਖਰਚ ਕਰਨੇ ਪੈਣਗੇ।

ਟਰੰਪ ਨੇ ਅਮਰੀਕਾ ਦੇ ਉੱਤਰੀ ਗੁਆਂਢੀ ਨੂੰ 51ਵਾਂ ਰਾਜ ਬਣਨ ਲਈ ਵਾਰ-ਵਾਰ ਪ੍ਰਸਤਾਵ ਦਿੱਤਾ ਹੈ। ਕੈਨੇਡਾ ਨੇ ਵੀ ਮਿਜ਼ਾਈਲ ਪ੍ਰਣਾਲੀ ਵਿੱਚ ਸ਼ਾਮਲ ਹੋਣ ਵਿੱਚ ਦਿਲਚਸਪੀ ਦਿਖਾਈ ਹੈ। 'ਗੋਲਡਨ ਡੋਮ' ਦਾ ਐਲਾਨ ਟਰੰਪ ਦੁਆਰਾ ਪਿਛਲੇ ਹਫ਼ਤੇ ਹੀ ਕੀਤਾ ਗਿਆ ਸੀ। ਇਸ ਦੌਰਾਨ ਟਰੰਪ ਨੇ ਕਈ ਹਥਿਆਰਾਂ ਦਾ ਵੀ ਜ਼ਿਕਰ ਕੀਤਾ, ਜੋ ਲੋਕਾਂ ਅਤੇ ਦੇਸ਼ ਨੂੰ ਦੁਸ਼ਮਣ ਹਥਿਆਰਾਂ ਤੋਂ ਬਚਾ ਸਕਦੇ ਹਨ। ਟਰੰਪ ਨੇ ਆਪਣੇ ਟਰੂਥ ਸੋਸ਼ਲ ਨੈੱਟਵਰਕ 'ਤੇ ਪੋਸਟ ਕੀਤਾ, 'ਮੈਂ ਕੈਨੇਡਾ ਨੂੰ ਕਿਹਾ ਸੀ ਕਿ ਜੋ ਵੀ ਸਾਡੇ ਸ਼ਾਨਦਾਰ ਗੋਲਡਨ ਡੋਮ ਪ੍ਰਣਾਲੀ ਦਾ ਹਿੱਸਾ ਬਣਨਾ ਚਾਹੁੰਦਾ ਹੈ, ਉਸਨੂੰ ਸਾਡੀ ਗੱਲ ਸੁਣਨੀ ਪਵੇਗੀ। ਜੇਕਰ ਉਹ ਇੱਕ ਵੱਖਰਾ ਰਾਸ਼ਟਰ ਬਣਿਆ ਰਹਿੰਦਾ ਹੈ, ਤਾਂ ਉਸਨੂੰ 61 ਬਿਲੀਅਨ ਡਾਲਰ ਖਰਚ ਕਰਨੇ ਪੈਣਗੇ। ਜੇਕਰ ਉਹ ਸਾਡਾ ਪਿਆਰਾ 51ਵਾਂ ਰਾਜ ਬਣ ਜਾਂਦਾ ਹੈ, ਤਾਂ ਇਸਦੀ ਕੀਮਤ ਉਨ੍ਹਾਂ ਨੂੰ ਜ਼ੀਰੋ ਡਾਲਰ ਹੋਵੇਗੀ। ਉਹ ਇਸ ਪੇਸ਼ਕਸ਼ 'ਤੇ ਵਿਚਾਰ ਕਰ ਰਹੇ ਹਨ!' ਟਰੰਪ ਦੀ ਇਸ ਯੋਜਨਾ ਦੀ ਅਨੁਮਾਨਤ ਲਾਗਤ ਲਗਭਗ 175 ਬਿਲੀਅਨ ਡਾਲਰ ਹੈ।

ਟਰੰਪ ਨੇ ਇਹ ਵੀ ਕਿਹਾ ਸੀ ਕਿ ਕੈਨੇਡਾ ਮਿਜ਼ਾਈਲ ਪ੍ਰਣਾਲੀ ਵਿੱਚ ਸ਼ਾਮਲ ਹੋਣ ਵਿੱਚ ਦਿਲਚਸਪੀ ਰੱਖਦਾ ਹੈ। ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਵੀ ਪੁਸ਼ਟੀ ਕੀਤੀ ਸੀ ਕਿ ਉਨ੍ਹਾਂ ਦੇ ਦੇਸ਼ ਨੇ ਇਸ ਮੁੱਦੇ 'ਤੇ ਉੱਚ-ਪੱਧਰੀ ਗੱਲਬਾਤ ਕੀਤੀ ਹੈ। ਕਾਰਨੀ ਨੇ ਇਕ ਪ੍ਰੈੱਸ ਕਾਨਫੰਰਸ ਵਿਚ ਕਿਹਾ ਸੀ ਕਿ ਕੈਨੇਡੀਅਨ ਲੋਕਾਂ ਲਈ ਸੁਰੱਖਿਆ ਉਪਾਅ ਕਰਨਾ ਵਧੀਆ ਹੈ। ਕਾਰਨੀ ਨੇ ਇਸ ਮਹੀਨੇ ਦੇ ਸ਼ੁਰੂ ਵਿੱਚ ਵ੍ਹਾਈਟ ਹਾਊਸ ਦਾ ਦੌਰਾ ਕਰਨ ਵੇਲੇ ਕੈਨੇਡਾ ਨੂੰ ਅਮਰੀਕਾ ਦਾ ਹਿੱਸਾ ਬਣਾਉਣ ਦੇ ਟਰੰਪ ਦੇ ਸੱਦੇ ਨੂੰ ਨਿਮਰਤਾ ਨਾਲ ਪਰ ਦ੍ਰਿੜਤਾ ਨਾਲ ਰੱਦ ਕਰ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਉਨ੍ਹਾਂ ਦਾ ਦੇਸ਼ ਕਦੇ ਵੀ ਵਿਕਰੀ ਲਈ ਨਹੀਂ ਹੈ।

# ਅਮਰੀਕਾ ਦੇ ਟੈਨੇਸੀ 'ਚ ਵਾਪਰਿਆ ਦਰਦਨਾਕ ਸੜਕ ਹਾਦਸਾ

## 2 ਲੋਕਾਂ ਦੀ ਮੌਤ ਅਤੇ ਘੱਟੋ-ਘੱਟ 40 ਜ਼ਖਮੀ



ਅਮਰੀਕਾ ਦੇ ਟੈਨੇਸੀ ਰਾਜ ਵਿੱਚ ਇੱਕ ਬੱਸ ਅਤੇ ਇੱਕ ਹੋਰ ਯਾਤਰੀ ਵਾਹਨ ਵਿਚਕਾਰ ਹੋਈ ਟੱਕਰ ਵਿੱਚ ਦੋ ਲੋਕਾਂ ਦੀ ਮੌਤ ਅਤੇ ਕਈ ਹੋਰ ਜ਼ਖਮੀ ਹੋ ਗਏ ਹਨ। ਅਧਿਕਾਰੀਆਂ ਨੇ ਇਸ ਹਾਦਸੇ ਬਾਰੇ ਜਾਣਕਾਰੀ ਦਿੱਤੀ ਹੈ। ਟੈਨੇਸੀ ਹਾਈਵੇਅ ਪੈਟਰੋਲ ਦੇ ਇੱਕ ਬਿਆਨ ਅਨੁਸਾਰ, ਇਹ ਹਾਦਸਾ ਸੋਮਵਾਰ ਸ਼ਾਮ ਨੂੰ ਮੈਡੀਸਨ ਕਾਉਂਟੀ ਦੇ ਇੱਕ ਹਾਈਵੇਅ 'ਤੇ ਵਾਪਰਿਆ ਹੈ।


ਟੈਨੇਸੀ ਡਿਪਾਰਟਮੈਂਟ ਆਫ਼ ਸੇਫਟੀ ਐਂਡ ਹੋਮਲੈਂਡ ਸਿਕਿਓਰਿਟੀ ਦੇ ਵਿਸ਼ੇਸ਼ ਏਜੰਟ ਅਤੇ ਬੁਲਾਰੇ ਜੇਸਨ ਪੈਕ ਦੇ ਅਨੁਸਾਰ ਹਾਦਸੇ ਵਿੱਚ ਘੱਟੋ-ਘੱਟ ਦੋ ਲੋਕਾਂ ਦੀ ਮੌਤ ਹੋ ਗਈ ਹੈ। ਮੈਡੀਸਨ ਕਾਉਂਟੀ ਫਾਇਰ ਡਿਪਾਰਟਮੈਂਟ ਵੱਲੋਂ ਸੋਸ਼ਲ ਮੀਡੀਆ 'ਤੇ ਇੱਕ ਪੋਸਟ ਦੇ ਅਨੁਸਾਰ ਇਸ ਘਟਨਾ ਵਿੱਚ ਲਗਭਗ 40 ਲੋਕ ਜ਼ਖਮੀ ਹੋਏ ਹਨ, ਜਿਨ੍ਹਾਂ ਵਿੱਚੋਂ 27 ਨੂੰ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।

ਬੱਸ ਸੰਚਾਲਨ ਕੰਪਨੀ ਦੇ ਬੁਲਾਰੇ ਨੇ ਦੱਸਿਆ ਕਿ ਬੱਸ ਯਾਤਰੀਆਂ ਨੂੰ ਮੈਮਫ਼ਿਸ ਤੋਂ ਨੈਸ਼ਵਿਲ ਲੈ ਕੇ ਜਾ ਰਹੀ ਸੀ। ਉਨ੍ਹਾਂ ਕਿਹਾ ਕਿ ਹਸਪਤਾਲ ਵਿੱਚ ਦਾਖਲ ਜ਼ਿਆਦਾਤਰ ਲੋਕਾਂ ਨੂੰ ਛੁੱਟੀ ਦੇ ਦਿੱਤੀ ਗਈ ਹੈ। ਹਾਦਸੇ ਦੇ ਕਾਰਨਾਂ ਦੀ ਵੀ ਜਾਂਚ ਕੀਤੀ ਜਾ ਰਹੀ ਹੈ। ਦੱਸ ਦੇਈਏ ਕਿ ਹਾਲ ਹੀ ਵਿੱਚ ਅਮਰੀਕਾ ਦੇ ਲਾਸ ਏਂਜਲਸ ਵਿੱਚ ਵੀ ਇੱਕ ਦਰਦਨਾਕ ਸੜਕ ਹਾਦਸਾ ਵਾਪਰਿਆ ਸੀ।

ਇਸ ਹਾਦਸੇ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ ਅਤੇ ਦੋ ਲੋਕ ਗੰਭੀਰ ਜ਼ਖਮੀ ਹੋ ਗਏ। ਇਸ ਹਾਦਸੇ ਵਿੱਚ 30 ਲੋਕ ਜ਼ਖਮੀ ਵੀ ਹੋਏ ਹਨ। ਇਹ ਹਾਦਸਾ ਉਸ ਸਮੇਂ ਵਾਪਰਿਆ ਜਦੋਂ ਇੱਕ ਬੱਸ ਅਤੇ ਇੱਕ ਸ਼ੂਜ਼ ਦੀ ਭਿਆਨਕ ਟੱਕਰ ਹੋ ਗਈ। ਟੱਕਰ ਤੋਂ ਬਾਅਦ ਸ਼ੂਜ਼ ਨੂੰ ਅੱਗ ਲੱਗ ਗਈ ਸੀ।

# ਕੈਨੇਡਾ :20 ਹਜ਼ਾਰ ਪ੍ਰਵਾਸੀਆਂ ਦੀ ਪੀ.ਆਰ. 'ਤੇ ਚੱਲਿਆ ਆਰਾ

## ਵਸੋਂ ਵਿਚ ਵਾਧੇ ਦੀ ਰਫ਼ਤਾਰ 4 ਸਾਲ ਦੇ ਹੇਠਲੇ ਪੱਧਰ 'ਤੇ ਆਈ




ਟੋਰਾਂਟੋ : ਕੈਨੇਡਾ ਦੀ ਪੀ.ਆਰ. ਉਡੀਕ ਰਹੇ ਹਜ਼ਾਰਾਂ ਲੋਕਾਂ ਦੀਆਂ ਉਮੀਦਾਂ 'ਤੇ ਪਾਣੀ ਫਿਰ ਗਿਆ ਜਦੋਂ ਇੰਮੀਗ੍ਰੇਸ਼ਨ ਵਿਭਾਗ ਵੱਲੋਂ ਨਵੇਂ ਆ ਰਹੇ ਪ੍ਰਵਾਸੀਆਂ ਦੀ ਗਿਣਤੀ ਵਿਚ 15 ਫ਼ੀ ਸਦੀ ਕਟੌਤੀ ਕਰ ਦਿਤੀ ਗਈ। 'ਨੈਸ਼ਨਲ ਪੋਸਟ' ਦੀ ਰਿਪੋਰਟ ਮੁਤਾਬਕ ਵਿਜ਼ਟਰ ਵੀਜ਼ਾ, ਸਟੱਡੀ ਵੀਜ਼ਾ ਅਤੇ ਵਰਕ ਪਰਮਿਟ ਵਾਲੇ ਪਾਸੇ ਆਰਾ ਚਲਾਉਣ ਮਗਰੋਂ ਪੀ.ਆਰ. ਲੈ ਕੇ ਕੈਨੇਡਾ ਆਉਣ ਵਾਲਿਆਂ ਦੀ ਗਿਣਤੀ ਵਿਚ ਤਕਰੀਬਨ 20 ਹਜ਼ਾਰ ਦੀ ਕਟੌਤੀ ਆ ਚੁੱਕੀ ਹੈ ਪਰ ਦੂਜੇ ਪਾਸੇ ਇੰਮੀਗ੍ਰੇਸ਼ਨ ਬੰਦਿਸ਼ਾਂ ਸਦਕਾ ਕੈਨੇਡੀਅਨ ਵਸੋਂ ਵਿਚ ਵਾਧਾ ਪਿਛਲੇ ਚਾਰ ਸਾਲ ਦੇ ਹੇਠਲੇ ਪੱਧਰ 'ਤੇ ਚੁੱਕਾ ਹੈ। ਸਟੈਟਕੈਨ ਦੇ ਅੰਕੜਿਆਂ ਮੁਤਾਬਕ 1 ਜਨਵਰੀ 2025 ਨੂੰ ਕੈਨੇਡਾ ਦੀ ਆਬਾਦੀ 4 ਕਰੋੜ 15 ਲੱਖ, 28 ਹਜ਼ਾਰ ਅਤੇ 680 ਤੱਕ ਪੁੱਜ ਗਈ।

ਅਕਤੂਬਰ 2024 ਤੋਂ ਦਸੰਬਰ 2024 ਦਰਮਿਆਨ 63,382 ਵਾਧਾ ਹੋਇਆ ਜਦਕਿ ਇਸ ਤੋਂ ਪਿਛਲੀਆਂ ਦੋ ਤਿਮਾਹੀਆਂ ਦੌਰਾਨ ਵਸੋਂ ਵਿਚ 1 ਲੱਖ 76 ਹਜ਼ਾਰ ਅਤੇ 699 ਦਾ ਵਾਧਾ ਦਰਜ ਕੀਤਾ ਗਿਆ ਸੀ। 2024 ਦੀ ਅੰਤਮ ਤਿਮਾਹੀ ਦੌਰਾਨ ਵਸੋਂ ਵਧਣ ਦੀ ਰਫ਼ਤਾਰ 0.2 ਫ਼ੀ ਸਦੀ ਰਹੀ ਜੋ 2020 ਦੀ ਅੰਤਮ ਤਿਮਾਹੀ ਦੌਰਾਨ ਹੋਏ ਵਾਧੇ ਤੋਂ ਬਾਅਦ ਸਭ ਤੋਂ ਹੇਠਲਾ ਪੱਧਰ ਰਿਹਾ। ਇਥੇ ਦਸਣਾ ਬਣਦਾ ਹੈ ਕਿ ਕੈਨੇਡਾ ਸਰਕਾਰ ਵੱਲੋਂ ਮੌਜੂਦਾ ਵਰ੍ਹੇ ਦੌਰਾਨ ਪਰਮਾਨੈਂਟ ਰੈਜ਼ੀਡੈਂਸੀ ਅਧੀਨ ਪੰਜ ਲੱਖ ਪ੍ਰਵਾਸੀ ਸੱਦਣ ਦਾ ਟੀਚਾ ਘਟਾ ਕੇ 3 ਲੱਖ 95 ਹਜ਼ਾਰ ਕੀਤਾ ਜਾ ਚੁੱਕਾ ਹੈ ਜਦਕਿ ਸਟੱਡੀ ਵੀਜ਼ਾ ਅਤੇ ਵਰਕ ਪਰਮਿਟ ਸ਼੍ਰੇਣੀਆਂ ਵਿਚ ਕੁਲ 6 ਲੱਖ 73 ਹਜ਼ਾਰ ਟੈਂਪਰੇਰੀ ਵੀਜ਼ੇ ਜਾਰੀ ਕਰਨ ਦਾ ਟੀਚਾ ਰੱਖਿਆ ਗਿਆ ਹੈ ਪਰ ਮਾਰਕ ਕਾਰਨੀ ਦੀ ਅਗਵਾਈ ਵਾਲੀ ਸਰਕਾਰ ਇਨ੍ਹਾਂ ਟੀਚਿਆਂ ਵਿਚ ਹੋਰ ਕਟੌਤੀ ਕਰ ਸਕਦੀ ਹੈ।

ਸਟੂਡੈਂਟ ਵੀਜ਼ਾ ਅਤੇ ਵਰਕ ਪਰਮਿਟ ਨਾਲ ਸਬੰਧਤ ਅਰਜ਼ੀਆਂ ਦਾ ਜ਼ਿਕਰ ਕੀਤਾ ਜਾਵੇ ਤਾਂ ਮੌਜੂਦਾ ਵਰ੍ਹੇ ਦੇ ਪਹਿਲੇ ਤਿੰਨ ਮਹੀਨੇ ਦੌਰਾਨ 1 ਲੱਖ 59 ਹਜ਼ਾਰ ਸਟੱਡੀ ਵੀਜ਼ਾ ਅਰਜ਼ੀਆਂ ਦਾ ਨਿਪਟਾਰਾ ਕੀਤਾ ਗਿਆ ਜਦਕਿ ਵਰਕ ਪਰਮਿਟ ਵਿਚ ਵਾਧੇ ਅਤੇ ਨਵੇਂ ਵਰਕ ਪਰਮਿਟ ਵਾਲੀਆਂ 3 ਲੱਖ 96 ਹਜ਼ਾਰ ਅਰਜ਼ੀਆਂ ਦੀ ਪ੍ਰੋਸੈਸਿੰਗ ਮੁਕੰਮਲ ਕੀਤੀ ਗਈ।

### ਆਰਜ਼ੀ ਵੀਜ਼ਿਆਂ ਵਿਚ ਹੋਰ ਕਟੌਤੀ ਹੋਣ ਦੇ ਆਸਾਰ

ਦੂਜੇ ਪਾਸੇ ਵਿਜ਼ਟਰ ਵੀਜ਼ਾ 'ਤੇ ਕੈਨੇਡਾ ਪੁੱਜੇ ਲੋਕ ਆਪਣੀ ਵੀਜ਼ਾ ਮਿਆਦ ਵਿਚ ਵਾਧਾ ਕਰਵਾਉਂਦਿਆਂ ਵੱਧ ਤੋਂ ਵੱਧ ਸਮਾਂ ਮੁਲਕ ਵਿਚ ਰਹਿਣ ਨੂੰ ਤਰਜੀਹ ਦੇ ਰਹੇ ਹਨ। 2019 ਵਿਚ ਅਜਿਹੇ ਲੋਕਾਂ ਦੀ ਗਿਣਤੀ 1 ਲੱਖ 97 ਹਜ਼ਾਰ ਦਰਜ ਕੀਤੀ ਗਈ ਜੋ 2024 ਤੱਕ ਵਧ ਕੇ 3 ਲੱਖ 90 ਹਜ਼ਾਰ ਦੇ ਨੇੜੇ ਪੁੱਜਦੀ ਨਜ਼ਰ ਆਈ। 2024 ਦੇ ਹੈਰਾਨਕੁੰਨ ਅੰਕੜੇ ਦਰਸਾਉਂਦੇ ਹਨ ਕਿ ਟੈਂਪਰੇਰੀ ਰੈਜ਼ੀਡੈਂਟ ਦੀਆਂ ਕੁਲ ਅਰਜ਼ੀਆਂ ਵਿਚੋਂ 50 ਫ਼ੀ ਸਦੀ ਸਿੱਧੇ ਤੌਰ 'ਤੇ ਰੱਦ ਹੋ ਗਈਆਂ ਅਤੇ ਇਹ ਅੰਕੜਾ 23 ਲੱਖ 50 ਹਜ਼ਾਰ ਰਿਹਾ। 2023 ਵਿਚ 18 ਲੱਖ ਵੀਜ਼ਾ ਅਰਜ਼ੀਆਂ ਰੱਦ ਕੀਤੀਆਂ ਗਈਆਂ ਸਨ। ਸਭ ਤੋਂ ਵੱਧ ਸਖ਼ਤੀ ਵਿਜ਼ਟਰ ਵੀਜ਼ਾ ਮੰਗਣ ਵਾਲਿਆਂ ਨਾਲ ਵਰਤੀ ਗਈ ਅਤੇ 54 ਫ਼ੀ ਸਦੀ ਅਰਜ਼ੀਆਂ ਰੱਦ ਹੋਈਆਂ ਜਦਕਿ 2023 ਵਿਚ 40 ਫੀ ਸਦੀ ਅਰਜ਼ੀਆਂ ਰੱਦ ਹੋਈਆਂ ਸਨ।


# ਅਮਰੀਕਾ ਦੇ ਦੱਖਣੀ ਕੈਰੋਲੀਨਾ 'ਚ ਹੋਈ ਅੰਨ੍ਹੇਵਾਹ ਗੋਲੀਬਾਰੀ, 11 ਲੋਕ ਜ਼ਖਮੀ



ਅਮਰੀਕਾ ਦੇ ਦੱਖਣੀ ਕੈਰੋਲੀਨਾ ਦੇ ਇੱਕ ਤੱਟਵਰਤੀ ਸ਼ਹਿਰ ਵਿੱਚ ਗੋਲੀਬਾਰੀ ਵਿੱਚ ਘੱਟੋ-ਘੱਟ 11 ਲੋਕ ਜ਼ਖਮੀ ਹੋ ਗਏ ਹਨ। ਅਧਿਕਾਰੀਆਂ ਨੇ ਇਸ ਘਟਨਾ ਬਾਰੇ ਜਾਣਕਾਰੀ ਦਿੱਤੀ ਹੈ। ਅਧਿਕਾਰੀਆਂ ਨੇ ਦੱਸਿਆ ਕਿ ਰਾਤ 9:30 ਵਜੇ ਦੇ ਕਰੀਬ ਹੋਈ ਗੋਲੀਬਾਰੀ ਵਿੱਚ ਜ਼ਖਮੀ ਹੋਏ ਲੋਕਾਂ ਨੂੰ ਲਿਟਲ ਰਿਵਰ ਵਿੱਚ ਇੱਕ ਹਸਪਤਾਲ ਲਿਜਾਇਆ ਗਿਆ ਹੈ। ਹੋਰੀ ਕਾਉਂਟੀ ਪੁਲਿਸ ਨੇ ਗੋਲੀਬਾਰੀ ਤੋਂ ਬਾਅਦ ਕਿਸੇ ਵੀ ਜ਼ਖਮੀ ਵਿਅਕਤੀ ਦੀ ਹਾਲਤ ਜਾਰੀ ਨਹੀਂ ਕੀਤੀ ਹੈ। ਹੋਰੀ ਕਾਉਂਟੀ ਪੁਲਿਸ ਨੇ ਸੋਸ਼ਲ ਮੀਡੀਆ 'ਤੇ ਕਿਹਾ ਕਿ ਜਾਂਚਕਰਤਾਵਾਂ ਨੂੰ ਨਿੱਜੀ ਵਾਹਨਾਂ ਵਿੱਚ ਹਸਪਤਾਲ ਪਹੁੰਚਣ ਵਾਲੇ ਵਾਧੂ ਲੋਕਾਂ ਬਾਰੇ ਜਾਣਕਾਰੀ ਮਿਲੀ ਹੈ। ਅਧਿਕਾਰੀਆਂ ਨੇ ਸ਼ੱਕੀਆਂ ਬਾਰੇ ਜਾਂ ਗੋਲੀਬਾਰੀ ਦੇ ਕਾਰਨ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ ਹੈ। ਲਿਟਲ ਰਿਵਰ ਮਿਰਟਲ ਬੀਚ ਤੋਂ ਲਗਭਗ 20 ਮੀਲ (32 ਕਿਲੋਮੀਟਰ) ਉੱਤਰ-ਪੂਰਬ ਵੱਲ ਹੈ। ਰਿਪੋਰਟਾਂ ਦੇ ਅਨੁਸਾਰ, ਪਿਛਲੇ 50 ਸਾਲਾਂ ਵਿੱਚ ਇਸ ਬੰਦੂਕ ਸੱਭਿਆਚਾਰ ਕਾਰਨ 15 ਲੱਖ ਤੋਂ ਵੱਧ ਅਮਰੀਕੀ ਲੋਕਾਂ ਨੇ ਆਪਣੀਆਂ ਜਾਨਾਂ ਗੁਆ ਦਿੱਤੀਆਂ ਹਨ। ਅਮਰੀਕਾ ਦੀ ਆਬਾਦੀ ਲਗਭਗ 33 ਕਰੋੜ ਹੈ ਪਰ ਹਥਿਆਰਾਂ ਦੀ ਗਿਣਤੀ 40 ਕਰੋੜ ਤੋਂ ਵੱਧ ਹੈ। ਅਮਰੀਕਾ ਦੇ ਨਿਯਮਾਂ ਅਨੁਸਾਰ, ਰਾਈਫਲ ਜਾਂ ਛੋਟੀ ਬੰਦੂਕ ਖਰੀਦਣ ਲਈ ਘੱਟੋ-ਘੱਟ ਉਮਰ ਸੀਮਾ 18 ਸਾਲ ਹੈ ਅਤੇ ਹੋਰ ਹਥਿਆਰਾਂ ਲਈ ਇਹ 21 ਸਾਲ ਹੈ।

# ਕੈਨੇਡਾ 'ਚ ਦਰਦਨਾਕ ਹਾਦਸੇ ਦੌਰਾਨ 5 ਜਣਿਆਂ ਦੀ ਮੌਤ

## ਵਾਕਰਟਨ ਕਸਬੇ ਦੀਆਂ 4 ਖਿਡਾਰਨਾਂ ਅਤੇ ਕੋਚ ਵਜੋਂ ਹੋਈ ਸ਼ਨਾਖ਼ਤ



ਵਾਕਰਟਨ : ਉਨਟਾਰੀਓ ਦੇ ਦੱਖਣ ਪੱਛਮੀ ਇਲਾਕੇ ਵਿਚ ਹੌਲਨਾਕ ਹਾਦਸੇ ਦੌਰਾਨ ਜਾਨ ਗਵਾਉਣ ਵਾਲੇ ਵਿਦਿਆਰਥੀਆਂ ਅਤੇ ਅਧਿਆਪਕ ਦੀ ਪਛਾਣ ਜਨਤਕ ਕਰ ਦਿਤੀ ਗਈ ਹੈ ਅਤੇ ਐਤਵਾਰ ਨੂੰ ਪੂਰਾ ਵੌਕਰਟਨ ਕਸਬਾ ਪੰਜ ਜਣਿਆਂ ਨੂੰ ਸ਼ਰਧਾਂਜਲੀ ਦੇਣ ਪੁੱਜਾ। ਮਰਨ ਵਾਲਿਆਂ ਵਿਚ 16 ਅਤੇ 17 ਸਾਲ ਉਮਰ ਦੀਆਂ ਚਾਰ ਕੁੜੀਆਂ ਅਤੇ ਉਨ੍ਹਾਂ ਦਾ 33 ਸਾਲਾ ਕੋਚ ਮੈਟ ਐਕਰਟ ਸ਼ਾਮਲ ਹੈ। ਇਹ ਸਾਰੇ ਸਾਫ਼ਟਬਾਲ ਟੂਰਨਾਮੈਂਟ ਵਿਚ ਹਿੱਸਾ ਲੈਣ ਮਗਰੋਂ ਪਰਤ ਰਹੇ ਸਨ ਜਦੋਂ ਲੰਡਨ ਦੇ ਬਾਹਰ ਇਕ ਟਰੱਕ ਸਣੇ ਕਈ ਗੱਡੀਆਂ ਦੀ ਟੱਕਰ ਹੋ ਗਈ।

ਬਰੌਕਟਨ ਦੇ ਮੇਅਰ ਕ੍ਰਿਸ ਪੀਬੌਡੀ ਨੇ ਹਾਦਸੇ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕਰਦਿਆਂ ਕਿਹਾ ਕਿ ਐਨੇ ਵੱਡੇ ਜਾਨੀ ਨੁਕਸਾਨ ਮਗਰੋਂ ਕਮਿਊਨਿਟੀ ਧੁਰ ਅੰਦਰੋਂ ਕੰਬ ਗਈ। ਮਰਨ ਵਾਲਿਆਂ ਵਿਚ ਜੌੜੀਆਂ ਭੈਣਾਂ ਵੀ ਸ਼ਾਮਲ ਹਨ ਜਿਨ੍ਹਾਂ ਦਾ ਪਰਵਾਰ ਦਾ ਦੁੱਖ ਬਿਆਨ ਨਹੀਂ ਕੀਤਾ ਜਾ ਸਕਦਾ। ਵੌਕਰਟਨ ਸਕੂਲ ਦੇ ਬਾਹਰ ਲੱਗੇ ਝੰਡੇ ਅੱਧੇ ਝੁਕਾਅ ਦਿਤੇ ਗਏ। 15 ਸਾਲ ਦੇ ਕੀਗਨ ਪੈਡਫੀਲਡ ਨੇ ਦੱਸਿਆ ਕਿ ਉਹ ਕੋਚ ਐਕਰਟ ਸਣੇ ਸਭਨਾਂ ਨੂੰ ਜਾਣਦਾ ਸੀ। ਸਾਫ਼ਟਬਾਲ ਦੀਆਂ ਬਿਹਤਰੀਨੀ ਖਿਡਾਰਨਾਂ ਹੁਣ ਕਦੇ ਵੀ ਸਕੂਲ ਵਿਚ ਖੇਡਦੀਆਂ ਨਜ਼ਰ ਨਹੀਂ ਆਉਣਗੀਆਂ। ਇਸੇ ਦੌਰਾਨ ਉਨਟਾਰੀਓ ਪ੍ਰੋਵਿਨਸ਼ੀਅਲ ਪੁਲਿਸ ਨੇ ਦੱਸਿਆ ਕਿ ਮਾਮਲੇ ਦੀ ਪੜਤਾਲ ਚੱਲਰਹੀ ਹੈ। ਉਨਟਾਰੀਓ ਦੇ ਡੌਰਚੈਸਟਰ ਵਿਖੇ ਸਲੋਅ ਪਿੱਚ ਟੂਰਨਾਮੈਂਟ ਤੋਂ ਪਰਤ ਰਹੀ ਟੀਮ ਦੀ ਗੱਡੀ ਥੌਰਨਡੇਲ ਅਤੇ ਕੌਬਲ ਹਿਲ ਰੋਡ 'ਤੇ ਹਾਦਸੇ ਦਾ ਸ਼ਿਕਾਰ ਹੋਈ। ਪਹਿਲਾਂ ਇਕ ਟ੍ਰਾਂਸਪੋਰਟ ਟਰੱਕ ਨੇ ਟੱਕਰ ਮਾਰੀ ਅਤੇ ਫਿਰ ਇਕ ਐਸ.ਯੂ.ਵੀ. ਨੇ ਵੀ ਟੱਕਰ ਮਾਰ ਦਿਤੀ।

### ਸੋਗ ਵਿਚ ਡੁੱਬਿਆ ਕਸਬਾ, ਸ਼ਰਧਾਂਜਲੀਆਂ ਦੇਣ ਪੁੱਜੇ ਲੋਕ

ਫਿਲਹਾਲ ਜਾਂਚਕਰਤਾਵਾਂ ਵੱਲੋਂ ਜਨਤਕ ਨਹੀਂ ਕੀਤਾ ਗਿਆ ਕਿ ਆਖਰਕਾਰ ਇੰਟਰਸੈਕਸ਼ਨ 'ਤੇ ਕੀ ਕੁਝ ਵਾਪਰਿਆ। ਪੁਲਿਸ ਮੁਤਾਬਕ 17 ਸਾਲ ਦੀਆਂ ਦੋ ਕੁੜੀਆਂ ਅਤੇ 16 ਸਾਲ ਦੀ ਇਕ ਕੁੜੀ ਨੇ ਮੌਕੇ 'ਤੇ ਹੀ ਦਮ ਤੋੜ ਦਿਤਾ ਜਦਕਿ 16 ਸਾਲ ਦੀ ਇਕ ਹੋਰ ਕੁੜੀ ਅਤੇ ਕੋਚ ਐਕਰਟ ਨੂੰ ਨਾਜ਼ੁਕ ਹਾਲਤ ਵਿਚ ਹਸਪਤਾਲ ਲਿਜਾਇਆ ਗਿਆ ਪਰ ਦੋਹਾਂ ਨੇ ਜ਼ਖਮਾਂ ਦੀ ਤਾਬ ਨਾ ਝਲਦਿਆਂ ਦਮ ਤੋੜ ਦਿਤਾ। ਦੂਜੀ ਐਸ.ਯੂ.ਵੀ. ਵਿਚ ਸਵਾਰ ਦੋ ਜਣਿਆਂ ਅਤੇ ਟਰੱਕ ਡਰਾਈਵਰ ਨੂੰ ਮਾਮੂਲੀ ਸੱਟਾਂ ਵੱਜੀਆਂ ਜਿਨ੍ਹਾਂ ਨੂੰ ਜਲਦ ਹੀ ਹਸਪਤਾਲ ਤੋਂ ਛੁੱਟੀ ਦੇ ਦਿਤੀ ਗਈ।

# ਅਮਰੀਕਾ-ਕੈਨੇਡਾ ਸਰਹੱਦ 'ਤੇ ਭਾਰਤੀ ਪਰਵਾਰ ਦੀ ਮੌਤ ਦੇ ਮਾਮਲੇ 'ਚ ਦੋਸ਼ੀ ਨੂੰ 10 ਸਾਲ ਦੀ ਕੈਦ



ਕੈਨੇਡੀਅਨ ਸਰਹੱਦ ਦੇ ਇੱਕ ਦੂਰ-ਦੁਰਾਡੇ ਹਿੱਸੇ ਤੋਂ ਅਮਰੀਕਾ ਵਿੱਚ ਦਾਖ਼ਲ ਹੋਣ ਦੀ ਕੋਸ਼ਿਸ਼ ਕਰਦੇ ਸਮੇਂ ਇੱਕ ਭਾਰਤੀ ਪਰਵਾਰ ਦੇ ਚਾਰ ਮੈਂਬਰਾਂ ਦੀ ਠੰਢ ਨਾਲ ਮੌਤ ਤੋਂ ਤਿੰਨ ਸਾਲ ਤੋਂ ਵੱਧ ਸਮੇਂ ਬਾਅਦ, ਇੱਕ ਅੰਤਰਰਾਸ਼ਟਰੀ ਮਨੁੱਖੀ ਤਸਕਰੀ ਸਾਜ਼ਿਸ਼ ਦੇ ਕਥਿਤ ਸਰਗਨਾ ਨੂੰ ਬੁੱਧਵਾਰ ਨੂੰ ਮਿਨੀਸੋਟਾ ਵਿੱਚ 10 ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਸੰਘੀ ਵਕੀਲਾਂ ਨੇ ਕਥਿਤ ਸਰਗਨਾ ਹਰਸ਼ਕੁਮਾਰ ਰਮਨਲਾਲ ਪਟੇਲ ਲਈ ਲਗਭਗ 20 ਸਾਲ ਕੈਦ ਅਤੇ ਪਰਵਾਰ ਨੂੰ ਲਿਆਉਣ ਵਾਲੇ ਡਰਾਈਵਰ, ਸਟੀਵ ਐਂਥਨੀ ਸ਼ੈਂਡ ਲਈ ਲਗਭਗ 11 ਸਾਲ ਕੈਦ ਦੀ ਸਜ਼ਾ ਦੀ ਸਿਫ਼ਾਰਸ਼ ਕੀਤੀ ਸੀ। ਸ਼ੈਂਡ ਨੂੰ ਵੀ ਬੁੱਧਵਾਰ ਨੂੰ ਸਜ਼ਾ ਸੁਣਾਈ ਜਾਣੀ ਸੀ। ਅਧਿਕਾਰੀਆਂ ਅਨੁਸਾਰ, 39 ਸਾਲਾ ਜਗਦੀਸ਼ ਪਟੇਲ, ਉਸਦੀ ਪਤਨੀ ਵੈਸ਼ਾਲੀਬੇਨ, ਜੋ ਕਿ 30 ਸਾਲਾਂ ਦੀ ਸੀ, ਉਨ੍ਹਾਂ ਦੀ 11 ਸਾਲਾ ਧੀ ਵਿਹਾਂਗੀ ਅਤੇ 3 ਸਾਲਾ ਪੁੱਤਰ ਧਰਮਿਕ ਦੀ ਠੰਢ ਕਾਰਨ ਮੌਤ ਹੋ ਗਈ ਸੀ। ਰਾਇਲ ਕੈਨੇਡੀਅਨ ਮਾਊਂਟੇਡ ਪੁਲਿਸ ਨੂੰ ਉਨ੍ਹਾਂ ਦੀਆਂ ਲਾਸ਼ਾਂ 19 ਜਨਵਰੀ, 2022 ਨੂੰ ਮੈਨੀਟੋਬਾ ਅਤੇ ਮਿਨੀਸੋਟਾ ਦੀ ਸਰਹੱਦ ਦੇ ਉੱਤਰ ਵਿੱਚ ਮਿਲੀਆਂ। ਹਰਸ਼ਕੁਮਾਰ ਪਟੇਲ ਅਤੇ ਉਨ੍ਹਾਂ ਦਾ ਪਰਵਾਰ ਗੁਜਰਾਤ ਦੇ ਡਿੰਗੁਚਾ ਪਿੰਡ ਤੋਂ ਸਨ।

## ਵੈਨਕੂਵਰ 'ਚ ਹੋਏ ਬੱਸ ਹਾਦਸੇ 'ਚ ਬੱਚੇ ਦੀ ਮੌਤ, ਦੋ ਔਰਤਾਂ ਜ਼ਖ਼ਮੀ

ਵੈਨਕੂਵਰ ਵਿਚ ਬੀਤੇ ਦਿਨ ਵੈਸਟ ਵੈਨਕੂਵਰ 'ਚ ਫੈਰੀ ਟਰਮੀਨਲ ਨਜ਼ਦੀਕ ਇੱਕ ਬੱਸ ਦੀ ਟੱਕਰ ਹੋਣ ਕਾਰਨ ਇੱਕ ਬੱਚੇ ਦੀ ਮੌਤ ਹੋ ਗਈ ਜਦੋਂ ਕਿ ਦੋ ਹੋਰ ਔਰਤਾਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈਆਂ। ਪ੍ਰਾਪਤ ਵੇਰਵਿਆਂ ਮੁਤਾਬਕ ਇਹ ਹਾਦਸਾ ਉਸ ਵਕਤ ਵਾਪਰਿਆ ਜਦੋਂ ਹਾਦਸੇ ਵਾਲੀ ਥਾਂ ਤੋਂ ਪੈਦਲ ਲੰਘ ਰਹੇ ਇੱਕ ਬੱਚੇ ਅਤੇ ਦੋ ਔਰਤਾਂ ਨੂੰ ਸਵਾਰੀਆਂ ਵਾਲੀ ਬੱਸ ਨੇ ਟੱਕਰ ਮਾਰ ਦਿੱਤੀ। ਜਿਸ ਮਗਰੋਂ ਬੱਚੇ ਦੀ ਮੌਕੇ 'ਤੇ ਮੌਤ ਹੋ ਗਈ ਜਦੋਂ ਕਿ ਦੋ ਔਰਤਾਂ ਗੰਭੀਰ ਰੂਪ ਵਿੱਚ ਜ਼ਖ਼ਮੀ ਹੋ ਗਈਆਂ। ਵੈਨਕੂਵਰ ਪੁਲਿਸ ਅਤੇ ਟਰਾਂਜਿਟ ਵਿਭਾਗ ਵੱਲੋਂ ਇਸ ਸਬੰਧੀ ਅਗਲੇਰੀ ਜਾਂਚ ਸ਼ੁਰੂ ਕਰ ਦਿੱਤੀ ਗਈ ਹੈ।

# ਟਰੰਪ ਦੇ 'ਅੱਗ' ਵਾਲੇ ਬਿਆਨ 'ਤੇ ਭੜਕਿਆ ਰੂਸ

## ਦਿੱਤੀ ਤੀਜੇ ਵਿਸ਼ਵ ਯੁੱਧ ਦੀ ਧਮਕੀ

ਰੂਸ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ 'ਅੱਗ ਨਾਲ ਖੇਡਣ ਵਾਲੇ' ਦੇ ਬਿਆਨ 'ਤੇ ਭੜਕ ਗਿਆ ਹੈ। ਰੂਸ ਦੇ ਡਿਪਟੀ ਐਨਐਸਏ (ਅਤੇ ਸਾਬਕਾ ਪ੍ਰਧਾਨ ਮੰਤਰੀ) ਦਮਿਤਰੀ ਮੇਦਵੇਦੇਵ ਨੇ ਤੀਜੇ ਵਿਸ਼ਵ ਯੁੱਧ ਦੀ ਧਮਕੀ ਦੇ ਕੇ ਪਲਟਵਾਰ ਕੀਤਾ ਹੈ, ਜਿਸ ਤੋਂ ਬਾਅਦ ਦੋਵਾਂ ਮਹਾਂਸ਼ਕਤੀਆਂ ਵਿਚਕਾਰ ਇੱਕ ਵਾਰ ਫਿਰ ਤਣਾਅ ਵਧ ਗਿਆ ਹੈ।

ਡੋਨਾਲਡ ਟਰੰਪ ਨੇ ਹਾਲ ਹੀ ਵਿੱਚ ਪੁਤਿਨ ਨੂੰ ਕ੍ਰੇਜ਼ੀ ਕਿਹਾ ਅਤੇ ਰੂਸ ਦੇ ਪਤਨ ਦੀ ਧਮਕੀ ਦਿੱਤੀ, ਜਿਸ ਕਾਰਨ ਪੁਤਿਨ ਪ੍ਰਸ਼ਾਸਨ ਵਿੱਚ ਭਾਰੀ ਨਾਰਾਜ਼ਗੀ ਹੈ। ਰੂਸ ਅਤੇ ਯੂਕਰੇਨ ਵਿਚਕਾਰ ਜੰਗਬੰਦੀ ਜਾਂ ਸਥਾਈ ਤੌਰ 'ਤੇ ਜੰਗ ਸਮਾਪਤੀ ਤਾਂ ਦੂਰ, ਅਮਰੀਕਾ ਅਤੇ ਰੂਸ ਵਿਚਕਾਰ ਤਲਖੀ ਵਧ ਚੁੱਕੀ ਹੈ। ਟਰੰਪ ਦੇ ਵਾਰ-ਵਾਰ ਯਤਨਾਂ ਦੇ ਬਾਵਜੂਦ, ਪੁਤਿਨ ਨਹੀਂ ਟਲ ਰਹੇ ਹਨ। ਰੂਸ ਨੇ ਸਪੱਸ਼ਟ ਤੌਰ 'ਤੇ ਕਿਹਾ ਹੈ ਕਿ ਜੰਗਬੰਦੀ ਉਦੋਂ ਹੀ ਹੋਵੇਗੀ ਜਦੋਂ ਯੂਕਰੇਨ ਨਾਲ ਸਮਝੌਤਾ ਹੋ ਜਾਵੇਗਾ। ਰੂਸ ਦੇ ਇਸ ਬਿਆਨ ਤੋਂ ਬਾਅਦ ਟਰੰਪ ਨੇ ਰੂਸ ਨੂੰ ਧਮਕਾਇਆ, ਪਰ ਹੁਣ ਰੂਸ ਨੇ ਵੀ ਟਰੰਪ 'ਤੇ ਪਲਟਵਾਰ ਕੀਤਾ ਹੈ। ਰੂਸ ਦੀ ਸੁਰੱਖਿਆ ਪ੍ਰੀਸ਼ਦ ਦੇ ਡਿਪਟੀ ਚੇਅਰਮੈਨ ਦਮਿਤਰੀ ਮੇਦਵੇਦੇਵ ਨੇ ਕਿਹਾ, 'ਟਰੰਪ ਨੇ ਪੁਤਿਨ ਬਾਰੇ ਕਿਹਾ ਹੈ ਕਿ ਉਹ ਅੱਗ ਨਾਲ ਖੇਡ ਰਹੇ ਹਨ ਅਤੇ ਉਹ ਰੂਸ ਨਾਲ ਕੁਝ ਬੁਰਾ ਕਰ ਸਕਦੇ ਹਨ। ਮੈਂ ਸਿਰਫ ਇੱਕ ਬੁਰੀ ਗੱਲ ਜਾਣਦਾ ਹਾਂ ਅਤੇ ਉਹ ਹੈ ਤੀਜਾ ਵਿਸ਼ਵ ਯੁੱਧ। ਉਮੀਦ ਹੈ ਕਿ ਟਰੰਪ ਇਸ ਨੂੰ ਸਮਝਣਗੇ।'

ਪੁਤਿਨ 'ਤੇ ਟਰੰਪ ਦੇ ਹਮਲੇ ਜਾਰੀ ਹਨ। ਟਰੰਪ ਰੂਸ-ਯੂਕਰੇਨ ਯੁੱਧ ਨੂੰ ਖਤਮ ਨਾ ਕਰ ਸਕਣ 'ਤੇ ਬਹੁਤ ਗੁੱਸੇ ਹਨ। ਸਾਰੇ ਮਨਾਉਣ ਦੇ ਬਾਵਜੂਦ, ਟਰੰਪ ਪੁਤਿਨ ਨੂੰ ਮਨਾਉਣ ਵਿੱਚ ਅਸਫਲ ਰਹੇ ਹਨ। ਉਨ੍ਹਾਂ ਨੇ ਵਪਾਰ ਸੌਦਿਆਂ ਨੂੰ ਲਾਲਚ ਦਿੱਤਾ ਅਤੇ ਧਮਕੀ ਦਿੱਤੀ ਹੈ, ਪਰ ਫਿਰ ਵੀ ਰੂਸ ਸਮਝੌਤੇ ਤੋਂ ਪਰੇ ਕਿਸੇ ਵੀ ਚੀਜ਼ ਬਾਰੇ ਗੱਲ ਕਰਨ ਲਈ ਤਿਆਰ ਨਹੀਂ ਹੈ। ਅਜਿਹੀ ਸਥਿਤੀ ਵਿੱਚ ਟਰੰਪ ਨੇ ਇੱਕ ਵਾਰ ਫਿਰ ਆਪਣਾ ਗੁੱਸਾ ਕੱਢਿਆ ਹੈ। ਟਰੁੱਥ ਸੋਸ਼ਲ 'ਤੇ ਇੱਕ ਪੋਸਟ ਵਿੱਚ, ਟਰੰਪ ਨੇ ਕਿਹਾ, 'ਵਲਾਦੀਮੀਰ ਪੁਤਿਨ ਨੂੰ ਇਹ ਅਹਿਸਾਸ ਨਹੀਂ ਹੈ ਕਿ ਜੇ ਮੈਂ ਉੱਥੇ ਨਾ ਹੁੰਦਾ, ਤਾਂ ਰੂਸ ਵਿੱਚ ਬਹੁਤ ਬੁਰੀਆਂ ਚੀਜ਼ਾਂ ਪਹਿਲਾਂ ਹੀ ਹੋ ਚੁੱਕੀਆਂ ਹੁੰਦੀਆਂ, ਅਤੇ ਮੇਰਾ ਮਤਲਬ ਹੈ ਕਿ ਬਹੁਤ ਬੁਰੀਆਂ ਚੀਜ਼ਾਂ। ਉਹ ਅੱਗ ਨਾਲ ਖੇਡ ਰਹੇ ਹਨ!' ਇਸ ਤੋਂ ਪਹਿਲਾਂ, ਟਰੰਪ ਨੇ ਪੁਤਿਨ ਨੂੰ ਕ੍ਰੇਜ਼ੀ ਵੀ ਕਿਹਾ ਸੀ। ਟਰੰਪ ਨੇ ਰੂਸ ਦੇ ਪਤਨ ਦੀ ਧਮਕੀ ਵੀ ਦਿੱਤੀ ਸੀ। ਟਰੰਪ ਨੇ ਕਿਹਾ ਸੀ, 'ਉਹ ਬਿਨਾਂ ਕਿਸੇ ਕਾਰਨ ਦੇ ਬਹੁਤ ਸਾਰੇ ਲੋਕਾਂ ਨੂੰ ਮਾਰ ਰਹੇ ਹਨ, ਅਤੇ ਮੈਂ ਸਿਰਫ਼ ਸੈਨਿਕਾਂ ਬਾਰੇ ਗੱਲ ਨਹੀਂ ਕਰ ਰਿਹਾ।

# ਅਮਰੀਕਾ 'ਚ ਉੱਚ ਸਿੱਖਿਆ ਦੇ ਇੱਛੁਕ ਵਿਦਿਆਰਥੀਆਂ ਲਈ ਅਮਰੀਕੀ ਅੰਬੈਸੀ ਨੇ ਜਾਰੀ ਕੀਤੀ ਚੇਤਾਵਨੀ

## ਪੜ੍ਹਾਈ ਛੱਡੀ ਜਾਂ ਕਲਾਸਾਂ ਨਾ ਲਗਾਈਆਂ ਤਾਂ ਵੀਜ਼ਾ ਹੋ ਸਕਦੈ ਰੱਦ



ਭਾਰਤ 'ਚ ਅਮਰੀਕੀ ਅੰਬੈਸੀ ਨੇ ਅਮਰੀਕਾ 'ਚ ਪੜ੍ਹ ਰਹੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਚਿਤਾਵਨੀ ਦਿੱਤੀ ਹੈ ਕਿ ਜੇਕਰ ਉਹ ਸਕੂਲ ਨੂੰ ਸੂਚਿਤ ਕੀਤੇ ਬਿਨਾਂ ਪੜ੍ਹਾਈ ਛੱਡ ਦਿੰਦੇ ਹਨ, ਕਲਾਸਾਂ ਨਹੀਂ ਲਗਾਉਂਦੇ ਜਾਂ ਪੜ੍ਹਾਈ ਦਾ ਪ੍ਰੋਗਰਾਮ ਬਦਲ ਲੈਂਦੇ ਹਨ ਤਾਂ ਉਨ੍ਹਾਂ ਦਾ ਵਿਦਿਆਰਥੀ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ।

ਅੰਬੈਸੀ ਨੇ 'ਐਕਸ' 'ਤੇ ਇਕ ਪੋਸਟ ਵਿਚ ਵਿਦਿਆਰਥੀਆਂ ਨੂੰ ਵੀਜ਼ਾ ਦੀਆਂ ਸ਼ਰਤਾਂ ਦੀ ਪਾਲਣਾ ਕਰਨ ਅਤੇ ਕਿਸੇ ਵੀ ਸਮੱਸਿਆ ਤੋਂ ਬਚਣ ਲਈ 'ਆਪਣੇ ਵਿਦਿਆਰਥੀ ਦਾ ਦਰਜਾ ਬਣਾਈ ਰੱਖਣ' ਦੀ ਅਪੀਲ ਕੀਤੀ।

ਅੰਬੈਸੀ ਨੇ ਕਿਹਾ, "ਜੇ ਤੁਸੀਂ ਆਪਣੇ ਸਕੂਲ ਨੂੰ ਸੂਚਿਤ ਕੀਤੇ ਬਿਨਾਂ ਪੜ੍ਹਾਈ ਛੱਡ ਦਿੰਦੇ ਹੋ, ਕਲਾਸਾਂ ਛੱਡ ਦਿੰਦੇ ਹੋ, ਜਾਂ ਆਪਣੇ ਅਧਿਐਨ ਦੇ ਪ੍ਰੋਗਰਾਮ ਨੂੰ ਛੱਡ ਦਿੰਦੇ ਹੋ, ਤਾਂ ਤੁਹਾਡਾ ਵਿਦਿਆਰਥੀ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ, ਅਤੇ ਤੁਸੀਂ ਭਵਿੱਖ ਦੇ ਅਮਰੀਕੀ ਵੀਜ਼ਾ ਲਈ ਯੋਗਤਾ ਗੁਆ ਸਕਦੇ ਹੋ। ਹਮੇਸ਼ਾ ਆਪਣੇ ਵੀਜ਼ਾ ਦੀਆਂ ਸ਼ਰਤਾਂ ਦੀ ਪਾਲਣਾ ਕਰੋ ਅਤੇ ਕਿਸੇ ਵੀ ਮੁੱਦੇ ਤੋਂ ਬਚਣ ਲਈ ਆਪਣੇ ਵਿਦਿਆਰਥੀ ਦਾ ਦਰਜਾ ਬਣਾਈ ਰੱਖੋ।"

ਅਮਰੀਕੀ ਯੂਨੀਵਰਸਿਟੀਆਂ ਵੱਡੀ ਗਿਣਤੀ ਵਿੱਚ ਭਾਰਤੀ ਵਿਦਿਆਰਥੀਆਂ ਨੂੰ ਆਕਰਸ਼ਿਤ ਕਰਦੀਆਂ ਹਨ। ਸਾਲ 2023 'ਚ ਭਾਰਤ 'ਚ ਅਮਰੀਕੀ ਅੰਬੈਸੀ ਦੀ ਟੀਮ ਨੇ 1,40,000 ਤੋਂ ਵੱਧ ਵਿਦਿਆਰਥੀ ਵੀਜ਼ਾ ਜਾਰੀ ਕੀਤੇ, ਜੋ ਕਿ ਕਿਸੇ ਵੀ ਹੋਰ ਦੇਸ਼ ਨਾਲੋਂ ਜ਼ਿਆਦਾ ਹੈ।

# ਸਾਊਦੀ ਅਰਬ ਦੇ ਹੋਟਲ 'ਚੋਂ ਦਰਬਾਰ ਸਾਹਿਬ ਦੀਆਂ ਉਤਾਰੀਆਂ ਗਈਆਂ ਤਸਵੀਰਾਂ



ਸਾਊਦੀ ਅਰਬ ਦੇ ਹੋਟਲ 'ਚੋਂ ਅੰਮ੍ਰਿਤਸਰ ਸ੍ਰੀ ਦਰਬਾਰ ਸਾਹਿਬ ਦੀਆਂ ਲੱਗੀਆਂ ਤਸਵੀਰਾਂ ਉਤਾਰਨ ਦੀ ਖ਼ਬਰ ਸਾਹਮਣੇ ਆਈ ਹੈ। ਸਾਊਦੀ ਅਰਬ ਦੇ ਅਲ-ਕੁਰਿਆਦ ਸ਼ਹਿਰ ਦੇ ਇੱਕ ਹੋਟਲ ਗੋਲਡ ਡੋਮ ਰੈਸੋਟੋਰੈਂਟ ਦੀਆਂ ਬਾਹਰਲੀਆਂ ਦੀਵਾਰਾਂ ਉੱਤੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੀਆਂ ਤਸਵੀਰਾਂ ਲੱਗੀਆਂ ਹੋਈਆਂ ਸਨ। ਜਿਸ ਨੂੰ ਸਰਬੱਤ ਦਾ ਭਲਾ ਗਰੁੱਪ ਦੇ ਮੁੱਖ ਸੇਵਾਦਾਰ ਜਸਵਿੰਦਰ ਸਿੰਘ ਬੈਂਸ ਅਤੇ ਸੰਦੀਪ ਸਿੰਘ ਖਾਲਸਾ ਦੀ ਅਗਵਾਈ ਹੇਠ ਕੀਤੇ ਗਏ ਸਾਂਝੇ ਯਤਨਾਂ ਨਾਲ ਉਤਾਰ ਦਿੱਤਾ ਹੈ।

ਜ਼ਿਕਰਯੋਗ ਹੈ ਕਿ ਸਰਬੱਤ ਦਾ ਭਲਾ ਗਰੁੱਪ ਸਾਊਦੀ ਅਰਬ 'ਚ 7 ਸਾਲਾਂ ਤੋਂ ਇਸ ਸਮੱਸਿਆਵਾਂ ਦੇ ਹੱਲ ਲਈ ਯਤਨ ਕਰ ਰਿਹਾ ਸੀ ਕਿ ਉਨ੍ਹਾਂ ਦੇ ਯਤਨਾਂ ਨੂੰ ਬੂਰ ਪੈ ਗਿਆ ਹੈ। ਇਸ ਹੋਟਲ ਦੀ ਸ਼ੋਸ਼ਲ ਮੀਡੀਆ 'ਤੇ ਵੀਡੀਓ ਵਾਇਰਲ ਹੋਣ ਤੋਂ ਬਾਅਦ ਸਿੱਖਾਂ ਭਾਈਚਾਰੇ ਵਿਚ ਰੋਸ ਪਾਇਆ ਜਾ ਰਿਹਾ ਸੀ। ਦੱਸ ਦੇਈਏ ਕਿ ਇਸ ਹੋਟਲ 'ਚ ਮੀਟ ਤੇ ਤਮਾਕੂ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਕਾਰਨ ਸਿੱਖ ਭਾਈਚਾਰੇ ਵਿਚ ਭਾਰੀ ਰੋਸ ਪਾਇਆ ਜਾ ਰਿਹਾ ਸੀ।






# ਅਮਰੀਕਾ 'ਚ ਲੱਖਾਂ ਡਾਲਰ ਠੱਗਣ ਵਾਲਾ ਭਾਰਤੀ ਡਿਪੋਰਟ

## ਅੰਗਦ ਸਿੰਘ ਚੰਢੋਕ ਨੂੰ ਸੀ.ਬੀ.ਆਈ. ਨੇ ਹਿਰਾਸਤ ਵਿਚ ਲਿਆ




ਨਿਊਯਾਰਕ : ਅਮਰੀਕਾ ਵਿਚ ਸੈਂਕੜੇ ਲੋਕਾਂ ਨੂੰ ਠੱਗਣ ਵਾਲੇ ਅੰਗਦ ਸਿੰਘ ਚੰਢੋਕ ਨੂੰ ਡਿਪੋਰਟ ਕਰ ਦਿਤਾ ਗਿਆ ਹੈ। ਚੰਢੋਕ ਵਿਰੁੱਧ ਭਾਰਤ ਵਿਚ ਵੀ ਠੱਗੀ ਦੇ ਮਾਮਲੇ ਦਰਜ ਹਨ ਅਤੇ ਸੀ.ਬੀ.ਆਈ. ਵੱਲੋਂ ਅਮਰੀਕਾ ਸਰਕਾਰ ਨਾਲ ਤਾਲਮੇਲ ਤਹਿਤ ਉਸ ਨੂੰ ਨਵੀਂ ਦਿੱਲੀ ਲਿਆਂਦਾ ਗਿਆ ਹੈ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਅਮਰੀਕਾ ਵਿਚ ਅਸਾਇਲਮ ਦਾ ਦਾਅਵਾ ਕਰਨ ਮਗਰੋਂ ਚੰਢੋਕ ਇਕ ਕੌਮਾਂਤਰੀ ਰੈਕਟ ਵਿਚ ਸ਼ਾਮਲ ਹੋ ਗਿਆ ਜਿਸ ਰਾਹੀਂ ਬਜ਼ੁਰਗ ਲੋਕਾਂ ਤੋਂ ਉਨ੍ਹਾਂ ਦੀ ਜ਼ਿੰਦਗੀ ਭਰ ਦੀ ਕਮਾਈ ਠੱਗਣ ਦੇ ਕਾਂਡ ਕੀਤੇ ਗਏ। ਅਮਰੀਕਾ ਦੀ ਅਦਾਲਤ ਵੱਲੋਂ ਚੰਢੋਕ ਨੂੰ 2022 ਵਿਚ ਦੋਸ਼ੀ ਕਰਾਰ ਦਿੰਦਿਆਂ ਛੇ ਸਾਲ ਕੈਦ ਦੀ ਸਜ਼ਾ ਸੁਣਾਈ ਗਈ। ਨਿਆਂ ਵਿਭਾਗ ਨੇ ਦੱਸਿਆ ਕਿ ਚੰਢੋਕ ਨੇ ਕੈਲੇਫੋਰਨੀਆ ਵਿਚ ਕਈ ਫ਼ਰਜ਼ੀ ਕੰਪਨੀਆਂ ਬਣਾਉਂਦਿਆਂ ਮਨੀ ਲਾਂਡਰਿੰਗ ਦਾ ਇਕ ਵੱਡਾ ਨੈਟਵਰਕ ਕਾਇਮ ਕੀਤਾ ਅਤੇ ਆਨਲਾਈਨ ਠੱਗੀ ਰਾਹੀਂ ਹਾਸਲ ਲੱਖਾਂ ਡਾਲਰ ਇਨ੍ਹਾਂ ਕੰਪਨੀਆਂ ਰਾਹੀਂ ਇਧਰ-ਉਧਰ ਕੀਤੇ ਗਏ। ਘੱਟੋ-ਘੱਟ ਪੰਜ ਜਣਿਆਂ ਦੀ ਟੀਮ ਉਸ ਦੀਆਂ ਹਦਾਇਤਾਂ 'ਤੇ ਕੰਮ ਕਰ ਰਹੀ ਸੀ ਜਦਕਿ ਕੌਮਾਂਤਰੀ ਪੱਧਰ 'ਤੇ ਕਈ ਠੱਗਾਂ ਨਾਲ ਉਸ ਦੇ ਸਬੰਧ ਰਹੇ। ਦੂਜੇ ਪਾਸੇ ਅਮਰੀਕਾ ਦੇ ਟੈਕਸਸ ਸੂਬੇ ਵਿਚ ਕਈ ਸਾਲ ਤੋਂ ਇੰਮੀਗ੍ਰੇਸ਼ਨ ਫਰੌਡ ਕਰ ਰਹੇ ਦੋ ਪਾਕਿਸਤਾਨੀ ਨਾਗਰਿਕਾਂ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਰਿਪੋਰਟ ਹੈ। ਦੋਹਾਂ ਦੀ ਸ਼ਨਾਖਤ 39 ਸਾਲ ਦੇ ਅਬਦੁਲ ਹਾਦੀ ਮੁਰਸ਼ਿਦ ਅਤੇ 35 ਸਾਲ ਦੇ ਮੁਹੰਮਦ ਸਲਮਾਨ ਨਾਸਿਰ ਵਜੋਂ ਕੀਤੀ ਗਈ ਹੈ।

ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ ਨੇ ਦੱਸਿਆ ਕਿ ਦੋਹਾਂ ਨੇ ਫਰਜ਼ੀ ਨੌਕਰੀਆਂ ਦੀ ਪੇਸ਼ਕਸ਼ ਅਤੇ ਜਾਅਲੀ ਵੀਜ਼ਾ ਅਰਜ਼ੀਆਂ ਦਾ ਧੰਦਾ ਵੱਡੇ ਪੱਧਰ 'ਤੇ ਫੈਲਾਅ ਲਿਆ। ਐਫ਼.ਬੀ.ਆਈ. ਦੇ ਡੈਲਸ ਦਫ਼ਤਰ ਵੱਲੋਂ ਵੱਖ ਵੱਖ ਲਾਅ ਐਨਫੋਰਸਮੈਂਟ ਏਜੰਸੀਆਂ ਦੀ ਸਹਾਇਤਾ ਨਾਲ ਕੀਤੀ ਪੜਤਾਲ ਦੇ ਆਧਾਰ ਅਬਦੁਲ ਹਾਦੀ ਮੁਰਸ਼ਿਦ ਅਤੇ ਮੁਹੰਮਦ ਸਲਮਾਨ ਨਾਸਿਰ ਤੋਂ ਇਲਾਵਾ ਟੈਕਸਸ ਦੀ ਇਕ ਲਾਅ ਫਰਮ ਅਤੇ ਰਿਲਾਏਬਲ ਵੈਨਚਰਜ਼ ਇਨਕਾਰਪੋਰੇਸ਼ਨ ਨਾਂ ਦੀ ਕੰਪਨੀ ਵਿਰੁੱਧ ਵੀ ਧੋਖਾਧੜੀ ਦੀ ਸਾਜ਼ਿਸ਼ ਘੜਨ ਦੇ ਦੋਸ਼ ਆਇਦ ਕੀਤੇ ਗਏ ਹਨ। ਟੈਕਸਸ ਦੇ ਉਤਰੀ ਜ਼ਿਲ੍ਹੇ ਦੇ ਅਟਾਰਨੀ ਨੇ ਦੱਸਿਆ ਕਿ ਮੁਰਸ਼ਿਦ ਅਦੇ ਨਾਸਿਰ ਵਿਰੁੱਧ ਗੈਰਕਾਨੂੰਨੀ ਤਰੀਕੇ ਨਾਲ ਯੂ.ਐਸ. ਸਿਟੀਜ਼ਨਸ਼ਿਪ ਹਾਸਲ ਕਰਨ ਦੇ ਦੋਸ਼ ਵੀ ਆਇਦ ਕੀਤੇ ਗਏ ਹਨ। ਅਦਾਲਤੀ ਦਸਤਾਵੇਜ਼ਾਂ ਮੁਤਾਬਕ ਈ.ਬੀ.-2, ਈ.ਬੀ.-3 ਅਤੇ ਐਚ-1ਬੀ ਵੀਜ਼ਾ ਕੈਟੇਗਰੀਜ਼ ਰਾਹੀਂ ਲੋਕਾਂ ਨੂੰ ਜਾਲ ਵਿਚ ਫਸਾਇਆ ਜਾਂਦਾ। ਦੋਹਾਂ ਵੱਲੋਂ ਅਜਿਹੀਆਂ ਨੌਕਰੀਆਂ ਦੇ ਇਸ਼ਤਿਹਾਰ ਦਿਤੇ ਜਾਂਦੇ ਜੋ ਅਸਲ ਵਿਚ ਹੁੰਦੀਆਂ ਹੀ ਨਹੀਂ ਸਨ।

# ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ ਦਾ 89 ਸਾਲ ਦੀ ਉਮਰ 'ਚ ਦਿਹਾਂਤ



ਪੰਜਾਬ ਦੀ ਰਾਜਨੀਤੀ ਦੇ ਮਾਣਯੋਗ ਆਗੂ ਅਤੇ ਅਕਾਲੀ ਦਲ ਦੇ ਸੀਨੀਅਰ ਨੇਤਾ ਸ. ਸੁਖਦੇਵ ਸਿੰਘ ਢੀਂਡਸਾ ਦਾ 89 ਸਾਲ ਦੀ ਉਮਰ ਵਿੱਚ ਮੋਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਿਹਾਂਤ ਹੋ ਗਿਆ।

**ਰਾਜਨੀਤਿਕ ਯਾਤਰਾ**

ਸ. ਢੀਂਡਸਾ ਨੇ ਆਪਣੀ ਰਾਜਨੀਤਿਕ ਯਾਤਰਾ ਦੀ ਸ਼ੁਰੂਆਤ ਵਿਦਿਆਰਥੀ ਆਗੂ ਵਜੋਂ ਗਵਰਨਮੈਂਟ ਰਣਬੀਰ ਕਾਲਜ, ਸੰਗਰੂਰ ਤੋਂ ਕੀਤੀ। ਉਨ੍ਹਾਂ ਨੇ ਆਪਣੇ ਪਿੰਡ ਉਭਾਵਲ ਤੋਂ ਸਰਪੰਚ ਵਜੋਂ ਚੋਣ ਜਿੱਤ ਕੇ ਜ਼ਿਲ੍ਹਾ ਸੰਗਰੂਰ ਦੇ ਸਭ ਤੋਂ ਨੌਜਵਾਨ ਸਰਪੰਚ ਬਣਨ ਦਾ ਮਾਣ ਹਾਸਲ ਕੀਤਾ। ਉਨ੍ਹਾਂ ਨੇ 1972 ਵਿੱਚ ਧਨੌਲਾ ਵਿਧਾਨ ਸਭਾ ਹਲਕੇ ਤੋਂ ਸੁਤੰਤਰ ਉਮੀਦਵਾਰ ਵਜੋਂ ਚੋਣ ਜਿੱਤੀ ਅਤੇ ਬਾਅਦ ਵਿੱਚ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਾਮਲ ਹੋ ਗਏ।

**ਸੰਸਦੀ ਅਤੇ ਮੰਤਰੀ ਅਹੁਦੇ**

ਉਨ੍ਹਾਂ ਨੇ 1998 ਤੋਂ 2004 ਅਤੇ 2010 ਤੋਂ 2022 ਤੱਕ ਰਾਜ ਸਭਾ ਦੇ ਮੈਂਬਰ ਵਜੋਂ ਸੇਵਾ ਨਿਭਾਈ। ਉਨ੍ਹਾਂ ਨੇ 2004 ਤੋਂ 2009 ਤੱਕ ਸੰਗਰੂਰ ਤੋਂ ਲੋਕ ਸਭਾ ਮੈਂਬਰ ਵਜੋਂ ਭੂਮਿਕਾ ਨਿਭਾਈ। ਉਨ੍ਹਾਂ ਨੇ ਤੀਜੇ ਵਾਜਪਈ ਮੰਤਰੀਮੰਡਲ ਵਿੱਚ ਖੇਡ, ਰਸਾਇਣ ਅਤੇ ਖਾਦ ਮੰਤਰੀ ਵਜੋਂ 2000 ਤੋਂ 2004 ਤੱਕ ਸੇਵਾ ਕੀਤੀ।

**ਪਦਮ ਭੂਸ਼ਣ ਅਤੇ ਕਿਸਾਨ ਅੰਦੋਲਨ**

ਸ. ਢੀਂਡਸਾ ਨੂੰ 2019 ਵਿੱਚ ਭਾਰਤ ਸਰਕਾਰ ਵੱਲੋਂ ਪਦਮ ਭੂਸ਼ਣ ਨਾਲ ਸਨਮਾਨਿਤ ਕੀਤਾ ਗਿਆ ਸੀ। ਹਾਲਾਂਕਿ, ਉਨ੍ਹਾਂ ਨੇ 2020 ਵਿੱਚ ਕਿਸਾਨ ਅੰਦੋਲਨ ਦੌਰਾਨ ਇਹ ਸਨਮਾਨ ਵਾਪਸ ਕਰ ਦਿੱਤਾ ਸੀ, ਜੋ ਉਨ੍ਹਾਂ ਦੀ ਕਿਸਾਨਾਂ ਪ੍ਰਤੀ ਸਮਰਪਿਤਤਾ ਨੂੰ ਦਰਸਾਉਂਦਾ ਹੈ।

**ਧਾਰਮਿਕ ਸੇਵਾ ਅਤੇ ਅਕਾਲ ਤਖ਼ਤ ਦੀ ਸਜ਼ਾ**

2024 ਵਿੱਚ, ਸ. ਢੀਂਡਸਾ ਨੇ ਅਕਾਲ ਤਖ਼ਤ ਸਾਹਿਬ ਵੱਲੋਂ ਦਿੱਤੀ ਗਈ ਧਾਰਮਿਕ ਸਜ਼ਾ ਤਹਿਤ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਵਿੱਚ ਸੇਵਾ ਨਿਭਾਈ, ਜਿਸ ਵਿੱਚ ਉਨ੍ਹਾਂ ਨੇ ਗੁਰਬਾਣੀ ਸੁਣੀ, ਭੰਡਾਰੇ ਦੀ ਸੇਵਾ ਕੀਤੀ ਅਤੇ ਦਰਬਾਰ ਸਾਹਿਬ ਦੇ ਦਰਵਾਜ਼ੇ 'ਤੇ ਪਹਿਰਾ ਦਿੱਤਾ। ਉਨ੍ਹਾਂ ਨੇ ਇਸ਼ਾਰਾ ਦਿੱਤਾ ਸੀ ਕਿ ਇਹ ਸੇਵਾ ਪੂਰੀ ਕਰਨ ਤੋਂ ਬਾਅਦ ਉਹ ਰਾਜਨੀਤੀ ਤੋਂ ਸਨਿਆਸ ਲੈ ਸਕਦੇ ਹਨ।

**ਪਰਿਵਾਰ ਅਤੇ ਰਾਜਨੀਤਿਕ ਵਿਰਾਸਤ**

ਸ. ਢੀਂਡਸਾ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੇ ਵੀ ਪੰਜਾਬ ਦੀ ਰਾਜਨੀਤਿਕ ਜ਼ਿੰਦਗੀ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਉਨ੍ਹਾਂ ਨੇ 2012 ਤੋਂ 2017 ਤੱਕ ਪੰਜਾਬ ਦੇ ਵਿੱਤ ਮੰਤਰੀ ਵਜੋਂ ਸੇਵਾ ਕੀਤੀ। ਸ. ਸੁਖਦੇਵ ਸਿੰਘ ਢੀਂਡਸਾ ਦੇ ਦਿਹਾਂਤ ਨਾਲ ਪੰਜਾਬ ਨੇ ਇੱਕ ਨਿੱਖਰਿਆ ਹੋਇਆ ਆਗੂ ਗੁਆ ਦਿੱਤਾ ਹੈ। ਉਨ੍ਹਾਂ ਦੀ ਸਿਆਣਪ, ਨਿਮਰਤਾ ਅਤੇ ਨੈਤਿਕਤਾ ਹਮੇਸ਼ਾ ਯਾਦ ਰਹੇਗੀ।

# ਫਰਾਂਸੀਸੀ ਰਾਸ਼ਟਰਪਤੀ ਦੀ ਪਤਨੀ ਨਾਲ ਹੋਈ ਸੀ ਝੜਪ

## ਰਾਸ਼ਟਰਪਤੀ ਨੇ ਦਿੱਤਾ ਸਪੱਸ਼ਟੀਕਰਨ



ਫਰਾਂਸ ਦੇ ਰਾਸ਼ਟਰਪਤੀ ਇਮੈਨੁਅਲ ਮੈਕਰੋਨ ਅਤੇ ਉਨ੍ਹਾਂ ਦੀ ਪਤਨੀ ਬ੍ਰਿਗਿਟ ਮੈਕਰੋਨ ਵਿਚਕਾਰ ਹੋਈ ਝੜਪ ਦਾ ਵੀਡੀਉ ਵਾਇਰਲ ਹੋ ਰਿਹਾ ਹੈ। ਇਮੈਨੁਅਲ ਮੈਕਰੋਨ ਪਤਨੀ ਬ੍ਰਿਗਿਟ ਮੈਕਰੋਨ ਸਮੇਤ 25 ਮਈ ਨੂੰ ਵੀਅਤਨਾਮ ਦੇ ਦੌਰੇ 'ਤੇ ਪਹੁੰਚੇ। ਇਸ ਦੌਰਾਨ, ਹਨੋਈ ਦੇ ਨੋਈ ਬਾਈ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ, ਉਨ੍ਹਾਂ ਦੀ ਪਤਨੀ ਨੇ ਉਨ੍ਹਾਂ ਦਾ ਚਿਹਰਾ ਫੜ ਲਿਆ ਅਤੇ ਉਨ੍ਹਾਂ ਨੂੰ ਧੱਕਾ ਦੇ ਦਿਤਾ ਸੀ। ਐਸੋਸੀਏਟਿਡ ਪ੍ਰੈੱਸ ਨੇ ਇਹ ਵੀਡੀਉ ਰਿਕਾਰਡ ਕੀਤਾ ਹੈ। ਇਹ ਘਟਨਾ ਉਦੋਂ ਵਾਪਰੀ ਜਦੋਂ ਉਹ ਦੋਵੇਂ ਜਹਾਜ਼ ਤੋਂ ਉਤਰਨ ਦੀ ਤਿਆਰੀ ਕਰ ਰਹੇ ਸਨ। ਵੀਡੀਉ ਵਿਚ ਦਿਖਾਇਆ ਗਿਆ ਹੈ ਕਿ ਜਿਵੇਂ ਹੀ ਮੈਕਰੋਨ ਦੇ ਜਹਾਜ਼ ਦਾ ਦਰਵਾਜ਼ਾ ਖੁੱਲ੍ਹਦਾ ਹੈ ਤਾਂ ਬ੍ਰਿਗਿਟ ਮੈਕਰੋਨ ਦੇ ਚਿਹਰੇ ਨੂੰ ਫੜ ਲੈਂਦੀ ਹੈ ਅਤੇ ਉਨ੍ਹਾਂ ਨੂੰ ਧੱਕਾ ਦਿੰਦੀ ਹੈ। ਇਸ ਦੌਰਾਨ, ਮੈਕਰੋਨ ਕੁੱਝ ਪਲਾਂ ਲਈ ਹੈਰਾਨ ਦਿਖਾਈ ਦਿੰਦਾ ਹੈ, ਫਿਰ ਜਲਦੀ ਨਾਲ ਅਪਣੇ ਆਪ ਨੂੰ ਸ਼ਾਂਤ ਕਰਦਾ ਹੈ ਅਤੇ ਬਾਹਰਲੇ ਲੋਕਾਂ ਵਲ ਅਪਣਾ ਹੱਥ ਹਿਲਾਉਂਦਾ ਹੈ। ਇਸ ਤੋਂ ਬਾਅਦ ਬ੍ਰਿਗਿਟ ਵੀ ਅਪਣੇ ਪਤੀ ਨਾਲ ਬਾਹਰ ਆਉਂਦੀ ਹੈ। ਉਹ ਮੈਕਰੋਨ ਨਾਲ ਜਹਾਜ਼ ਦੀਆਂ ਪੌੜੀਆਂ ਉਤਰਦੀ ਹੈ। ਇਸ ਦੌਰਾਨ, ਮੈਕਰੋਨ ਉਸ ਵੱਲ ਅਪਣਾ ਹੱਥ ਵਧਾਉਣ ਦੀ ਕੋਸ਼ਿਸ਼ ਕਰਦਾ ਹੈ, ਪਰ ਉਹ ਇਸ ਨੂੰ ਨਜ਼ਰਅੰਦਾਜ਼ ਕਰ ਦਿੰਦੀ ਹੈ।

**ਰਾਸ਼ਟਰਪਤੀ ਦਫ਼ਤਰ ਨੇ ਇਸ ਤੋਂ ਇਨਕਾਰ ਕੀਤਾ ਤੇ ਕਿਹਾ ਕਿ ਇਹ ਇਕ ਮਜ਼ਾਕ ਸੀ :**

ਮੈਕਰੋਨ ਦੇ ਦਫ਼ਤਰ, ਐਲੀਸੀ ਪੈਲੇਸ, ਨੇ ਇਸ 'ਤੇ ਟਿੱਪਣੀ ਕੀਤੀ ਹੈ। ਸ਼ੁਰੂ ਵਿਚ ਉਨ੍ਹਾਂ ਨੇ ਇਸ ਤੋਂ ਇਨਕਾਰ ਕੀਤਾ ਪਰ ਬਾਅਦ ਵਿਚ ਕਿਹਾ ਕਿ ਇਹ ਦੋਵਾਂ ਵਿਚਕਾਰ ਇਕ ਮਾਮੂਲੀ ਝਗੜਾ ਸੀ। ਮੈਕਰੋਨ ਦੇ ਇਕ ਕਰੀਬੀ ਸਹਿਯੋਗੀ ਨੇ ਏਐਫਪੀ ਨੂੰ ਦਸਿਆ ਕਿ ਰਾਸ਼ਟਰਪਤੀ ਅਤੇ ਉਨ੍ਹਾਂ ਦੀ ਪਤਨੀ ਹਲਕਾ ਜਿਹਾ ਮਜ਼ਾਕ ਕਰ ਰਹੇ ਸਨ ਪਰ ਰੂਸ ਪੱਖੀ ਟ੍ਰੋਲਾਂ ਨੇ ਇਸ ਨੂੰ ਘਰੇਲੂ ਝਗੜੇ ਵਜੋਂ ਪੇਸ਼ ਕੀਤਾ।

ਇਮੈਨੁਅਲ ਮੈਕਰੋਨ ਨੇ ਦਿਤਾ ਸਪੱਸ਼ਟੀਕਰਨ : ਬਾਅਦ ਵਿੱਚ ਹਨੋਈ ਵਿਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ, ਮੈਕਰੋਨ ਨੇ ਕਿਹਾ ਕਿ ਇਹ ਕੋਈ ਲੜਾਈ ਨਹੀਂ ਸੀ ਪਰ 'ਅਸੀਂ ਇੱਕ ਦੂਜੇ ਨਾਲ ਮਜ਼ਾਕ ਕਰ ਰਹੇ ਸੀ, ਜਿਵੇਂ ਕਿ ਅਸੀਂ ਅਕਸਰ ਕਰਦੇ ਹਾਂ।' ਇਹ ਘਟਨਾ ਮੈਕਰੋਨ ਦੇ ਦੱਖਣ-ਪੂਰਬੀ ਏਸ਼ੀਆ ਦੌਰੇ ਦੀ ਸ਼ੁਰੂਆਤ ਵਿਚ ਵਾਪਰੀ, ਜਿਸ ਵਿਚ ਉਹ ਵੀਅਤਨਾਮ, ਇੰਡੋਨੇਸ਼ੀਆ ਅਤੇ ਫਿਰ ਸਿੰਗਾਪੁਰ ਜਾਣਗੇ।

# ਬ੍ਰਿਟੇਨ 'ਚ ਹਜ਼ਾਰਾਂ ਫੁੱਟਬਾਲ ਪ੍ਰਸ਼ੰਸਕਾਂ 'ਤੇ ਵਿਅਕਤੀ ਨੇ ਚੜਾਈ ਕਾਰ




ਲੰਡਨ: ਬ੍ਰਿਟਿਸ਼ ਸ਼ਹਿਰ ਲਿਵਰਪੂਲ ਤੋਂ ਇੱਕ ਦਰਦਨਾਕ ਘਟਨਾ ਸਾਹਮਣੇ ਆਈ ਹੈ। ਇੱਥੇ ਫੁੱਟਬਾਲ ਪ੍ਰਸ਼ੰਸਕ ਪ੍ਰੀਮੀਅਰ ਲੀਗ ਚੈਂਪੀਅਨਸ਼ਿਪ ਤੋਂ ਬਾਅਦ ਸੜਕਾਂ 'ਤੇ ਜਿੱਤ ਦਾ ਜਸ਼ਨ ਮਨਾ ਰਹੇ ਸਨ। ਇਸੇ ਦੌਰਾਨ, ਭੀੜ ਵਿੱਚ ਅਚਾਨਕ ਇੱਕ ਆਦਮੀ ਕਾਰ ਲੈ ਕੇ ਆ ਗਿਆ। ਉਸਨੇ ਭੀੜ ਵਿੱਚ ਲੋਕਾਂ ਉੱਤੇ ਕਾਰ ਚੜ੍ਹਾ ਦਿੱਤੀ। ਇਸ ਘਟਨਾ ਵਿੱਚ ਕਈ ਲੋਕਾਂ ਦੇ ਜ਼ਖਮੀ ਹੋਣ ਦੀ ਖ਼ਬਰ ਹੈ। ਹਾਲਾਂਕਿ, ਪੁਲਿਸ ਨੇ ਭੀੜ ਉੱਤੇ ਕਾਰ ਚੜ੍ਹਾਉਣ ਵਾਲੇ ਦੋਸ਼ੀ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਦਰਅਸਲ, ਲਿਵਰਪੂਲ ਪੁਲਿਸ ਨੇ ਕਿਹਾ ਕਿ ਸ਼ਹਿਰ ਦੀ ਫੁੱਟਬਾਲ ਟੀਮ ਨੇ ਪ੍ਰੀਮੀਅਰ ਲੀਗ ਚੈਂਪੀਅਨਸ਼ਿਪ ਜਿੱਤੀ ਹੈ। ਇਸ ਤੋਂ ਬਾਅਦ ਲੋਕ ਸੜਕਾਂ 'ਤੇ ਇਸਦਾ ਜਸ਼ਨ ਮਨਾ ਰਹੇ ਸਨ। ਇਸੇ ਦੌਰਾਨ, ਇੱਕ ਕਾਰ ਲੋਕਾਂ ਦੀ ਭੀੜ ਵਿੱਚ ਵੜ ਗਈ। ਹਾਲਾਂਕਿ, ਕਾਰ ਚਾਲਕ ਨੂੰ ਗ੍ਰਿਫ਼ਤਾਰ ਕਰ ਲਿਆ ਗਿਆ ਹੈ। ਮਰਸੀਸਾਈਡ ਪੁਲਿਸ ਨੇ ਕਿਹਾ ਕਿ ਉਹ ਕਈ ਲੋਕਾਂ ਦੇ ਜ਼ਖਮੀ ਹੋਣ ਦੀਆਂ ਰਿਪੋਰਟਾਂ ਦੀ ਜਾਂਚ ਕਰ ਰਹੇ ਹਨ। ਇਸ ਤੋਂ ਇਲਾਵਾ ਇਸ ਘਟਨਾ ਦਾ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਿਹਾ ਹੈ। ਇਸ ਵਿੱਚ, ਇੱਕ ਸਲੇਟੀ ਰੰਗ ਦੀ ਮਿਨੀਵੈਨ ਨੂੰ ਲਾਪਰਵਾਹੀ ਨਾਲ ਲੋਕਾਂ ਦੀ ਭੀੜ ਵਿੱਚ ਚਲਾਉਂਦੇ ਹੋਏ, ਇੱਕ ਪੈਦਲ ਯਾਤਰੀ ਨੂੰ ਟੱਕਰ ਮਾਰਦੇ ਦੇਖਿਆ ਜਾ ਸਕਦਾ ਹੈ। ਪੁਲਿਸ ਨੇ ਦੱਸਿਆ ਕਿ ਘਟਨਾ ਤੋਂ ਬਾਅਦ, ਇੱਕ ਕਾਰ ਨੂੰ ਰੋਕਿਆ ਗਿਆ ਅਤੇ ਇੱਕ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ।

ਇਸ ਪੂਰੀ ਘਟਨਾ 'ਤੇ ਬ੍ਰਿਟਿਸ਼ ਪ੍ਰਧਾਨ ਮੰਤਰੀ ਕੀਰ ਸਟਾਰਮਰ ਨੇ ਕਿਹਾ ਕਿ ਉਹ ਘਟਨਾ ਤੋਂ ਬਾਅਦ ਦੀ ਸਥਿਤੀ ਬਾਰੇ ਜਾਣਕਾਰੀ ਇਕੱਠੀ ਕਰ ਰਹੇ ਹਨ। ਉਨ੍ਹਾਂ ਨੇ ਪੁਲਿਸ ਦਾ ਉਨ੍ਹਾਂ ਦੇ ਤੇਜ਼ ਜਵਾਬ ਲਈ ਧੰਨਵਾਦ ਕੀਤਾ। ਸਟਾਰਮਰ ਨੇ ਕਿਹਾ ਲਿਵਰਪੂਲ ਦੇ ਦ੍ਰਿਸ਼ ਬਹੁਤ ਭਿਆਨਕ ਹਨ। ਇਸ ਘਟਨਾ ਤੋਂ ਬਾਅਦ ਸ਼ਹਿਰ ਵਿੱਚ ਇੱਕ ਵਿਸ਼ਾਲ ਜਸ਼ਨ ਮਨਾਇਆ ਗਿਆ, ਜਿੱਥੇ ਹਜ਼ਾਰਾਂ ਨੱਚਣ ਅਤੇ ਗਾਉਣ ਵਾਲੇ ਪ੍ਰਸ਼ੰਸਕ ਮੀਂਹ ਦੇ ਬਾਵਜੂਦ ਸੜਕਾਂ 'ਤੇ ਉਤਰ ਆਏ। ਲਿਵਰਪੂਲ ਦੇ ਖਿਡਾਰੀਆਂ ਨੂੰ ਦੋ ਬੱਸਾਂ ਦੇ ਉੱਪਰ ਪ੍ਰੀਮੀਅਰ ਲੀਗ ਟਰਾਫੀ ਪ੍ਰਦਰਸ਼ਿਤ ਕਰਦੇ ਦੇਖਿਆ ਗਿਆ।

# ਨਿਊਜ਼ੀਲੈਂਡ ਦੀ ਇਮੀਗ੍ਰੇਸ਼ਨ ਮੰਤਰੀ ਨੇ ਭਾਰਤੀਆਂ 'ਤੇ ਕੀਤੀ ਇਤਰਾਜ਼ਯੋਗ ਟਿੱਪਣੀ



ਨਿਊਜ਼ੀਲੈਂਡ ਦੀ ਇਮੀਗ੍ਰੇਸ਼ਨ ਮੰਤਰੀ ਐਰਿਕਾ ਸਟੈਨਫ਼ੋਰਡ ਨੇ ਭਾਰਤੀਆਂ ਬਾਰੇ ਇਕ ਵਿਵਾਦਤ ਟਿੱਪਣੀ ਕੀਤੀ। ਇਸ ਟਿੱਪਣੀ ਤੋਂ ਬਾਅਦ, ਇਮੀਗ੍ਰੇਸ਼ਨ ਮੰਤਰੀ ਐਰਿਕਾ ਸਟੈਨਫੋਰਡ ਵਿਵਾਦਾਂ ਵਿਚ ਘਿਰ ਗਈ। ਇਮੀਗ੍ਰੇਸ਼ਨ ਮੰਤਰੀ ਨੇ ਕਿਹਾ ਕਿ ਉਹ ਕਦੇ ਵੀ ਭਾਰਤੀਆਂ ਦੁਆਰਾ ਭੇਜੇ ਗਏ ਈਮੇਲ ਨਹੀਂ ਖੋਲ੍ਹਦੀ ਅਤੇ ਇਸਨੂੰ ਸਪੈਮ ਦੇ ਬਰਾਬਰ ਮੰਨਦੀ ਹੈ।

ਉਨ੍ਹਾਂ ਨੇ ਕਿਹਾ, ਮੈਂ ਅਧਿਕਾਰਤ ਸੂਚਨਾ ਐਕਟ ਅਧੀਨ ਕੰਮ ਕਰਦੀ ਹਾਂ। ਮੈਂ ਇਹ ਯਕੀਨੀ ਬਣਾਉਂਦੀ ਹਾਂ ਕਿ ਸਾਰੀ ਜਾਣਕਾਰੀ ਲੋਕਾਂ ਲਈ ਉਪਲਬਧ ਹੋਵੇ, ਜੋ ਮੈਨੂੰ ਆਪਣੇ ਸੰਸਦੀ ਈਮੇਲ ਤੋਂ ਭੇਜਣੀ ਪੈਂਦੀ ਹੈ। ਉਨ੍ਹਾਂ ਕਿਹਾ, ''ਮੈਂ ਮੰਨਦੀ ਹਾਂ ਕਿ ਮੈਨੂੰ ਬਹੁਤ ਸਾਰੇ ਈਮੇਲ ਮਿਲਦੇ ਹਨ। ਉਦਾਹਰਣ ਵਜੋਂ, ਮੈਨੂੰ ਭਾਰਤ ਵਿਚ ਲੋਕਾਂ ਤੋਂ ਇਮੀਗ੍ਰੇਸ਼ਨ ਬਾਰੇ ਸਲਾਹ ਮੰਗਣ ਵਾਲੇ ਬਹੁਤ ਸਾਰੇ ਈਮੇਲ ਆਉਂਦੇ ਹਨ ਅਤੇ ਮੈਂ ਕਦੇ ਵੀ ਉਨ੍ਹਾਂ ਈਮੇਲਾਂ ਦਾ ਜਵਾਬ ਨਹੀਂ ਦਿੰਦੀ।

ਮੈਂ ਉਨ੍ਹਾਂ ਸਾਰੀਆਂ ਈਮੇਲਾਂ ਨੂੰ ਸਪੈਮ ਮੰਨਦੀ ਹਾਂ।'' ਇਮੀਗ੍ਰੇਸ਼ਨ ਮੰਤਰੀ ਦੀ ਟਿੱਪਣੀ ਤੋਂ ਬਾਅਦ, ਭਾਰਤੀ ਮੂਲ ਦੀ ਸੰਸਦ ਮੈਂਬਰ ਪ੍ਰਿਯੰਕਾ ਰਾਧਾਕ੍ਰਿਸ਼ਨਨ ਨੇ ਉਨ੍ਹਾਂ ਦੀ ਆਲੋਚਨਾ ਕੀਤੀ। ਸੰਸਦ ਮੈਂਬਰ ਪ੍ਰਿਯੰਕਾ ਰਾਧਾਕ੍ਰਿਸ਼ਨਨ ਨੇ ਕਿਹਾ, ''ਅਜਿਹੀਆਂ ਟਿੱਪਣੀਆਂ ਭਾਰਤੀ ਭਾਈਚਾਰੇ ਵਿਰੁਧ ਇਕ ਨਕਾਰਾਤਮਕ ਰੂੜ੍ਹੀਵਾਦੀ ਸੋਚ ਨੂੰ ਉਤਸ਼ਾਹਤ ਕਰਦੀਆਂ ਹਨ।'' ਇਸ ਤੋਂ ਬਾਅਦ ਨਿਊਜ਼ੀਲੈਂਡ ਦੀ ਇਮੀਗ੍ਰੇਸ਼ਨ ਮੰਤਰੀ ਐਰਿਕਾ ਸਟੈਨਫੋਰਡ ਨੇ ਸਪੱਸ਼ਟੀਕਰਨ ਦਿਤਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਬਿਆਨ ਨੂੰ ਗਲਤ ਸਮਝਿਆ ਗਿਆ ਹੈ।

# ਜਲੰਧਰ 'ਚ ਸ਼ਰਾਬੀ SHO ਨੇ ਔਰਤ ਨਾਲ ਕੀਤੀ ਬਦਸਲੂਕੀ



ਜਲੰਧਰ: ਜਲੰਧਰ ਦੇ ਫਿਲੌਰ ਵਿੱਚ ਐਸਐਚਓ ਦਾ ਸ਼ਰਮਨਾਕ ਕਾਰਨਾਮਾ ਸਾਹਮਣੇ ਆਇਆ ਹੈ। ਫਿਲੌਰ ਰੇਲਵੇ ਪੁਲਿਸ ਸਟੇਸ਼ਨ ਦੇ ਇੰਚਾਰਜ ਐਸਐਚਓ ਦੀਦਾਰ ਸਿੰਘ ਨੇ ਸ਼ਰਾਬੀ ਹਾਲਤ ਵਿੱਚ ਔਰਤ ਨੂੰ ਜ਼ਬਰਦਸਤੀ ਫੜ ਲਿਆ ਅਤੇ ਉਸਨੂੰ ਆਪਣੇ ਸਰਕਾਰੀ ਕੁਆਰਟਰ ਵਿੱਚ ਲਿਜਾਣ ਦੀ ਕੋਸ਼ਿਸ਼ ਕੀਤੀ। ਜਦੋਂ ਔਰਤ ਨੇ ਰੌਲਾ ਪਾਇਆ ਤਾਂ ਲੋਕਾਂ ਨੇ ਉਸਨੂੰ ਐਸਐਚਓ ਦੇ ਚੁੰਗਲ ਤੋਂ ਛੁਡਾਇਆ। ਪ੍ਰਾਪਤ ਜਾਣਕਾਰੀ ਅਨੁਸਾਰ ਜਗਤਪੁਰਾ ਪੰਜ ਢੇਰਾ ਦੀ ਰਹਿਣ ਵਾਲੀ ਪਰਵੀਨ ਨਾਮ ਦੀ ਇੱਕ ਔਰਤ ਆਪਣੇ ਬੱਚਿਆਂ ਨੂੰ ਸਕੂਲ ਤੋਂ ਲੈਣ ਲਈ ਰੇਲਵੇ ਸਟੇਸ਼ਨ ਦੀ ਸਰਵਿਸ ਰੋਡ 'ਤੇ ਆਪਣੇ ਇੱਕ ਰਿਸ਼ਤੇਦਾਰ ਨੂੰ ਫੋਨ ਕਰ ਰਹੀ ਸੀ।

ਇਸ ਦੌਰਾਨ, ਰੇਲਵੇ ਪੁਲਿਸ ਚੌਕੀ ਦੇ ਇੰਚਾਰਜ ਦੀਦਾਰ ਸਿੰਘ ਉੱਥੇ ਬਿਨਾਂ ਕਿਸੇ ਵਰਦੀ ਦੇ, ਸਿਰਫ਼ ਸ਼ਾਰਟਸ ਅਤੇ ਵੈਸਟ ਵਿੱਚ ਆਏ, ਅਤੇ ਔਰਤ ਨੂੰ ਧਮਕੀਆਂ ਦੇਣੀਆਂ ਅਤੇ ਦੁਰਵਿਵਹਾਰ ਕਰਨਾ ਸ਼ੁਰੂ ਕਰ ਦਿੱਤਾ। ਪੀੜਤ ਪਰਵੀਨ ਦੇ ਅਨੁਸਾਰ, ਚੌਕੀ ਇੰਚਾਰਜ ਦੀਦਾਰ ਸਿੰਘ ਨੇ ਉਸਨੂੰ ਜ਼ਬਰਦਸਤੀ ਆਪਣੇ ਕਮਰੇ ਵਿੱਚ ਖਿੱਚਣ ਦੀ ਕੋਸ਼ਿਸ਼ ਕੀਤੀ। ਜਦੋਂ ਰੌਲਾ ਪਿਆ ਤਾਂ ਲੋਕ ਇਕੱਠੇ ਹੋ ਗਏ ਅਤੇ ਪੀੜਤ ਪਰਵੀਨ ਦੇ ਪਰਿਵਾਰਕ ਮੈਂਬਰ ਵੀ ਮੌਕੇ 'ਤੇ ਪਹੁੰਚ ਗਏ। ਉਸਨੇ ਮੀਡੀਆ ਨੂੰ ਬੁਲਾਇਆ ਅਤੇ ਉਨ੍ਹਾਂ ਨੂੰ ਸਾਰਾ ਮਾਮਲਾ ਦੱਸਿਆ ਹੈ।

ਮੌਕੇ 'ਤੇ ਰੇਲਵੇ ਪੁਲਿਸ ਸਟੇਸ਼ਨ, ਲੁਧਿਆਣਾ ਦੇ ਡੀਐਸਪੀ ਅਤੇ ਇੰਸਪੈਕਟਰ ਪਲਵਿੰਦਰ ਸਿੰਘ ਨੂੰ ਮਾਮਲੇ ਦੀ ਜਾਣਕਾਰੀ ਦਿੱਤੀ ਗਈ ਅਤੇ ਉਹ ਫਿਲੌਰ ਆਏ ਅਤੇ ਪੀੜਤ ਔਰਤ ਦੀ ਗੱਲ ਸੁਣੀ। ਮੌਕੇ 'ਤੇ ਪਹੁੰਚੇ ਇੰਸਪੈਕਟਰ ਪਲਵਿੰਦਰ ਸਿੰਘ ਨੇ ਉਸਨੂੰ ਸਮਝਾਉਣ ਦੀ ਬਹੁਤ ਕੋਸ਼ਿਸ਼ ਕੀਤੀ ਪਰ ਜ਼ਿਆਦਾ ਸ਼ਰਾਬ ਪੀਣ ਕਾਰਨ ਦੀਦਾਰ ਸਿੰਘ ਕੁਝ ਵੀ ਕਹਿਣ ਤੋਂ ਅਸਮਰੱਥ ਸੀ। ਪਲਵਿੰਦਰ ਸਿੰਘ ਨੇ ਕਿਹਾ ਕਿ ਇਸ ਸ਼ਰਾਬੀ ਰੇਲਵੇ ਪੋਸਟ ਇੰਚਾਰਜ ਨੂੰ ਇੱਥੋਂ ਬਦਲ ਕੇ ਲਾਈਨ 'ਤੇ ਭੇਜਿਆ ਜਾਵੇਗਾ। ਪੀੜਤ ਔਰਤ ਨੇ ਛੇੜਛਾੜ ਦਾ ਬਦਲਾ ਲੈਣ ਲਈ ਫਿਲੌਰ ਰੇਲਵੇ ਪੋਸਟ ਇੰਚਾਰਜ ਨੂੰ ਤਿੰਨ ਵਾਰ ਥੱਪੜ ਮਾਰਿਆ, ਉਦੋਂ ਕਿਤੇ ਜਾਕੇ ਮਾਮਲਾ ਸ਼ਾਂਤ ਹੋਇਆ। ਕੁਝ ਸਮੇਂ ਬਾਅਦ, ਦੀਦਾਰ ਸਿੰਘ ਨੂੰ ਆਪਣੀ ਗਲਤੀ ਦਾ ਅਹਿਸਾਸ ਹੋਇਆ ਅਤੇ ਉਸਨੇ ਮੁਆਫੀ ਵੀ ਮੰਗੀ। ਇੰਸਪੈਕਟਰ ਪਲਵਿੰਦਰ ਸਿੰਘ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਜਾਰੀ ਹੈ।




# ਮੈਟਰੋ ਪੰਜਾਬੀ ਸਪੋਰਟਸ ਕਲੱਬ ਵੱਲੋਂ 1984 ਅਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ 28ਵਾਂ ਓਨਟਾਰੀਓ ਕਬੱਡੀ ਕੱਪ

## 7 ਜੂਨ 2025 ਨੂੰ ਬਰੈਂਪਟਨ ਵਿਖੇ



ਸਟਾਰ ਨਿਊਜ਼:- ਮੈਟਰੋ ਪੰਜਾਬੀ ਸਪੋਰਟਸ ਕਲੱਬ 1984 ਅਤੇ ਸਮੂਹ ਸ਼ਹੀਦਾਂ ਨੂੰ ਸਮਰਪਿਤ ਆਪਣੇ 28ਵੇਂ ਓਨਟਾਰੀਓ ਕਬੱਡੀ ਕੱਪ ਦਾ ਆਯੋਜਨ 7 ਜੂਨ 2025, ਦਿਨ ਸ਼ਨੀਵਾਰ ਨੂੰ ਸੀਏਏ ਸੈਂਟਰ, 7575 ਕੈਨੇਡੀ ਰੋਡ ਸਾਊਥ, ਬਰੈਂਪਟਨ ਵਿਖੇ ਕਰ ਰਹੀ ਹੈ। ਇਹ ਟੂਰਨਾਮੈਂਟ ਦੁਨੀਆ ਦੇ ਸਭ ਤੋਂ ਚੋਟੀ ਦੇ ਕਬੱਡੀ ਕੱਪਾਂ ਵਿੱਚੋਂ ਇੱਕ ਹੈ ਜੋ ਹਰ ਸਾਲ ਕਬੱਡੀ ਅਤੇ ਅਥਲੈਟਿਕਸ ਦੇ ਮੁਕਾਬਲਿਆਂ ਨੂੰ ਉਤਸ਼ਾਹਿਤ ਕਰਨ ਲਈ ਕਰਵਾਇਆ ਜਾਂਦਾ ਹੈ। ਇਸ ਵਾਰ ਦੇ ਟੂਰਨਾਮੈਂਟ ਵਿੱਚ 6 ਉੱਚ ਦਰਜੇ ਦੀਆਂ ਕਬੱਡੀ ਟੀਮਾਂ ਭਾਗ ਲੈ ਰਹਆਂ ਹਨ ਜੋ ਆਪਣੇ ਵਿਸ਼ਵ ਪੱਧਰੀ ਖਿਡਾਰੀਆਂ ਨਾਲ ਦਰਸ਼ਕਾਂ ਨੂੰ ਦਿਲਚਸਪ ਮੁਕਾਬਲੇ ਦਿਖਾਉਣਗੀਆਂ। ਟੂਰਨਾਮੈਂਟ ਦੀ ਸ਼ੁਰੂਆਤ 7 ਜੂਨ 2025 ਨੂੰ ਸਵੇਰੇ 11 ਵਜੇ ਹੋਏਗੀ। ਕਲੱਬ ਵੱਲੋਂ ਸਾਰੇ ਖੇਡ ਪ੍ਰੇਮੀਆਂ ਅਤੇ ਪੰਜਾਬੀ ਭਾਈਚਾਰੇ ਨੂੰ ਟੂਰਨਾਮੈਂਟ ਵਿੱਚ ਸ਼ਮੂਲੀਅਤ ਲਈ ਸੱਦਾ ਦਿੱਤਾ ਜਾਂਦਾ ਹੈ। ਇਸ ਟੂਰਨਾਮੈਂਟ ਦੀ ਟਿਕਟ ਸਿਰਫ $20 ਹੀ ਰੱਖੀ ਗਈ ਹੈ ਜੋ ਕਿ ਉਸੇ ਦਿਨ ਗੇਟ ਤੇ ਉਪਲਬਧ ਹੋਵੇਗੀ। ਸੰਪਰਕ ਲਈ ਮੈਟਰੋ ਪੰਜਾਬੀ ਸਪੋਰਟਸ ਕਲੱਬ ਦੇ ਪ੍ਰਧਾਨ ਕਾਲਾ ਹਾਂਸ ਨਾਲ 647-241-9331 'ਤੇ ਰਾਬਤਾ ਕਰ ਸਕਦੇ ਹੋ।

# ਨਸ਼ਿਆਂ ਖ਼ਿਲਾਫ਼ ਜੰਗ ਜਾਰੀ!

## 87ਵੇਂ ਦਿਨ ਦੀ ਵੱਡੀ ਕਾਰਵਾਈ

ਚੰਡੀਗੜ੍ਹ : ਸੂਬੇ ਵਿੱਚੋਂ ਨਸ਼ਿਆਂ ਦੇ ਮੁਕੰਮਲ ਖਾਤਮੇ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਨਿਰੇਦਸ਼ਾਂ 'ਤੇ ਵਿੱਢੇ ਗਏ "ਯੁੱਧ ਨਸ਼ਿਆਂ ਵਿਰੁੱਧ" ਦੇ 87ਵੇਂ ਦਿਨ ਪੰਜਾਬ ਪੁਲਿਸ ਨੇ ਅੱਜ 127 ਨਸ਼ਾ ਤਸਕਰਾਂ ਨੂੰ ਗ੍ਰਿਫ਼ਤਾਰ ਕਰਕੇ ਉਨ੍ਹਾਂ ਦੇ ਕਬਜ਼ੇ ਵਿੱਚੋਂ 2.2 ਕਿਲੋ ਹੈਰੋਇਨ, 6.6 ਕਿਲੋ ਅਫੀਮ ਅਤੇ 1.31 ਲੱਖ ਰੁਪਏ ਦੀ ਡਰੱਗ ਮਨੀ ਬਰਾਮਦ ਕੀਤੀ ਹੈ। ਇਸ ਨਾਲ ਸਿਰਫ਼ 87 ਦਿਨਾਂ ਅੰਦਰ ਗ੍ਰਿਫ਼ਤਾਰ ਕੀਤੇ ਗਏ ਕੁੱਲ ਨਸ਼ਾ ਤਸਕਰਾਂ ਦੀ ਗਿਣਤੀ 13,866 ਹੋ ਗਈ ਹੈ।

ਇਹ ਆਪ੍ਰੇਸ਼ਨ ਡਾਇਰੈਕਟਰ ਜਨਰਲ ਆਫ ਪੁਲਿਸ (ਡੀਜੀਪੀ) ਗੌਰਵ ਯਾਦਵ ਦੇ ਨਿਰਦੇਸ਼ਾਂ 'ਤੇ ਸੂਬੇ ਦੇ ਸਾਰੇ 28 ਜ਼ਿਲ੍ਹਿਆਂ ਵਿੱਚ ਇੱਕੋ ਸਮੇਂ ਚਲਾਇਆ ਗਿਆ। ਜ਼ਿਕਰਯੋਗ ਹੈ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਪੁਲਿਸ ਕਮਿਸ਼ਨਰਾਂ, ਡਿਪਟੀ ਕਮਿਸ਼ਨਰਾਂ ਅਤੇ ਐਸ.ਐਸ.ਪੀਜ਼ ਨੂੰ ਪੰਜਾਬ ਨੂੰ ਨਸ਼ਾ ਮੁਕਤ ਸੂਬਾ ਬਣਾਉਣ ਦੇ ਹੁਕਮ ਦਿੱਤੇ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਵਿਰੁੱਧ ਜੰਗ ਦੀ ਨਿਗਰਾਨੀ ਲਈ ਵਿੱਤ ਮੰਤਰੀ ਹਰਪਾਲ ਸਿੰਘ ਚੀਮਾ ਦੀ ਅਗਵਾਈ ਹੇਠ 5 ਮੈਂਬਰੀ ਕੈਬਨਿਟ ਸਬ ਕਮੇਟੀ ਵੀ ਬਣਾਈ ਗਈ ਹੈ।

ਆਪਰੇਸ਼ਨ ਦੇ ਵੇਰਵੇ ਦਿੰਦਿਆਂ ਸਪੈਸ਼ਲ ਡੀਜੀਪੀ ਕਾਨੂੰਨ ਅਤੇ ਵਿਵਸਥਾ ਅਰਪਿਤ ਸ਼ੁਕਲਾ ਨੇ ਦੱਸਿਆ ਕਿ 93 ਗਜ਼ਟਿਡ ਅਧਿਕਾਰੀਆਂ ਦੀ ਨਿਗਰਾਨੀ ਹੇਠ 1300 ਤੋਂ ਵੱਧ ਪੁਲਿਸ ਕਰਮਚਾਰੀਆਂ ਦੀ ਸ਼ਮੂਲੀਅਤ ਵਾਲੀਆਂ 200 ਤੋਂ ਵੱਧ ਪੁਲਿਸ ਟੀਮਾਂ ਨੇ ਰਾਜ ਭਰ 'ਚ 442 ਥਾਵਾਂ 'ਤੇ ਛਾਪੇਮਾਰੀ ਕੀਤੀ, ਜਿਸ ਦੇ ਚਲਦਿਆਂ ਸੂਬੇ ਭਰ ਵਿੱਚ 97 ਐਫਆਈਆਰਜ਼ ਦਰਜ ਕੀਤੀਆਂ ਗਈਆਂ। ਉਨ੍ਹਾਂ ਅੱਗੇ ਕਿਹਾ ਕਿ ਦਿਨ ਭਰ ਚੱਲੇ ਇਸ ਆਪ੍ਰੇਸ਼ਨ ਦੌਰਾਨ ਪੁਲਿਸ ਟੀਮਾਂ ਨੇ 494 ਸ਼ੱਕੀ ਵਿਅਕਤੀਆਂ ਦੀ ਜਾਂਚ ਵੀ ਕੀਤੀ।

ਸਪੈਸ਼ਲ ਡੀਜੀਪੀ ਨੇ ਦੱਸਿਆ ਕਿ ਪੰਜਾਬ ਸਰਕਾਰ ਵੱਲੋਂ ਸੂਬੇ 'ਚੋਂ ਨਸ਼ਿਆਂ ਦੇ ਖਾਤਮੇ ਲਈ ਤਿੰਨ-ਪੱਖੀ ਰਣਨੀਤੀ - ਇਨਫੋਰਸਮੈਂਟ, ਡੀ-ਅਡਿਕਸ਼ਨ ਅਤੇ ਪ੍ਰੀਵੈਂਸ਼ਨ (ਈਡੀਪੀ) - ਲਾਗੂ ਕੀਤੀ ਗਈ ਹੈ ਅਤੇ ਪੰਜਾਬ ਪੁਲਿਸ ਨੇ ਇਸ ਰਣਨੀਤੀ ਦੇ ਹਿੱਸੇ ਵਜੋਂ 104 ਵਿਅਤੀਆਂ ਨੂੰ ਨਸ਼ਾ ਛੱਡਣ ਅਤੇ ਮੁੜ ਵਸੇਬੇ ਦਾ ਇਲਾਜ ਲੈਣ ਲਈ ਰਾਜ਼ੀ ਕੀਤਾ ਹੈ।

# ਵੱਖ-ਵੱਖ ਸਾਹਿਤਕ ਸੰਸਥਾਵਾਂ ਵੱਲੋਂ ਸਾਂਝੇ ਤੌਰ ਤੇ' ਕਰਵਾਏ ਸਾਹਿਤਕ ਸਮਾਗਮ ਦੌਰਾਨ ਸ੍ਰ.ਮਹਿੰਦਰ ਸਿੰਘ ਵਾਲੀਆ 'ਲਾਈਫ ਟਾਈਮ ਅਚੀਵਮੈਂਟ ਐਵਾਰਡ' ਨਾਲ ਸਨਮਾਨਿਤ




ਟੋਰਾਂਟੋ (ਹਰਜੀਤ ਸਿੰਘ ਬਾਜਵਾ): ਕਨੇਡੀਅਨ ਪੰਜਾਬੀ ਪੋਇਟਰੀ ਕਲੱਬ ਕਨੇਡਾ,ਗਲੋਬਲ ਪੰਜਾਬ ਫਾਂਉਂਡੇਸ਼ਨ ਕਨੇਡਾ, ਸਿਰਜਣਹਾਰੀਆਂ ਅਤੇ ਇੰਟਰਨੈਸ਼ਨਲ ਵੂਮੈਨ ਐਸੋਸ਼ੀਏਸ਼ਨ ਕਨੇਡਾ ਵੱਲੋਂ ਸਾਂਝੇ ਤੌਰ ਤੇ' ਇੱਕ ਸਾਹਿਤਕ ਅਤੇ ਸਨਮਾਨ ਸਮਾਰੋਹ ਬੀਤੇ ਦਿਨੀ ਬਰੈਂਪਟਨ ਦੇ ਵਿਸ਼ਵ ਪੰਜਾਬੀ ਭਵਨ ਵਿਖੇ ਕਰਵਾਇਆ ਗਿਆ ਜਿਸ ਵਿੱਚ ਇਲਾਕੇ ਦੇ ਸਾਹਿਤ ਪ੍ਰੇਮੀਆਂ ਨੇ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ ਜਿੱਥੇ ਕਿ ਉੱਘੇ ਲੇਖਕ ਅਤੇ ਸਮਾਜ ਸੇਵੀ ਸ੍ਰ.ਮਹਿੰਦਰ ਸਿੰਘ ਵਾਲੀਆ (ਪਟਿਆਲਾ) ਦੀਆਂ ਕੁਝ ਇੱਕ ਪੁਸਤਕਾਂ ਤੇ' ਵਿਚਾਰ ਗੋਸ਼ਟੀ ਕੀਤੀ ਗਈ ਅਤੇ ਕੁਝ ਇੱਕ ਪੁਸਤਕਾਂ ਲੋਕ ਅਰਪਣ ਵੀ ਕੀਤੀਆਂ ਗਈਆਂ ਅਤੇ ਇਹਨਾਂ ਸੰਸਥਾਵਾਂ ਵੱਲੋਂ ਐਡਵੋਕੇਟ ਸ੍ਰ.ਪਰਮਜੀਤ ਸਿੰਘ ਗਿੱਲ ਅਤੇ ਪ੍ਰੋ.ਹਰਜਸਪ੍ਰੀਤ ਕੌਰ ਗਿੱਲ(ਪ੍ਰੀਤ ਗਿੱਲ) ਦੀ ਅਗਵਾਈ ਹੇਠ ਸ੍ਰ.ਮਹਿੰਦਰ ਸਿੰਘ ਵਾਲੀਆ ਦੀਆਂ ਜ਼ਿੰਦਗੀ ਭਰ ਦੀਆਂ ਸਮਾਜਿਕ ਅਤੇ ਸਾਹਿਤਕ ਪ੍ਰਾਪਤੀਆਂ ਦੇ ਮੱਦੇਨਜ਼ਰ ਉਹਨਾਂ ਨੂੰ 'ਲਾਈਫ ਟਾਈਮ ਅਚੀਵਮੈਂਟ' ਐਵਾਰਡ ਨਾਲ ਸਨਮਾਨਿਤ ਕੀਤਾ ਗਿਆ, ਬਿਰਧ ਹੋ ਚੁੱਕੇ ਸ੍ਰ.ਮਹਿੰਦਰ ਸਿੰਘ ਵਾਲੀਆ ਆਪਣੇ ਪ੍ਰੀਵਾਰ ਨਾਲ ਇਸ ਸਮਾਗਮ ਵਿੱਚ ਪਹੁੰਚੇ ਸਨ ਜਿੱਥੇ ਬੋਲਦਿਆਂ ਉਹਨਾਂ ਇਹਨਾਂ ਸੰਸਥਾਵਾਂ ਦਾ ਧੰਨਵਾਦ ਕਰਦਿਆਂ ਵਾਹਿਗੁਰੂ ਦਾ ਸ਼ੁਕਰ ਕੀਤਾ ਜਦੋਂ ਕਿ ਉਹਨਾਂ ਦੇ ਸਪੁੱਤਰ ਸ੍ਰ.ਵਿਸ਼ਵ ਵਾਲੀਆ ਨੇ ਆਖਿਆ ਕਿ ਉਹਨਾਂ ਦੇ ਪਿਤਾ ਸ੍ਰ. ਵਾਲੀਆ ਹਮੇਸ਼ਾਂ ਹੀ ਉਸਦਾ ਚਾਨਣ ਮੁਨਾਰਾ ਰਹੇ ਹਨ ਜਿਹਨਾਂ ਨੇ ਸਮਾਜਿਕ ਚੇਤਨਾਂ ਅਤੇ ਸਮਾਜਿਕ ਕਾਰਜ਼ਾਂ ਵਿੱਚ ਹਮੇਸ਼ਾਂ ਸਾਰੇ ਪ੍ਰੀਵਾਰਕ ਮੈਂਬਰਾਂ ਨੂੰ ਵੀ ਅੱਗੇ ਹੋ ਕੇ ਕੰਮ ਕਰਨ ਲਈ ਪ੍ਰੇਰਨਾਂ ਦਿੱਤੀ। ਸਮਾਗਮ ਦੌਰਾਨ ਜਿੱਥੇ ਸਵਰਨਜੀਤ ਸਿੰਘ ਬਰਾੜ, ਹਰਜਸਪ੍ਰੀਤ ਕੌਰ ਗਿੱਲ(ਪ੍ਰੀਤ)ਵਿਸ਼ ਵਾਲੀਆ ਵੱਲੋਂ ਸ੍ਰ. ਮਹਿੰਦਰ ਸਿੰਘ ਵਾਲੀਆ ਦੀ ਲੇਖਣੀ ਅਤੇ ਜ਼ਿੰਦਗੀ ਬਾਰੇ ਪਰਚੇ ਪੜ੍ਹੇ ਗਏ ਉੱਥੇ ਹੀ ਇਸ ਮੌਕੇ ਬਰੈਂਪਟਨ ਦੇ ਡਿਪਟੀ ਮੇਅਰ ਸ੍ਰ. ਹਰਕੀਰਤ ਸਿੰਘ,ਗੁਰੂ ਕਾਂਸ਼ੀ ਯੁਨੀਵਰਸਿਟੀ ਦੇ ਚਾਂਸਲਰ ਸ੍ਰ. ਗੁਰਲਾਭ ਸਿੰਘ ਸਿੱਧੂ ਵਿਸ਼ੇਸ਼ ਤੌਰ ਤੇ' ਪਹੁੰਚੇ ਹੋਏ ਸਨ।

ਇਸ ਦੌਰਾਨ ਸਟੇਜ ਦੀ ਜ਼ਿੰਮੇਵਾਰੀ ਉੱਘੀ ਲੇਖਿਕਾ ਨੀਟਾ ਬਲਵਿੰਦਰ ਨੇ ਨਿਭਾਈ ਜਦੋਂ ਕਿ ਇਸ ਮੌਕੇ ਹੋਏ ਕਵੀ ਦਰਬਾਰ ਵਿੱਚ ਡਾ. ਦਲਬੀਰ ਸਿੰਘ ਕਥੂਰੀਆ, ਡਾ. ਦਵਿੰਦਰ ਸਿੰਘ ਲੱਧੜ,ਪ੍ਰਵਾਸੀ ਤੋਂ ਸ੍ਰ. ਰਾਜਿੰਦਰ ਸਿੰਘ ਸੈਣੀ, ਮੇਜਰ ਸਿੰਘ ਨਾਗਰਾ,ਰਛਪਾਲ ਕੌਰ ਗਿੱਲ, ਹਰਜਿੰਦਰ ਸਿੰਘ ਭਸੀਨ, ਵਿਨੋਦ ਹਰਪਾਲਪੁਰੀ,ਸੁਰਿੰਦਰਜੀਤ ਕੌਰ, ਮਕਸੂਦ ਚੌਧਰੀ, ਇਕਬਾਲ ਬਰਾੜ, ਜਿੰਦ ਧਾਲੀਵਾਲ, ਪਰਮਜੀਤ ਦਿਓਲ, ਸੁਖਚਰਨਜੀਤ ਗਿੱਲ ,ਰਿੰਟੂ ਭਾਟੀਆ, ਕੁਲਜੀਤ ਮਾਨ, ਹੀਰਾ ਰੰਧਾਵਾ, ਐਮ ਐਸ ਵਾਲੀਆ, ਭਪਿੰਦਰ ਸਿੰਘ ਬਾਜਵਾ, ਹੀਰਾ ਸਿੰਘ ਹੰਸਪਾਲ, ਜੱਸੀ ਭੁੱਲਰ ਢਪਾਲੀ, ਪੁਸ਼ਪਿੰਦਰ ਜੋਸ਼ਨ, ਕੁਲਵਿੰਦਰ ਸੈਣੀ, ਇੰਜੀ: ਈਸ਼ਰ ਸਿੰਘ,ਜੰਗੀਰ ਸਿੰਘ ਕਾਹਲੋਂ,ਸਰਬਜੀਤ ਕੌਰ ਕਾਹਲੋਂ, ਪਿਆਰਾ ਸਿੰਘ ਕੁੱਦੋਵਾਲ, ਸੁਰਜੀਤ, ਬਲਰਾਜ ਧਾਲੀਵਾਲ, ਹਰਿੰਦਰ ਸਿੰਘ ਸਹੋਤਾ, ਪ੍ਰਤੀਕ, ਡਾ. ਨਾਹਰ ਸਿੰਘ, ਸੁਭਾਸ਼ ਸ਼ਰਮਾਂ, ਇੰਦਰਦੀਪ ਸਿੰਘ, ਮਦਨ ਬੰਗਾ, ਬਲਦੇਵ ਸਿੰਘ ਰਹਿਪਾ, ਗੁਰਮੇਲ ਸਿੰਘ ਢਿੱਲੋਂ, ਹਰਮਨਜੀਤ ਸਿੰਘ ਗਿੱਲ,ਡਾ. ਨਿਰਮਲ ਜਸਵਾਲ, ਪਰਮਜੀਤ ਕੌਰ ਬਰਾੜ, ਸੁਖਨਾਜ਼ ਸਿਵੀਆ, ਸੁਹੇਲ ਸਿੰਘ ਬਰਾੜ, ਰਵਿੰਦਰਪਾਲ ਸਿੰਘ ਵਾਲੀਆ, ਪਲਵਿੰਦਰ ਸਿੰਘ ਸੈਣੀ, ਇਸ਼ਟਦੀਪ ਵਾਲੀਆ, ਸੁਹੇਲ ਚੌਧਰੀ, ਪ੍ਰਦੀਪ ਸਿੰਘ, ਗੁਰਮੇਲ ਸਿੰਘ, ਨਰਿੰਦਰ ਭੰਗੂ, ਡਾ. ਗੁਰਨਾਮ ਕੌਰ ਬੱਲ, ਸਰਬਜੀਤ ਕਾਲੂ, ਰੁਹਾਨੀ ਵਾਲੀਆ ਅਤੇ ਹਰਦਿਆਲ ਸਿੰਘ ਝੀਤਾ ਆਦਿ ਨੇ ਵੀ ਆਪੋ ਆਪਣੀ ਹਾਜ਼ਰੀ ਲੁਆਈ।

# ਪੰਜਾਬ ਬੋਰਡ ਦੇ ਟਾਪਰਾਂ ਨੂੰ ਹਵਾਈ ਯਾਤਰਾ 'ਤੇ ਲੈ ਕੇ ਜਾਵੇਗੀ ਪੰਜਾਬ ਸਰਕਾਰ

## ਵਿਧਾਨ ਸਭਾ ਦਾ ਦੌਰਾ ਵੀ ਕਰਵਾਇਆ ਜਾਵੇਗਾ, ਸੀਐਮ ਮਾਨ ਨੇ ਐਲਾਨ ਕੀਤਾ




ਚੰਡੀਗੜ੍ਹ (ਪੰਕਜ ਕੁਮਾਰ/ਜਸਵਿੰਦਰ ਸਿੰਘ): ਪੰਜਾਬ ਸਰਕਾਰ ਬੋਰਡ ਕਲਾਸਾਂ ਵਿੱਚ ਟਾਪ ਕਰਨ ਵਾਲੇ ਵਿਦਿਆਰਥੀਆਂ ਨੂੰ ਵੋਕੇਸ਼ਨਲ ਯਾਤਰਾ 'ਤੇ ਲੈ ਜਾਵੇਗੀ। ਇਹ ਸਾਰਾ ਸਫ਼ਰ ਜਹਾਜ਼ ਰਾਹੀਂ ਹੋਵੇਗਾ। ਇਸ ਸਮੇਂ ਦੌਰਾਨ, ਉਨ੍ਹਾਂ ਨੂੰ ਕਿਸੇ ਇਤਿਹਾਸਕ ਸ਼ਹਿਰ ਦਾ ਦੌਰਾ ਕਰਵਾਇਆ ਜਾਵੇਗਾ ਤਾਂ ਜੋ ਉਹ ਕੁਝ ਸਿੱਖਣ ਨੂੰ ਮਿਲ ਸਕਣ। ਇਸ ਸਮੇਂ ਦੌਰਾਨ ਹੋਇਆ ਖ਼ਰਚਾ ਪੰਜਾਬ ਸਰਕਾਰ ਚੁੱਕੇਗੀ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਚੰਡੀਗੜ੍ਹ ਵਿੱਚ 10ਵੀਂ ਅਤੇ 12ਵੀਂ ਜਮਾਤ ਦੇ ਟਾਪਰਾਂ ਨੂੰ ਸਨਮਾਨਿਤ ਕਰਨ ਦੌਰਾਨ ਸਟੇਜ ਨੂੰ ਸੰਬੋਧਨ ਕਰਦਿਆਂ ਇਹ ਗੱਲ ਕਹੀ। ਉਨ੍ਹਾਂ ਸਿੱਖਿਆ ਮੰਤਰੀ ਨੂੰ ਦੱਸਿਆ ਕਿ ਹੁਣ ਸਾਡੇ ਕੋਲ ਬਜਟ ਹੈ। ਅਜਿਹੀ ਸਥਿਤੀ ਵਿੱਚ, ਇਸ ਦਿਸ਼ਾ ਵਿੱਚ ਕਦਮ ਚੁੱਕੋ। ਸਟੇਟ ਟੌਪਰਾਂ ਤੋਂ ਇਲਾਵਾ, ਜ਼ਿਲ੍ਹਾ ਟੌਪਰਾਂ ਨੂੰ ਵੀ ਸ਼ਾਮਲ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜੇਕਰ ਦੋ ਜਹਾਜ਼ ਬੁੱਕ ਕਰਨੇ ਵੀ ਪੈਣ ਤਾਂ ਕੋਈ ਸਮੱਸਿਆ ਨਹੀਂ ਹੈ। ਉਨ੍ਹਾਂ ਇਹ ਵੀ ਕਿਹਾ ਕਿ ਆਉਣ ਵਾਲੇ ਮਾਨਸੂਨ ਸੈਸ਼ਨ ਵਿੱਚ ਸਾਰੇ ਟਾਪਰਾਂ ਨੂੰ ਵਿਧਾਨ ਸਭਾ ਦਾ ਦੌਰਾ ਕਰਨ ਦਾ ਮੌਕਾ ਦਿੱਤਾ ਜਾਵੇਗਾ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਨੀਲੇ, ਹਰੇ ਅਤੇ ਲਾਲ ਕਾਰਡਾਂ ਨਾਲ ਸਥਿਤੀ ਨਹੀਂ ਸੁਧਰੇਗੀ; ਸਿਰਫ਼ ਚੰਗੀ ਸਿੱਖਿਆ ਹੀ ਸਾਡੇ ਸੂਬੇ ਦਾ ਭਵਿੱਖ ਬਦਲ ਸਕਦੀ ਹੈ।

# ਲਾਰੈਂਸ ਬਿਸ਼ਨੋਈ ਇੰਟਰਵਿਊ ਮਾਮਲੇ 'ਚ ਸਹੀ ਜਾਂਚ ਕਰੇ ਪੁਲਿਸ : ਹਾਈ ਕੋਰਟ



ਗੈਂਗਸਟਰ ਲਾਰੈਂਸ ਬਿਸ਼ਨੋਈ ਦੀ ਸੀਆਈਏ ਸਟਾਫ਼ ਖਰੜ 'ਚੋਂ ਚੈਨਲ 'ਤੇ ਹੋਈ ਇੰਟਰਵਿਊ ਦੇ ਮਾਮਲੇ ਵਿਚ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਸਹੀ ਜਾਂਚ ਕਰਨ ਦੀ ਹਦਾਇਤ ਕੀਤੀ ਹੈ। ਜਸਟਿਸ ਅਨੂਪਇੰਦਰ ਸਿੰਘ ਤੇ ਜਸਟਿਸ ਦੀਪਕ ਮਨਚੰਦਾ ਦੀ ਡਵੀਜ਼ਨ ਬੈਂਚ ਨੇ ਕਿਹਾ ਹੈ ਕਿ ਇਸ ਮਾਮਲੇ ਵਿਚ ਛੋਟੇ ਪੱਧਰ ਦੇ ਪੁਲਿਸ ਮੁਲਾਜ਼ਮਾਂ ਨੂੰ ਬਲੀ ਦਾ ਬਕਰਾ ਬਣਾਇਆ ਜਾ ਰਿਹਾ ਹੈ। ਬੈਂਚ ਨੇ ਕਿਹਾ ਕਿ ਇੰਝ ਜਾਪਦਾ ਰਿਹਾ ਹੈ ਕਿ ਵੱਡੇ ਅਫ਼ਸਰਾਂ ਦੀ ਸ਼ਮੂਲੀਅਤ ਹੋ ਸਕਦੀ ਹੈ, ਲਿਹਾਜ਼ਾ ਸਹੀ ਜਾਂਚ ਕੀਤੀ ਜਾਵੇ ਤੇ ਜੇਕਰ ਅਜਿਹਾ ਨਹੀਂ ਹੁੰਦਾ ਤਾਂ ਬੈਂਚ ਕੁਝ ਹੋਰ ਵਿਚਾਰ ਵੀ ਕਰ ਸਕਦੀ ਹੈ। ਦਰਅਸਲ ਵਿਸ਼ੇਸ਼ ਜਾਂਚ ਟੀਮ ਨੇ ਜਾਂਚ ਦੀ ਸਥਿਤੀ ਰਿਪੋਰਟ ਸੀਲ ਬੰਦ ਲਿਫ਼ਾਫ਼ੇ ਵਿਚ ਪੇਸ਼ ਕੀਤੀ ਸੀ ਤੇ ਵਿਸ਼ਵਾਸ ਨੂੰ ਵੇਖਣ ਉਪਰੰਤ ਹੀ ਬੈਂਚ ਨੇ ਸਹੀ ਜਾਂਚ ਦੀ ਹਦਾਇਤ ਕੀਤੀ ਹੈ। ਬੁੱਧਵਾਰ ਨੂੰ ਸਰਕਾਰ ਨੇ ਜੇਲਾਂ ਵਿਚ ਸੁਰੱਖਿਆ ਪੈਮਾਨੇ ਸਥਾਪਤ ਕਰਨ ਬਾਰੇ ਵੀ ਸਥਿਤੀ ਬਾਰੇ ਬੈਂਚ ਨੂੰ ਜਾਣੂੰ ਕਰਵਾਇਆ।

# ਯੂਬਾ ਸਿਟੀ ਵਿਖੇ "ਪੰਜਾਬੀ ਅਮਰੀਕਨ ਮੇਲਾ" ਸ਼ਹੀਦ ਪੁਲਿਸ ਅਫਸਰ ਓਸਮਾਰ ਰੋਡਾਰਟੇ ਨੂੰ ਸਮਰਪਿਤ ਕੀਤਾ

## "ਪੱਤਰਕਾਰ ਅਤੇ ਅਖਬਾਰ ਸੰਚਾਲਕ ਪ੍ਰੇਮ ਚੁੰਬਰ ਨੂੰ ਕੀਤਾ ਸਨਮਾਨਿਤ"



ਯੂਬਾ ਸਿਟੀ, ਕੈਲੀਫੋਰਨੀਆ (ਕੁਲਵੰਤ ਧਾਲੀਆਂ/ਨੀਟਾ ਮਾਛੀਕੇ): ਪੰਜਾਬੀ ਅਮਰੀਕਨ ਹੈਰਿਟੇਜ ਸੋਸਾਇਟੀ ਵੱਲੋਂ ਆਯੋਜਿਤ ਪੰਜਾਬੀ ਅਮਰੀਕਨ ਮੇਲੇ ਵਿੱਚ ਪੁਲਿਸ ਅਫਸਰ ਓਸਮਾਰ ਰੋਡਾਰਟੇ ਦੇ ਪਰਿਵਾਰ ਨੂੰ ਭਾਵਪੂਰਵਕ ਸ਼ਰਧਾਂਜਲੀ ਦਿੱਤੀ ਗਈ, ਜੋ ਡਿਊਟੀ ਦੌਰਾਨ ਆਪਣੀ ਜਾਨ ਗੁਆ ਬੈਠੇ। ਅਫਸਰ ਰੋਡਾਰਟੇ, ਜੋ ਸੰਯੁਕਤ ਰਾਜ ਅਮਰੀਕਾ ਫੌਜ ਦੇ ਮਾਹਰ ਸਿਪਾਹੀ ਰਹੇ, ਨੂੰ ਉਨ੍ਹਾਂ ਦੀ ਸਮਰਪਿਤ ਸੇਵਾ ਅਤੇ ਨਿਭਾਉ ਲਈ ਯਾਦ ਕੀਤਾ ਗਿਆ। ਇੱਕ ਵਿਸ਼ੇਸ਼ ਸਮਾਗਮ ਦੌਰਾਨ, ਉਨ੍ਹਾਂ ਦੇ ਪਰਿਵਾਰ ਨੂੰ $2,500 ਦਾ ਚੈਕ ਸਹਾਇਤਾ ਵਜੋਂ ਦਿੱਤਾ ਗਿਆ। ਮੈਰੀਜ਼ਵਿਲ ਪੁਲਿਸ ਵਿਭਾਗ ਦੇ ਕਈ ਸਾਥੀਆਂ ਨੇ ਉਨ੍ਹਾਂ ਦੀ ਯਾਦ ਵਿੱਚ ਹਾਜ਼ਰੀ ਭਰੀ। 1995 ਵਿੱਚ ਸਥਾਪਿਤ, ਪੰਜਾਬੀ ਅਮਰੀਕਨ ਹੈਰਿਟੇਜ ਸੋਸਾਇਟੀ ਦੋਸਤਾਨਾ, ਸੱਭਿਆਚਾਰਕ ਸਮਝ ਅਤੇ ਬੱਚਿਆਂ ਨੂੰ ਆਪਣੀ ਜੜਾਂ ਨਾਲ ਜੋੜਨ ਲਈ ਸਮਰਪਿਤ ਹੈ। ਇਸ ਵਾਰ ਦੇ ਮੇਲੇ ਵਿੱਚ 200 ਤੋਂ ਵੱਧ ਸਥਾਨਕ ਬੱਚਿਆਂ ਨੇ ਭਾਗ ਲਿਆ ਅਤੇ ਲਗਭਗ 6,000 ਲੋਕਾਂ ਦੀ ਭਾਰੀ ਭੀੜ ਨੇ ਹਿੱਸਾ ਲਿਆ। ਮੇਲੇ ਵਿੱਚ ਪ੍ਰਸਿੱਧ ਕਲਾਕਾਰਾਂ ਜਿਵੇਂ ਕਿ ਜੀ. ਸਿੱਧੂ, ਇਸ਼ਮੀਤ ਨਰੂਲਾ ਅਤੇ ਹਰਜੀਤ ਹਰਮਨ ਨੇ ਆਪਣੇ ਪ੍ਰਦਰਸ਼ਨ ਰਾਹੀਂ ਪੰਜਾਬੀ ਅਮਰੀਕਨ ਕੌਮ ਦੀ ਰੰਗੀਨ ਵਿਰਾਸਤ ਨੂੰ ਉਜਾਗਰ ਕੀਤਾ। ਅਕਾਦਮਿਕ ਉਤਕ੍ਰਿਸ਼ਟਤਾ ਦੀ ਮਾਨਤਾ ਦੇਣ ਵਾਸਤੇ, 7 ਸਥਾਨਕ ਵਿਦਿਆਰਥੀਆਂ ਨੂੰ ਸਕਾਲਰਸ਼ਿਪ ਦਿੱਤੇ ਗਏ। ਪੱਤਰਕਾਰ ਪ੍ਰੇਮ ਕੁਮਾਰ ਚੁੰਬਰ ਨੂੰ ਭਾਈਚਾਰੇ ਵਿੱਚ ਚੰਗੀ ਇੱਛਾ ਵਧਾਉਣ ਲਈ ਉਨ੍ਹਾਂ ਦੀ ਵਿਸ਼ੇਸ਼ ਭੂਮਿਕਾ ਲਈ ਸਨਮਾਨਿਤ ਕੀਤਾ ਗਿਆ। ਡਾ. ਕੁਲਦੀਪ ਸਿੰਘ ਨੂੰ UC Davis ਅਤੇ Stanford University ਵਿੱਚ ਪੰਜਾਬੀ ਭਾਸ਼ਾ ਪੜ੍ਹਾਉਣ ਅਤੇ ਅਗਲੀ ਪੀੜ੍ਹੀ ਵਿੱਚ ਸੱਭਿਆਚਾਰਕ ਜੁੜਾਅ ਮਜ਼ਬੂਤ ਕਰਨ ਲਈ ਮਾਣਤਾ ਦਿੱਤੀ ਗਈ। ਇਸ ਵਾਰ, ਭਾਈਚਾਰੇ ਦੇ ਮੈਂਬਰਾਂ ਅਤੇ ਸਥਾਨਕ ਵਪਾਰੀ ਸਹਿਯੋਗ ਨਾਲ ਮੇਲੇ ਦੀ ਪ੍ਰਵੇਸ਼ ਮੁਫ਼ਤ ਰੱਖੀ ਗਈ। ਪੰਜਾਬੀ ਅਮਰੀਕਨ ਮੇਲਾ ਇਕਤਾ, ਯਾਦਗਾਰੀ ਅਤੇ ਸੱਭਿਆਚਾਰਕ ਮਾਣ ਦਾ ਪ੍ਰਤੀਕ ਬਣ ਕੇ, ਹਰ ਵਰਗ ਦੇ ਲੋਕਾਂ ਨੂੰ ਇਕੱਠੇ ਕਰਦਾ ਹੈ, ਤਾਂ ਜੋ ਸੇਵਾ, ਵਿਦਿਆ ਅਤੇ ਭਾਈਚਾਰੇ ਦੇ ਆਦਰਸ਼ਾਂ ਨੂੰ ਮਨਾਇਆ ਅਤੇ ਸਨਮਾਨਿਤ ਕੀਤਾ ਜਾ ਸਕੇ। ਅੰਤ ਆਪਣੀਆਂ ਯਾਦਗਾਰੀ ਪੈੜਾਂ ਛੱਡਦਿਆਂ ਇਹ ਮੇਲਾ ਹਮੇਸ਼ਾ ਦੀ ਤਰ੍ਹਾਂ ਯਾਦਗਾਰੀ ਹੋ ਨਿਬੜਿਆ।

## -ਨਸ਼ਾ ਤਸਕਰੀ ਦਾ ਮਾਮਲਾ-

# ਥਾਰ, ਰੋਲੈਕਸ ਤੇ ਸ਼ਾਨਦਾਰ ਘਰ: ਮੁਅੱਤਲ ਮਹਿਲਾ ਕਾਂਸਟੇਬਲ ਦੀ ਜਾਇਦਾਦ ਫ੍ਰੀਜ਼



ਪੰਜਾਬ ਪੁਲਿਸ ਨੇ ਮੁਅੱਤਲ ਮਹਿਲਾ ਕਾਂਸਟੇਬਲ ਅਮਨਦੀਪ ਕੌਰ 'ਤੇ ਨਸ਼ਾ ਤਸਕਰੀ ਦੇ ਗੰਭੀਰ ਦੋਸ਼ਾਂ ਵਿੱਚ ਕਾਰਵਾਈ ਕਰਦਿਆਂ ਉਸ ਦੀਆਂ 1.35 ਕਰੋੜ ਰੁਪਏ ਤੋਂ ਵੱਧ ਦੀ ਚੱਲ ਅਤੇ ਅਚੱਲ ਜਾਇਦਾਦਾਂ ਨੂੰ ਫ੍ਰੀਜ਼ ਕਰ ਦਿੱਤਾ ਹੈ। ਇਹ ਕਾਰਵਾਈ ਥਾਣਾ ਕੈਨਾਲ ਕਾਲੋਨੀ ਵਿੱਚ ਦਰਜ FIR ਨੰਬਰ 65, ਮਿਤੀ 2 ਅਪ੍ਰੈਲ 2025 ਦੇ ਅਧੀਨ ਕੀਤੀ ਗਈ ਹੈ, ਜੋ NDPS ਐਕਟ ਦੀਆਂ ਧਾਰਾਵਾਂ 21B, 61 ਅਤੇ 85 ਅਧੀਨ ਦਰਜ ਹੈ। ਬਠਿੰਡਾ ਜ਼ਿਲ੍ਹੇ ਦੇ ਪਿੰਡ ਚੱਕ ਫਤਿਹ ਸਿੰਘ ਵਾਲਾ ਦੀ ਵਸਨੀਕ ਅਮਨਦੀਪ ਕੌਰ, ਜਸਵੰਤ ਸਿੰਘ ਦੀ ਧੀ, ਪੰਜਾਬ ਪੁਲਿਸ ਵਿੱਚ ਕਾਂਸਟੇਬਲ ਸੀ। ਸ਼ੁਰੂਆਤੀ ਜਾਂਚ ਵਿੱਚ ਸ਼ੱਕੀ ਗਤੀਵਿਧੀਆਂ ਸਾਹਮਣੇ ਆਉਣ ਤੋਂ ਬਾਅਦ ਉਸ ਨੂੰ ਮੁਅੱਤਲ ਕਰ ਦਿੱਤਾ ਗਿਆ ਸੀ। ਜਾਂਚ ਵਿੱਚ ਸਾਹਮਣੇ ਆਇਆ ਕਿ ਉਸ ਦੀਆਂ ਕਈ ਜਾਇਦਾਦਾਂ ਦੇ ਆਮਦਨ ਦੇ ਸਰੋਤ ਅਸਪਸ਼ਟ ਸਨ ਅਤੇ ਸੰਭਵ ਤੌਰ 'ਤੇ ਨਸ਼ਾ ਤਸਕਰੀ ਨਾਲ ਜੁੜੀ ਕਮਾਈ ਨਾਲ ਖਰੀਦੀਆਂ ਗਈਆਂ ਸਨ।

ਜ਼ਬਤ ਕੀਤੀਆਂ ਜਾਇਦਾਦਾਂ ਦਾ ਵੇਰਵਾ

ਰਿਹਾਇਸ਼ੀ ਪਲਾਟ: ਬਠਿੰਡਾ ਦੇ ਵਿਰਾਟ ਗ੍ਰੀਨ ਵਿੱਚ 99 ਲੱਖ ਰੁਪਏ ਦਾ ਪਲਾਟ ਅਤੇ ਡਰੀਮ ਸਿਟੀ ਵਿੱਚ 120.83 ਗਜ਼ ਦਾ 18.12 ਲੱਖ ਰੁਪਏ ਦਾ ਪਲਾਟ। ਵਾਹਨ: 14 ਲੱਖ ਰੁਪਏ ਦੀ ਥਾਰ ਸ਼ੂਜ਼ (PB 05 AQ 7720) ਅਤੇ 1.70 ਲੱਖ ਰੁਪਏ ਦੀ ਰਾਇਲ ਐਨਫੀਲਡ ਬੁਲੇਟ ਮੋਟਰਸਾਈਕਲ (PB 03 BM 4445)।

ਮੋਬਾਈਲ ਫੋਨ: iPhone 13 Pro Max (45,000 ਰੁਪਏ), iPhone SE (9,000 ਰੁਪਏ), ਅਤੇ Vivo ਫੋਨ (2,000 ਰੁਪਏ)।

ਰੋਲੈਕਸ ਘੜੀ: 1 ਲੱਖ ਰੁਪਏ ਦੀ ਕੀਮਤ।

ਬੈਂਕ ਖਾਤਾ: ਸਟੇਟ ਬੈਂਕ ਆਫ ਇੰਡੀਆ ਵਿੱਚ 1,01,588.53 ਰੁਪਏ ਦੀ ਨਕਦ ਰਕਮ।

ਕੁੱਲ ਜ਼ਬਤ ਜਾਇਦਾਦ ਦੀ ਕੀਮਤ: 1,35,39,588.53 ਰੁਪਏ।

ਪੁਲਿਸ ਦਾ ਕਹਿਣਾ ਹੈ ਕਿ ਇਹ ਸ਼ੁਰੂਆਤੀ ਅੰਕੜਾ ਹੈ ਅਤੇ ਅਗਲੇਰੀ ਜਾਂਚ ਵਿੱਚ ਹੋਰ ਜਾਇਦਾਦਾਂ ਸਾਹਮਣੇ ਆ ਸਕਦੀਆਂ ਹਨ।

ਵਿਜੀਲੈਂਸ ਦੀ ਕਾਰਵਾਈ – ਵਿਜੀਲੈਂਸ ਵਿਭਾਗ ਨੇ ਅਮਨਦੀਪ ਕੌਰ ਨੂੰ ਆਮਦਨ ਤੋਂ ਵੱਧ ਜਾਇਦਾਦ ਦੇ ਮਾਮਲੇ ਵਿੱਚ ਸੋਮਵਾਰ ਨੂੰ ਗ੍ਰਿਫਤਾਰ ਕੀਤਾ। ਜਾਂਚ ਵਿੱਚ ਉਸ ਦੀ ਆਮਦਨ 1.08 ਕਰੋੜ ਰੁਪਏ ਸੀ, ਜਦਕਿ ਖਰਚ 1.39 ਕਰੋੜ ਰੁਪਏ ਅੰਕਿਆ ਗਿਆ। ਇਸ ਤੋਂ ਪਹਿਲਾਂ, 2 ਅਪ੍ਰੈਲ 2025 ਨੂੰ ਬਠਿੰਡਾ ਦੇ ਲਾਡਲੀ ਧੀ ਚੌਕ ਤੋਂ 17 ਗ੍ਰਾਮ ਹੈਰੋਇਨ ਨਾਲ ਉਸ ਦੀ ਗ੍ਰਿਫਤਾਰੀ ਹੋਈ ਸੀ, ਜਿਸ ਤੋਂ ਬਾਅਦ ਉਸ ਨੂੰ ਮੁਅੱਤਲ ਕੀਤਾ ਗਿਆ। 29 ਅਪ੍ਰੈਲ ਨੂੰ ਉਸ ਨੂੰ ਨਸ਼ਿਆਂ ਦੇ ਮਾਮਲੇ ਵਿੱਚ ਜ਼ਮਾਨਤ ਮਿਲੀ ਸੀ। ਅਮਨਦੀਪ ਕੌਰ ਦੀ ਗ੍ਰਿਫਤਾਰੀ ਤੋਂ ਬਾਅਦ ਉਸ ਦੀ ਸ਼ਾਨਦਾਰ ਜੀਵਨ ਸ਼ੈਲੀ ਸੁਰਖੀਆਂ ਵਿੱਚ ਆਈ। ਸੋਸ਼ਲ ਮੀਡੀਆ 'ਤੇ ਉਸ ਦੀ ਰੋਲੈਕਸ ਘੜੀ, ਥਾਰ ਗੱਡੀ ਅਤੇ ਸ਼ਾਨਦਾਰ ਘਰ ਦੇ ਵੀਡੀਓ ਵਾਇਰਲ ਹੋਏ। ਹਾਲਾਂਕਿ, ਉਸ ਨੇ ਦਾਅਵਾ ਕੀਤਾ ਕਿ ਉਸ ਨੂੰ ਗਲਤ ਢੰਗ ਨਾਲ ਫਸਾਇਆ ਗਿਆ, ਪਰ ਵਿਜੀਲੈਂਸ ਨੂੰ ਉਸ ਦੀ ਆਮਦਨ ਤੋਂ ਵੱਧ ਜਾਇਦਾਦ ਅਤੇ ਸ਼ੱਕੀ ਲੈਣ-ਦੇਣ ਦੀ ਜਾਣਕਾਰੀ ਮਿਲੀ।

ਅਜਵਾ ਖਜੂਰਾਂ ਖਾਓ ਤੰਦਰੁਸਤ ਰਹੋ
ਦਿਲ, ਦਿਮਾਗ, ਲਿਵਰ ਅਤੇ ਗੁਰਦਿਆਂ ਲਈ ਬਹੁਤ ਹੀ ਲਾਭਕਾਰੀ
AJWA DATE
FRESH SEED POWDER
UNROASTED | 100% NATURAL | PREMIUM QUALITY
HEART BRAIN LIVER KIDNEYS
ਅਜਵਾ ਖਜੂਰ ਕੀ ਹੈ?
ਅਜਵਾ ਖਜੂਰ ਇੱਕ ਵਿਸ਼ੇਸ਼ ਤਰ੍ਹਾਂ ਦੀ ਖਜੂਰ ਹੈ ਜਿਹੜੀ ਸਿਹਤ ਸਬੰਧੀ ਆਪਣੇ ਚੰਗੇ ਗੁਣਾਂ ਕਰਕੇ ਜਾਣੀ ਜਾਂਦੀ ਹੈ। ਅਜਵਾ ਖਜੂਰਾਂ ਆਪਣੇ ਗੁਣਾਂ ਕਰਕੇ ਬਹੁਤ ਮਸ਼ਹੂਰ ਅਤੇ ਮਹਿੰਗੀਆਂ ਵੀ ਹਨ। ਕਿਉਂਕਿ ਅਜਵਾ ਖਜੂਰ ਦਾ ਬੀਜ ਬਹੁਤ ਹੀ ਗੁਣਕਾਰੀ ਹੈ ਮਨੁੱਖੀ ਸਰੀਰ 'ਤੇ ਇਸ ਦੇ ਪ੍ਰਭਾਵ ਬਹੁਤ ਹੀ ਲਾਜੁਆਬ ਅਤੇ ਲਾਭਦਾਇਕ ਹਨ।
ਅਜਵਾ ਖਜੂਰ ਦੇ ਫਾਇਦੇ:
ਅਜਵਾ ਖਜੂਰਾਂ ਵਿੱਚ ਐਂਟੀਔਕਸੀਡੈਂਟ, ਫਾਈਬਰ ਵਧੇਰੇ ਮਾਤਰਾ ਵਿੱਚ ਹੁੰਦਾ ਹੈ, ਐਂਟੀ ਇਨਫਲਮੇਟੋਰੀ ਅਤੇ ਐਂਟੀ ਮਾਈਕ੍ਰੋਬਲ ਗੁਣਾਂ ਕਰਕੇ ਦਿਲ ਦੇ ਰੋਗਾਂ, ਖਰਾਬ ਬਲੱਡ ਸਰਕੂਲੇਸ਼ਨ, ਹਾਈ ਬਲੱਡ ਪ੍ਰੈਸ਼ਰ, ਕਮਜ਼ੋਰੀ, ਇੰਨਫਰਟਿਲੀ ਅਤੇ ਬੰਦ ਨਾੜੀਆਂ ਨੂੰ ਖੋਲ੍ਹਣ, ਖਰਾਬ ਕੋਲੈਸਟ੍ਰੋਲ ਨੂੰ ਘਟਾਉਣ ਵਿੱਚ ਵੀ ਮਦਦਗਾਰ ਹੈ।
ਅਜਵਾ ਖਜੂਰ ਦਾ ਪਾਊਡਰ ਸਾਡੇ ਤੋਂ ਹੀ ਕਿਉਂ ਲਓ?
ਸਾਨੂੰ ਮਾਣ ਹੈ ਅਸੀਂ ਆਪਣੇ ਕਸਟਮਜ਼ ਲਈ ਵਧੀਆ ਕੁਆਇਲਟੀ ਦਾ ਅਜਵਾ ਪਾਊਡਰ ਕੈਨੇਡਾ ਵਿੱਚ ਹੀ ਤਿਆਰ ਕਰਦੇ ਹਾਂ, ਕਿਉਂਕਿ ਅਸੀਂ ਅਜਵਾ ਖਜੂਰਾਂ ਸਾਊਦੀ ਅਰਬ ਦੇ ਮਦੀਨਾ ਸ਼ਹਿਰ ਤੋਂ ਮੰਗਵਾਉਂਦੇ ਹਾਂ ਅਤੇ ਕੈਨੇਡਾ ਵਿਚ ਇਨ੍ਹਾਂ ਤੋਂ ਤਾਜ਼ਾ ਤਰੀਨ ਪਾਊਡਰ ਤਿਆਰ ਕਰਦੇ ਹਾਂ, ਇਸ ਲਈ ਇੱਥੇ ਤਿਆਰ ਹੋਣ ਕਰਕੇ ਸਾਰੇ ਗੁਣਕਾਰੀ ਤੱਤ 100% ਵਿਚ ਮਿਲਦੇ ਹਨ।
ਇਨ੍ਹਾਂ ਸਟੋਰ ਤੋਂ ਲੈ ਸਕਦੇ ਹੋ
Bestway Food Market, 20 Red Maple Dr. Brampton
Indian Food Land, 45 Dusk Drive, Brampton
ਸਾਡੀ ਕੰਪਨੀ ਨਿਊਟਰਾ ਸਲੈਕਟ ਕੈਨੇਡੀਅਨ ਕੰਪਨੀ ਹੈ ਅਤੇ ਹੈਲਥ ਕੈਨੇਡਾ ਦੇ ਨਿਯਮਾਂ ਅਨੁਸਾਰ ਕੰਮ ਕਰਦੇ ਹਾਂ, ਸਾਡੀਆਂ ਅਜਵਾ ਖਜੂਰਾਂ ਕਈ ਤਰ੍ਹਾਂ ਦੀਆਂ ਸਰਟੀਫਿਕੇਸ਼ਨਾਂ ਵਿੱਚੋਂ ਲੰਘ ਕੇ ਉਨ੍ਹਾਂ ਤੋਂ ਪਾਊਡਰ ਤਿਆਰ ਕੀਤਾ ਜਾਂਦਾ ਹੈ। ਇਸ ਲਈ ਨਿਊਟਰਾਸਲੈਕਟ ਦਾ ਅਜਵਾ ਪਾਊਡਰ ਜ਼ਰੂਰ ਅਜ਼ਮਾਓ।
100% NATURAL PRODUCT
PRODUCT OF CANADA
NUTRA SELECT
ਅਜਵਾ ਖਜੂਰਾਂ ਦਾ ਪਾਊਡਰ ਮੰਗਵਾਉਣ ਲਈ ਫੋਨ ਕਰੋ
905-923-0414

ਲਾਈਫ, ਵਿਜ਼ਟਰ, ਡਿਸਅਬਿਲਟੀ, ਮੌਰਗੇਜ ਇੰਸ਼ੋਰੈਂਸ
Special Rates for Super Visa Insurance
- Disability Income Insurance
- No Income Proof for up to $2000/month benefit (injury or sickness)
- $10,000-$20,000 of Accidental death included NEW!!
- Up tp $18,000 of rehabilitation benefit included
- $100/day cash of hospitalization for upto one full year
- You can also qualify for up to $2000/month on top from any other providers
- Get all or partial of your paid premium refunded on death and at maturity even if you make a claim
- Life Insurance
- Disability Insurance
- Visitor Insurance
- Save Tax R.R.S.P.
- Mortgage Insurance
- Income Tax Planning
- Drug & Dental Plan
- R.E.S.P.
Guaranteed issued Critical illness Insurance with premium refund
- Have High Blood Pressure, No Problem!!
- Have High Cholestrol, No Problem!!
- You are qualified!! & will pay the claim!!
- Get peace of mind
RAJPAL BRAR
Your Insurance Specialist
Call for Consultation
416-917-1456
Consolidate your insurance under one policy to save the high cost rather wasting too much money on just policy fees
Trusted Name in the community from the last 12 years for our professional, honest, dedicated & committed service
PRAIRIE FINANCIAL GROUP LTD. 2355 Derry Road, E., Unit#29, Mississauga, ON. L5S 1V6

Action Auto Collision
ਵੱਡੀ ਅਤੇ ਖੁੱਲ੍ਹੀ ਜਗ੍ਹਾ
Salvage Inspection Station
Government Approved Licensed Body Shop
We Welcome ALL INSURANCE CLAIMS
Jessie Srai
Specializes In Collision Custom Paint
I-CAR GOLD CLASS
Tel: (416) 746-6699
Fax: (416) 746-6667
2662 Drew Road, Mississauga
ਕੁਲੀਜ਼ਨ ਦਾ ਹਰ ਤਰ੍ਹਾਂ ਦਾ ਕੰਮ ਕਰਦੇ ਹਾਂ ਅਤੇ ਸਾਰੀਆਂ ਇੰਸ਼ੋਰੈਂਸ ਕੰਪਨੀਆਂ ਨਾਲ ਡੀਲ ਕਰਦੇ ਹਾਂ
We deal with all Insurance Claim

ਕੀ ਤੁਹਾਡਾ ਪਿਛਲੇ ਸਮੇਂ ਵਿੱਚ
ਕੈਨੇਡਾ ਦਾ
ਵੀਜਾ ਰੱਦ ਹੋਇਆ ਹੈ ਜਾਂ
ਕੇਸ ਨੂੰ ਫਾਇਲ ਕਰਨ ਤੋਂ ਬਾਅਦ
ਤੁਹਾਨੂੰ ਆਪਣੇ CASE ਦਾ STATUS ਨਹੀਂ ਪਤਾ ਚੱਲਿਆ ਤਾਂ
ਅੱਜ ਹੀ ਕਾਨੂੰਨੀ ਅਧਿਕਾਰ ਜਾਨਣ ਲਈ ਹੇਠਾਂ ਦਿੱਤੇ ਪਤੇ ਤੇ ਸੰਪਰਕ ਕਰੋ
CWC IMMIGRATION SOLUTIONS
2565 STEELES AVE. EAST, UNIT-19, BRAMPTON, ON L6T4L6
905 670 4444

GET PRE-APPROVED & SHOP WITH CONFIDENCE
- Save Money ...with one application you get access to many lenders, from major banks to private lenders, so we can find you the mortgage with the best rate and terms that fit your needs.
- Get Pre-Approved ...find out how much you qualify for and get pre-approved so you can choose your dream home with peace of mind.
- Expert Advice ...with many years of experience in the financial industry, you'll get the Right counsel.
- No Cost ...all my services are at no cost to you. OAC. Some restrictions apply.
- PURCHASES
- REFINANCES
- RENEWALS
- DEBT CONSOLIDATION
- SELF-EMPLOYED
- NEW TO CANADA
- HOME RENOVATIONS
- PRIVATE MORTGAGE
- INVESTMENTS
NOW HIRING
Start your career as a Mortgage Professional.
20 Maritime Blvd, Unit #11, Brampton, ON L6S0C2
MORTGAGE ALLIANCE
THE RIGHT BROKER™ THE RIGHT MORTGAGE®
CONTACT ME TODAY FOR DETAILS
Parminder Mangat
Mortgage Agent | Lic# 10530
647-285-9119
pmangat@mortgagealliance.com
mortgagealliance.com/ParminderMangat

ਪੰਜਾਬ ਸਟਾਰ

**To Contact Us:**

Editor:
Simrat Grewal
905-673-7666

Marketing Director:
Lakhwinder Singh Sandhu
647-400-7314

Senior Advisors:
Harkirat Singh
Abnash Nijjor
Davinder Sandhu
Onkar Grewal

Technical Director :
Bobby Bhamra

Accounts Advisor:
Sandeep Assi (CGA)
905-450-8999

Correspondant:
Raghbir Singh Kahlon (Ludhiana)
Amolak Mann (San jose)
Kulwinder Singh (New Jersey)
Ragvir Singh (Jalandhar)

Registered Office:
7035 Maxwell Rd.,
Suite#203, Mississauga, ON.
L5S 1R5
Ph: 905-673-7666
Fax: 289-206-8611

website:-
www.punjabstar.com
Email:-
editor@punjabstar.com

Annual Subscription
Canada:- $1:00
International:-$1:50

ਪੰਜਾਬ ਸਟਾਰ ਦੇ ਸੰਪਾਦਕ ਜਾਂ ਇਸ ਨਾਲ ਜੁੜੇ ਲੋਕਾਂ ਦਾ ਪੰਜਾਬ ਸਟਾਰ ਵਿੱਚ ਛਪਦੀਆਂ ਲਿਖਤਾਂ ਅਤੇ ਇਸ਼ਤਿਹਾਰਾਂ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ।

The Punjab Star management & people associated with it are not responsible for any claims made by the advertisers & do not endorse any product or services advertised in Punjab star. We sell the space in the newspaper, and the clains are those of the advertisers. Please consult your lawyer before buying through the advertisements published in Punjab Star.

ਬੁੱਧ ਚਿੰਤਨ


# ਬੌਧਿਕ ਮਾਫੀਏ ਦੀ ਕੰਗਾਲੀ !



ਬੁੱਧ ਸਿੰਘ ਨੀਲੋਂ
94643 70823

ਸਮਾਜ ਦੇ ਵਿੱਚ ਪੜ੍ਹੇ ਲਿਖਿਆਂ ਨੂੰ ਸਿਆਣਾ ਤੇ ਵਿਦਵਾਨ ਆਖਿਆ ਜਾਂਦਾ ਹੈ। ਉਹ ਆਪਣੀ ਵਿਦਵਤਾ ਦੇ ਰਾਹੀਂ ਸਮਾਜ ਨੂੰ ਚੰਗੇ ਸਾਹਿਤ ਦੇ ਨਾਲ ਜੋੜਦੇ ਹਨ। ਲੇਖਕ ਵੀ ਸਮਾਜ ਦੀ ਗ਼ਲਤ ਕਦਰਾਂ ਕੀਮਤਾਂ ਨੂੰ ਨਿਕਾਰ ਕੇ ਨਵੇਂ ਸਾਹਿਤ ਦੀ ਸਿਰਜਣਾ ਕਰਦਾ ਹੈ। ਸਾਹਿਤ ਸਮਾਜ ਬਗ਼ਾਵਤ ਨਹੀਂ ਕਰਦਾ ਸਗੋਂ ਬਗ਼ਾਵਤ ਕਰਨ ਵਾਲੇ ਯੋਧਿਆਂ ਨੂੰ ਸਿਰਜਦਾ ਹੈ। ਸੋਵੀਅਤ ਯੂਨੀਅਨ ਦੀ ਕ੍ਰਾਂਤੀ ਦੇ ਵਿੱਚ ਮੈਕਸਿਮ ਗੋਰਕੀ ਦੇ ਨਾਵਲ ਮਾਂ ਦੀ ਵੱਡੀ ਭੂਮਿਕਾ ਮੰਨੀ ਜਾਂਦੀ ਹੈ। ਉਸ ਨਾਵਲ ਨੇ ਨੌਜਵਾਨਾਂ ਦੇ ਅੰਦਰ ਗੁਲਾਮੀਂ ਤੋਂ ਛੁਟਕਾਰਾ ਪਾਉਣ ਲਈ ਨਵੀਂ ਚੇਤਨਾ ਪੈਦਾ ਕੀਤੀ। ਪੰਜਾਬੀ ਸਾਹਿਤ ਦੇ ਅੰਦਰ ਸੱਤਰਵਿਆਂ ਦੇ ਦਹਾਕੇ ਵਿੱਚ ਨਕਸਲੀ ਲਹਿਰ ਦੇ ਬਹੁਤੇ ਕ੍ਰਾਂਤੀਕਾਰੀ ਨੌਜਵਾਨ ਸਾਹਿਤ ਦੇ ਆਸ਼ਕ ਸਨ। ਉਹਨਾਂ ਨੇ ਪੰਜਾਬ ਦੇ ਅੰਦਰ ਨਵੀਂ ਸੋਚ ਤੇ ਚੇਤਨਾ ਜਗਾਉਣ ਲਈ ਲਹਿਰ ਸ਼ੁਰੂ ਕੀਤੀ। ਇਸ ਲਹਿਰ ਦੇ ਸਮੇਂ ਹੀ ਪ੍ਰਗਤੀਵਾਦੀ ਵਿਚਾਰਧਾਰਾ ਸਾਹਿਤ ਲਿਖਿਆ ਗਿਆ। ਜਿਹੜਾ ਅੱਜ ਵੀ ਓਨੀ ਸ਼ਿੱਦਤ ਨਾਲ ਪੜ੍ਹਿਆ ਜਾ ਰਿਹਾ ਹੈ। ਇਹ ਲਹਿਰ ਦੇ ਫੇਲ੍ਹ ਹੋਣ ਦੇ ਅਨੇਕ ਕਾਰਨ ਹੋ ਸਕਦੇ ਹਨ। ਇਸੇ ਲਹਿਰ ਨੂੰ ਦਬਾਉਣ ਲਈ ਸਿੱਖ ਪੰਥ ਦੇ ਆਪੇ ਬਣੇ ਆਗੂ ਪ੍ਰਕਾਸ਼ ਸਿੰਘ ਬਾਦਲ ਨੇ ਪੰਜਾਬ ਦੇ ਵਿੱਚ ਝੂਠੇ ਪੁਲਿਸ ਮੁਕਾਬਲਿਆਂ ਦੀ ਸ਼ੁਰੂਆਤ ਕੀਤੀ। ਉਂਝ ਪ੍ਰਕਾਸ਼ ਸਿੰਘ ਬਾਦਲ ਦੇ ਨਾਮ ਗੁਨਾਹਾਂ ਦੇ ਬਹੁਤ ਸਾਰੇ ਰਿਕਾਰਡ ਹਨ, ਜਿਹੜੇ ਉਹਨਾਂ ਸੱਤਾਧਾਰੀ ਹੁੰਦਿਆਂ ਬਣਾਏ। ਜਿਹਨਾਂ ਦੀ ਅੱਜਕਲ੍ਹ ਬੜੀ ਚਰਚਾ ਹੋ ਰਹੀ ਹੈ। ਹਰ ਦਿਨ ਨਵੀਆਂ ਪਰਤਾਂ ਤੇ ਗੱਲਾਂ ਸਾਹਮਣੇ ਆ ਰਹੀਆਂ ਹਨ।

ਪੰਜਾਬ ਦੇ ਲੋਕ ਮਾਨਸਿਕ ਤੌਰ ਤੇ ਸਿਆਸੀ ਪਾਰਟੀਆਂ ਦੇ ਗੁਲਾਮ ਬਣ ਕੇ ਰਹਿ ਗਏ ਹਨ। ਇਹਨਾਂ ਨੂੰ ਮਾਨਸਿਕ ਤੌਰ ਉੱਤੇ ਚੇਤਨ ਕਰਨ ਲਈ ਸਾਹਿਤ ਨਾਲ ਜੋੜਨ ਦੀ ਲੋੜ ਹੈ। ਉਂਝ ਪੰਜਾਬ ਦੇ ਲੋਕਾਂ ਕੋਲ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਹਨ। ਜੋ ਮਨੁੱਖ ਨੂੰ ਜੀਵਨ ਜਿਉਣ ਦੀ ਤਹਿਜ਼ੀਬ ਸਿਖਾਉਂਦਾ ਹੈ। ਦੁੱਖ ਇਸ ਗੱਲ ਦਾ ਹੈ ਕਿ ਅਸੀਂ ਗੁਰੂ ਗ੍ਰੰਥ ਸਾਹਿਬ ਜੀ ਦੀ ਬਾਣੀ ਨੂੰ ਪੜ੍ਹਿਆ ਨਹੀਂ ਤੇ ਸਮਝਿਆ ਨਹੀਂ। ਇਸੇ ਕਰਕੇ ਮਨੁੱਖ ਮਾਨਸਿਕ ਤੌਰ ਉੱਤੇ ਬੀਮਾਰ ਹੋ ਗਿਆ ਹੈ। ਅਸੀਂ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੇ ਨਾਲ ਜੁੜਨ ਦੀ ਵਜਾਏ ਬਾਹਰੀ ਦਿੱਖ ਸਜਾਉਣ ਦੇ ਮੁਕਾਬਲੇ ਵਿਚ ਉਲਝ ਗਏ ਹਾਂ। ਅਸੀਂ ਵੱਡੇ ਵੱਡੇ ਗੁਰਦੁਆਰਾ ਸਾਹਿਬ ਤਾਂ ਉਸਾਰ ਲਏ ਹਨ ਪਰ ਸ਼ਬਦ ਗੁਰੂ ਦੀ ਵਿਚਾਰਧਾਰਾ ਨੂੰ ਪੜ੍ਹਨ ਦੀ ਵਜਾਏ ਸਿਰਫ ਉਸਨੂੰ ਮਨੋਕਾਮਨਾਵਾਂ ਪੂਰੀਆਂ ਕਰਨ ਵਾਲਾ ਰੱਬ ਬਣਾ ਲਿਆ। ਜਦਕਿ ਉਹਦੇ ਅੰਦਰ ਸ਼ਬਦ ਹੈ। ਸ਼ਬਦ ਹੀ ਸਾਡਾ ਮਾਰਗ ਦਰਸ਼ਨ ਕਰਦਾ ਹੈ। ਅਸੀਂ ਧਾਰਮਿਕ ਪਾਖੰਡ ਕਰਨ ਵਾਲੇ ਦੁਨੀਆਂ ਦੇ ਵੱਡੇ ਬਣ ਗਏ ਹਾਂ। ਗੁਰੂ ਸ਼ਬਦ ਪਾਖੰਡ ਤੇ ਕਰਾਮਾਤਾਂ ਦੇ ਖਿਲਾਫ ਹੈ। ਪਰ ਸਾਡੇ ਪੁਜਾਰੀਆਂ ਨੇ ਉਸਨੂੰ ਕਰਾਮਾਤੀ ਬਣਾ ਦਿੱਤਾ ਹੈ। ਅਸੀਂ ਆਪੇ ਰਹਿਤ ਮਰਿਆਦਾ ਬਣਾ ਕੇ ਉਸਨੂੰ ਆਪਣੇ ਤਰੀਕੇ ਨਾਲ ਵਰਤਿਆ ਹੈ। ਇਤਿਹਾਸਕ ਦਸਤਾਵੇਜ਼ਾਂ ਨੂੰ ਸਮਝਣ ਦੀ ਵਜਾਏ ਕੁੱਝ ਮਨੋਕਲਪਿਤ ਕਹਾਣੀਆਂ ਦੇ ਮਗਰ ਲੱਗ ਗਏ ਹਾਂ। ਅਸੀਂ ਗੁਰੂ ਗ੍ਰੰਥ ਸਾਹਿਬ ਜੀ ਨੂੰ ਭੁੱਲ ਗਏ ਹਾਂ। ਜਾਂ ਸਾਨੂੰ ਉਸਦੇ ਨਾਲੋਂ ਦੂਰ ਕਰ ਦਿੱਤਾ ਹੈ। ਇਹ ਸਵਾਲ ਇਸ ਸਮੇਂ ਜਵਾਬ ਦੀ ਉਡੀਕ ਵਿੱਚ ਹੈ। ਮਨੁੱਖ ਨੂੰ ਮਾਨਸਿਕ ਤੌਰ 'ਕਾਬੂ ਕਰਨ ਦੇ ਲਈ ਹਰ ਸਮੇਂ ਕੋਈ ਨਾ ਕੋਈ ਵਿਚਾਰਧਾਰਾ ਪਣਪ ਦੀ ਰਹੀ ਹੈ। ਜਿਸ ਵਿਚਾਰਧਾਰਾ ਨੇ ਆਮ ਮਨੁੱਖ ਦੇ ਵਿਕਾਸ ਦੇ ਲਈ ਹੰਭਲਾ ਮਾਰਿਆ ਉਹ ਹੀ ਜਿਉਂਦੀ ਰਹੀ ਹੈ। ਨਹੀਂ ਸਮੇਂ ਦੇ ਨਾਲ ਨਾਲ ਸਮਾਜ ਦੀ ਵਿਚਾਰਧਾਰਾ ਵੀ ਬਦਲਦੀ ਰਹੀ। ਹਰ ਵਿਚਾਰਧਾਰਾ ਆਮ ਮਨੁੱਖ ਦੀ ਹੋਣੀ ਬਦਲਣ ਦਾ ਉਦੇਸ਼ ਲੈ ਕੇ ਤੁਰਦੀ ਰਹੀ ਪਰ ਜਿਉਂ ਹੀ ਉਹ ਵਿਕਾਸ ਕਰਦੀ ਗਈ ਤਾਂ ਉਸਦੇ ਵਰਕਰਾਂ ਨੂੰ ਅੱਗੇ ਲਾ ਕੇ ਆਗੂਆਂ ਨੇ ਉਸਨੂੰ ਵਪਾਰ ਬਣਾ ਲਿਆ । ਹੁਣ ਤੁਸੀਂ ਆਪਣੇ ਅੱਖੀਂ ਵੇਖਦੇ ਹੋ ਕਿ ਸਮਾਜ ਦੇ ਹਰ ਖੇਤਰ ਦੇ ਵਿੱਚ ਸਮਾਜ ਨੂੰ ਬਦਲਣ ਦੇ ਨਾਮ ਹੇਠ ਵਪਾਰ ਹੀ ਤਾਂ ਹੋ ਰਿਹਾ ਹੈ। ਧਰਮ ਤੇ ਧਰਮ ਅਸਥਾਨ ਵਪਾਰ ਦੇ ਅੱਡੇ ਬਣਕੇ ਰਹਿ ਗਏ ਹਨ. ਜਿਥੇ ਅਰਬਾਂ ਤੇ ਖਰਬਾਂ ਦਾ ਕਾਰੋਬਾਰ ਹੁੰਦਾ ਹੈ। ਨਤੀਜਾ ਕੀ ਨਿਕਲਿਆ ਹੈ, ਜ਼ੀਰੋ ! ਅਸੀਂ ਤਾਂ ਪਹਿਲਾਂ ਨਾਲੋਂ ਜ਼ਿਆਦਾ ਬੀਮਾਰ ਹੋ ਗਏ ਹਾਂ। ਇਸ ਬੀਮਾਰੀ ਨੂੰ ਦੂਰ ਕਰਨ ਵਾਲਿਆਂ ਬਾਬਿਆਂ ਤੇ ਪੁਜਾਰੀਆਂ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਖੈਰ ਧਰਮ ਦੀ ਵਿਚਾਰਧਾਰਾ ਮਾੜੀ ਨਹੀਂ ਸੀ ਪਰ ਆਧੁਨਿਕ ਦੌਰ ਦੇ ਵਪਾਰੀਏ ਨੇ ਇਸਨੂੰ ਧੰਦਾ ਬਣਾ ਲਿਆ। ਜਦੋਂ ਲੋਕ ਸਾਖਰਤਾ ਤੋਂ ਕੋਰੇ ਸੀ ਉਸ ਵੇਲੇ ਲੋਕਾਂ ਦੇ ਅੰਦਰ ਚੇਤਨਾ ਸੀ ਪਰ ਜਿਉਂ ਜਿਉਂ ਮਨੁੱਖ ਸਾਖਰ ਹੁੰਦਾ ਗਿਆ ਉਹ ਚੇਤਨਾ ਤੋਂ ਵਿਰਵਾ ਹੁੰਦਾ ਗਿਆ। ਅੱਜ ਸਥਿਤੀ ਤੁਹਾਡੇ ਸਾਹਮਣੇ ਹੈ। ਸਾਹਿਤ ਦੇ ਵਿੱਚ ਬਹੁਤ ਕੁੱਝ ਪੜ੍ਹਨ ਲਈ ਹੈ ਪਰ ਪੜ੍ਹੇ ਕੌਣ? ਹਰ ਨਵੀਂ ਕਿਤਾਬ ਨਵਾਂ ਸੰਸਾਰ ਵਿਖਾਉਂਦੀ ਹੈ। ਜੇਕਰ ਉਹ ਸਾਹਿਤ ਹੋਵੇ। ਸਾਹਿਤ ਹੀ ਸਾਨੂੰ ਨਵੇਂ ਰਸਤੇ ਲੱਭਣ ਲਈ ਸਹਾਈ ਹੁੰਦਾ ਹੈ। ਸਾਨੂੰ ਸਾਹਿਤ ਪੜ੍ਹਨ ਦੀ ਆਦਤ ਨਹੀਂ। ਡਾ. ਮਨਮੋਹਨ ਦਾ ਨਾਵਲ " ਨਿਰਵਾਣ " ਸਾਨੂੰ ਪੜ੍ਹਨ ਤੇ ਸਮਝਣ ਦੀ ਲੋੜ ਹੈ। ਨਾਵਲ ਦੇ ਵਿੱਚ ਦੋ ਵਿਚਾਰਧਾਰਾਵਾਂ ਹਨ। ਇਕ ਪੁਰਾਤਨ ਸਮਿਆਂ ਦਾ ਬੁੱਧਇਜ਼ਮ ਤੇ ਆਧੁਨਿਕ ਦੌਰ ਦਾ ਮਾਓਵਾਦ ਹੈ। ਦੋਹਾਂ ਦੀ ਉਤਪਤੀ ਤੋਂ ਵਿਕਾਸ ਤੇ ਵਿਨਾਸ਼ ਤੱਕ ਦਾ ਉਹ ਸੱਚ ਹੈ ਜਿਸਨੂੰ ਰੱਦ ਨਹੀਂ ਕੀਤਾ ਜਾ ਸਕਦਾ । ਕਿਸੇ ਵੀ ਵਿਚਾਰਧਾਰਾ ਦਾ ਪਤਨ ਉਸ ਵੇਲੇ ਹੁੰਦਾ ਹੈ। ਜਦੋਂ ਉਹ ਮਨੁੱਖਤਾ ਦੇ ਭਲੇ ਦੀ ਵਜਾਏ ਵਪਾਰ ਦਾ ਸਾਧਨ ਬਣਦੀ ਹੈ। ਹੁਣ ਇਹੋ ਵਪਾਰ ਦੀ ਲਹਿਰ ਚੱਲ ਰਹੀ ਹੈ। ਅਸੀਂ ਇਸ ਲਹਿਰ ਦਾ ਨਿਸ਼ਾਨਾ ਬਣ ਗਏ ਹਾਂ। ਬੌਧਿਕਤਾ ਦੇ ਉਪਰ ਬਹੁਤ ਚਿਰ ਤੋਂ ਖੱਬੂਆਂ ਦਾ ਕਬਜ਼ਾ ਹੈ। ਉਹ ਹਰ ਮਸਲੇ ਨੂੰ ਆਪਣੇ ਬਣਾਏ ਫਰਮਿਆਂ ਦੇ ਵਿੱਚ ਬਹੁਤ ਹੀ ਖੂਬਸੂਰਤ ਢੰਗ ਤਰੀਕੇ ਜੜ ਕੇ ਫੇਰ ਰਲ ਕੇ ਪ੍ਰਚਾਰਦੇ ਦੇ ਰਹੇ ਹਨ । ਖੱਬੂ ਜਿੰਨੇ ਬੌਧਿਕ ਪੱਖੋਂ ਤੇਜ਼ ਤਰਾਰ ਹਨ ਤੇ ਓਨੇ ਹੀ ਜੁਗਾੜੀ ਵੀ ਸਿਰੇ ਦੇ ਹਨ। ਇਹਨਾਂ ਦੀ ਨਿਗਾ ਕਿਤੇ ਹੋਰ ਤੇ ਨਿਸ਼ਾਨਾ ਕਿਤੇ ਹੋਰ ਹੁੰਦਾ ਹੈ। ਪੰਜਾਬੀ ਦੇ ਬੌਧਿਕ ਸ਼ਾਇਰ ਸਦਾ ਹੀ ਆਪਣੇ ਆਪ ਨੂੰ ਲੋਕਾਂ ਦੇ ਨਾਲ ਜੁੜੇ ਹੋਣ ਦਾ ਦੰਭ ਰਚਦੇ ਹਨ ਤੇ ਉਹ ਯਾਰੀ ਸੱਤਧਾਰੀਆਂ ਨਾਲ ਪਾ ਕੇ ਆਪਣਾ ਉਲੂ ਸਿੱਧਾ ਕਰਦੇ ਹਨ ਤੇ ਇਸ ਦਾ ਅਸਰ ਇਹ ਹੋਇਆ ਕਿ ਲੋਕ ਹੌਲੀ ਹੌਲੀ ਇਹਨਾਂ ਬੌਧਿਕਵਾਦੀਆਂ ਤੋਂ ਕਿਨਾਰਾਕਸ਼ੀ ਕਰਕੇ ਨੀਮ ਬੇਹੋਸ਼ੀ ਵਿੱਚ ਚਲੇ ਗਏ। ਬੌਧਿਕਵਾਦੀ ਵਾਤਾਨੁਕੂਲ ਕੋਠੀਆਂ ਤੇ ਦਫਤਰਾਂ ਦੇ ਵਿੱਚ ਬੈਠ ਕੇ ਜੁਗਾਲੀ ਕਰਦੇ ਰਹੇ। ਹਰਿਕ੍ਰਿਸ਼ਨ ਵਰਗੇ ਸੱਤਾ ਵਿੱਚ ਵੜ ਕੇ ਸੁਰਜੀਤ ਹੋ ਗਏ। ਉਹਨਾਂ ਦੇ ਬੋਲਾਂ ਤੇ ਫੁੱਲ ਚਾੜ੍ਹਨ ਵਾਲੇ ਕੰਗਾਲ ਹੋ ਗਏ.ਕੇਹੀ ਵਿਡੰਬਨਾ ਹੈ! ਕਈ ਚੈਨ ਨਾਲ ਸੁੱਤੇ ਤੇ ਅਨੰਦ ਹੋ ਗਏ ਤੇ ਕਈ ਜਤਿੰਦਰ ਦਰ ਸ਼ਬਦਾਂ ਦੇ ਸਿਕੰਦਰ ਹੋ ਗਏ। ਉਹਨਾਂ ਕਦੇ ਸੱਜਿਆ ਦੇ ਨਾਲ ਕਦੇ ਏਜੰਸੀਆਂ ਦੇ ਨਾਲ ਯਾਰੀ ਤੇ ਫੁਲਕਾਰੀ ਪਾ ਕੇ ਰੱਖੀ। ਆਪਣਾ ਉਲੂ ਸਿੱਧਾ ਕੀਤਾ। ਹੁਣ ਜੋ ਹੋ ਰਿਹਾ ਹੈਂ, ਕੁੱਝ ਲੁਕਿਆ ਨਹੀਂ ਸਟੇਟ ਕਿਵੇਂ ਖੇਡ ਦੀ ਹੈ। ਉਹ ਤੁਸੀਂ ਦੇਖ ਰਹੇ ਹੋ। ਜੋ ਵੀ ਹੋਇਆ ਤੇ ਜੋ ਵੀ ਹਸ਼ਰ ਤੁਹਾਡੇ ਸਾਹਮਣੇ ਹੈ। ਬੌਧਿਕਤਾ ਬੰਦ ਅਲਮਾਰੀਆਂ ਦੇ ਵਿੱਚ ਬਹਿ ਕੇ ਸਿਉਕ ਛੱਕਦੀ ਰਹੀ ਤੇ ਅਵਾਮ ਇਨਕਲਾਬ ਉਡੀਕਦਾ ਹੋਇਆ ਡੇਰਿਆਂ ਦਾ ਚੇਲਾ ਹੋ ਗਿਆ। ਲੋਕਾਂ ਦਾ ਭਰਮ ਧਰਮ ਵੱਲ ਵੱਧ ਗਿਆ.ਤੇ ਡੇਰੇ ਵਾਲਿਆਂ ਦਾ ਧੰਦਾ ਚੱਲ ਪਿਆ। ਲੋਕ ਸਾਧਾਂ ਦੇ ਦੀਵਾਨ ਸੁਣ ਕੇ ਸਵਰਗ ਦੇ ਸੁਪਨੇ ਲੈਣ ਲੱਗੇ ਪਰ ਉਹ ਠੱਗੇ ਗਏ । ਬੌਧਿਕਵਾਦੀ ਹੁਣ ਵਾਦ ਵਿਵਾਦ ਨਹੀਂ ਸੰਵਾਦ ਕਰਦੇ ਹਨ। ਮੱਠ ਦੇ ਮਹੰਤ ਬਣ ਕੇ ਮਰਨ ਜੰਮਣ ਤੇ ਖੁਸਰਿਆਂ ਤੇ ਮਿਰਾਸੀਆਂ ਦੇ ਵਾਂਗ ਵਧਾਈਆਂ ਦੇਣ ਤੇ ਅਫਸੋਸ ਕਰਨ ਜਾਂਦੇ ਹਨ। ਮੱਠਾਂ ਦੇ ਮਹੰਤ ਸੰਤ ਬਣ ਕੇ ਵੱਖ ਵੱਖ ਥਾਵਾਂ ਉਤੇ ਬੌਧਿਕ ਪ੍ਰਵਚਨਾਂ ਦੇ ਨਾਲ ਸਤਨਾਜਾ ਬੋਲੀ ਦਾ ਵਿਖਿਆਨ ਕਰਦੇ ਤੇ ਮਾਲ ਛੱਕਦੇ ਹਨ। ਹਰ ਡੇਰੇ ਦਾ ਮਹੰਤ ਜੋ ਦਵੰਦਵਾਦੀ ਬੌਧਿਕ ਤੇ ਵਿਚ ਵਿਚਾਲੇ ਦਾ ਬੁਲਾਰਾ ਹੈ। ਉਹ ਹਰ ਥਾਂ ਬੈਰਾਗੀ ਸਾਧ ਬਣ ਕੇ ਗਜ਼ਾ ਕਰਦਾ ਹੈ ਤੇ ਉਸ ਦੀਆਂ ਚੇਲੀਆਂ ਆਪਣੇ ਆਪਣੇ ਡੇਰਿਆਂ ਦੇ ਵਿੱਚ ਬੌਧਿਕਤਾ ਦੇ ਦੀਵਾਨ ਸਜਾਉਦੀਆਂ ਪ੍ਰਭੂ ਦੇ ਗੁਣ ਗਾਉਦੀਆਂ ਹਨ ! ਹੁਣ ਬੌਧਿਕਤਾ ਦੀ ਕੰਗਾਲੀ ਦਾ ਜਨਾਜ਼ਾ ਸਾਡੇ ਅਧਿਆਪਕ ਕੱਢ ਰਹੇ ਹਨ। ਸਰਕਾਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਨੂੰ ਕਿਤਾਬਾਂ ਖਰੀਦਣ ਦੇ ਲਈ ਗਰਾਂਟ ਦਿੱਤੀ ਹੈ। ਜੋ ਪਿਛਲੇ ਕਈ ਸਾਲ ਤੋਂ ਦਿੱਤੀ ਜਾ ਰਹੀ ਹੈ। ਸਿੱਖਿਆ ਵਿਭਾਗ ਨੇ ਕਿਤਾਬਾਂ ਖਰੀਦਣ ਦੇ ਲਈ ਸੂਚੀ ਵੀ ਜਾਰੀ ਕੀਤੀ ਹੈ। ਇਸਦੇ ਵਿੱਚ ਸਾਲ ਕੀ ਘਪਲੇ ਹੋਏ। ਇਸਦੀ ਚਰਚਾ ਅਗਲੀ ਵੇਰ ਤੇ ਕੌਮ ਦਾ ਨਿਰਮਾਤਾ ਕੀ ਕਰਦਾ ਹੈ ? ਜੋ ਗਲਤ ਕੰਮ ਕਰਦੇ ਹਨ, ਉਹ ਹੋਰਨਾਂ ਨੂੰ ਬਦਨਾਮ ਕਰਦੇ ਹਨ। ਬੌਧਿਕਤਾ ਕੰਗਾਲੀ ਨੇ ਹੁਣ ਤੱਕ ਕੀ ਕੀ ਗੁਲ ਖਿਲਾਏ ਹਨ ? ਤੁਸੀਂ ਦੇਖ ਹੀ ਰਹੇ ਹੋ । ਹੁਣ ਇਕ ਬੋਲੀ.ਇਕ ਝੰਡਾ ਤੇ ਇਕ ਰਾਸ਼ਟਰ ਵਾਲੀ ਵਿਚਾਰਧਾਰਾ ਵਾਲੇ ਘਰ ਘਰ ਪੁਜ ਗਏ ਹਨ। ਉਹ ਕੌਣ ਨੇ ਤੇ ਕੀ ਕਰਦੇ ਹਨ ? ਅਗਲੀ ਵਾਰੀ ਸਾਖੀ ਅੱਗੇ ਤੁਰੇਗੀ। ਤੁਸੀਂ ਆਪਣੇ ਅੰਦਰ ਝਾਤੀ ਮਾਰੋ ਤੇ ਆਪਣਾ ਆਪ ਨਿਤਾਰੋ, ਆਪਣੇ ਔਗੁਣ ਵਿਸਾਰੋ, ਗੁਣਾਂ ਦੀ ਆਰਤੀ ਉਤਾਰੋ, ਸ਼ਬਦ ਗੁਰੂ ਨੂੰ ਵਿਚਾਰੋ। ਆਪਣਾ ਜੀਵਨ ਸਵਾਰੋ। ਇਹੋ ਹੀ ਹੈ ਅਸਲੀ ਬੌਧਿਕਤਾ।



# ਮੇਕਅੱਪ ਹਾਰ-ਸ਼ਿੰਗਾਰ...



ਬਜਾਰ ਦੀ ਐਨ ਨੁੱਕਰ ਤੇ ਮੇਰਾ ਮੇਕਅੱਪ ਹਾਰ-ਸ਼ਿੰਗਾਰ ਦਾ ਸਟੋਰ..ਮੰਗਣੇ ਤੀਆਂ ਤਿੱਥ-ਤਿਓਹਾਰ..ਹਮੇਸ਼ਾਂ ਰੌਣਕ ਲੱਗੀ ਰਹਿੰਦੀ..!

ਇੱਕ ਨਵਾਂ ਵਿਆਹਿਆ..ਪੌੜੀਆਂ ਚੜ ਤੁਰੀ ਆਉਂਦੀ ਦੇ ਛਣ-ਛਣ ਕਰਦੇ ਚੂੜੇ ਅਤੇ ਪੰਜੇਬਾਂ ਦੀ ਅਵਾਜ..ਚਾਰੇ ਪਾਸੇ ਬਸੰਤ ਬਹਾਰ ਛਾ ਗਈ..!

ਨਾਲਦਾ ਥੋੜੀ ਝਿਜਕ ਵਿਚ..ਪਹਿਲੋਂ ਸਾਈਕਲ ਸਟੈਂਡ ਤੇ ਲਾਇਆ..ਫੇਰ ਜਿੰਦਾ ਲਾ ਏਧਰ ਓਧਰ ਵੇਖਦਾ ਹੋਇਆ ਅਛੋਪਲੇ ਜਿਹੇ ਉਸਦੇ ਨਾਲ ਆਣ ਖਲੋਤਾ!

ਕਾਊਂਟਰ ਤੇ ਖਲੋਤੇ ਨੇ ਕੰਨ ਵਿਚ ਫੂਕ ਮਾਰੀ..ਜੀ ਸਵੇਰ ਦੇ ਦੂਜੀ ਵਾਰ ਆਏ ਨੇ..ਲਾਲ ਰੰਗ ਦੇ "ਗੋਖੜੂ"..ਹਜਾਰ ਮੰਗਿਆ ਪਰ ਸੂਈ ਸੱਤ ਸੌ ਤੇ ਹੀ ਅੜੀ ਹੋਈ..ਸ਼ਾਇਦ ਕੋਲ ਹੈ ਹੀ ਏਨੇ ਨੇ..ਨਾਲ ਹੀ ਮੁਸ਼ਕੜੀਆਂ ਵਿਚ ਹਾਸਾ ਵੀ ਨਿੱਕਲ ਗਿਆ!

ਅਗਲੇ ਪਾਸੇ ਚੋਰ ਅੱਖ ਨਾਲ ਆਪਣੇ ਬਾਰੇ ਹੁੰਦੀ ਗੁਝੀ ਟਿੱਪਣੀ ਨੂੰ ਸਮਝ ਕਦੀ ਹੱਥੀਂ ਫੜਿਆ ਬਟੂਆ ਵੇਖ ਲਿਆ ਕਰੇ ਤੇ ਕਦੀ ਨਾਲਦੀ ਦੀਆਂ ਅੱਖਾਂ ਅੰਦਰ ਵਗਦੇ ਚਾਵਾਂ ਸੱਧਰਾਂ ਦੇ ਸ਼ੂਕਦੇ ਹੋਏ ਦਰਿਆ ਅੰਦਰ ਗੁਆਚ ਜਾਇਆ ਕਰੇ!

ਗਹੁ ਨਾਲ ਤੱਕਿਆ ਤਾਂ ਉਸਦੇ ਵਜੂਦ ਅੰਦਰ ਮਜਬੂਰੀ,ਬੇਬਸੀ,ਤੰਗੀ-ਤੁਰਸ਼ੀ ਅਤੇ ਸ਼ਰਮਿੰਦਗੀ ਵਾਲੀ ਬਹੁ-ਦਿਸ਼ਾਵੀ ਵੱਡੀ ਜੰਗ ਛਿੜੀ ਹੋਈ ਸੀ!

ਮੈਨੂੰ ਆਪਣੇ ਦਿਨ ਚੇਤੇ ਆ ਗਏ..ਪਹਿਲੀ ਵੇਰ ਮਸਿਆ ਦੇ ਮੇਲੇ ਤੇ ਗਈ ਨੂੰ ਲਾਲ ਚੂੜੀਆਂ ਪਸੰਦ ਆ ਗਈਆਂ ਤਾਂ ਭਲੇ ਜ਼ਮਾਨਿਆਂ ਵਾਲੇ ਉਹ ਵੇਲੇ..ਅਗਲੇ ਨੇ ਅੱਠ ਰੁਪਈਏ ਮੰਗ ਲਏ..ਇਹਨਾਂ ਕੋਲ ਸਿਰਫ ਪੰਜ ਹੀ..ਸੌਦਾ ਸਿਰੇ ਨਾ ਚੜ ਸਕਿਆ!

ਤਰਕਾਲਾਂ ਵੇਲੇ ਪਿੰਡ ਮੁੜਦੇ ਹੋਏ ਟਾਂਗੇ ਦੀ ਪਿਛਲੀ ਸੀਟ ਤੇ ਸਾਰੇ ਰਾਹ ਅੱਖਾਂ ਨਾ ਮਿਲਾਈਆਂ ਤੇ ਨਾ ਹੀ ਕੁਝ ਬੋਲੇ ਹੀ..ਬਣਿਆ ਹੋਇਆ ਮੂੰਹ ਵੇਖ ਮੈਂ ਹੁੱਝ ਮਾਰੀ ਤੇ ਹੌਲੀ ਜਿਹੀ ਆਖਿਆ..ਤਾਂ ਕੀ ਹੋਇਆ..ਅਗਲੀ ਵੇਰ ਸਹੀ..!

ਏਨੀ ਗੱਲ ਸੁਣ ਕਦੇ ਦੇ ਡੱਕੇ ਹੋਇਆਂ ਦਾ ਰੋਣ ਨਿੱਕਲ ਗਿਆ..ਪਰ ਪਿਛਲੇ ਪਾਸੇ ਬੈਠੇ ਹੋਣ ਕਰਕੇ ਸਿਵਾਏ ਡੁਬਦੇ ਸੂਰਜ ਦੀ ਲਾਲੀ ਦੇ..ਸਾਨੂੰ ਕਿਸੇ ਹੋਰ ਨੇ ਨਾ ਵੇਖਿਆ..!

ਉਸ ਦਿਨ ਮਗਰੋਂ ਇਹਨਾਂ ਮੇਰੀਆਂ ਖੁਸ਼ੀਆਂ ਲਈ ਦਿਨ ਰਾਤ ਇੱਕ ਕਰ ਦਿੱਤਾ..ਚੀਜ ਮੂਹੋਂ ਬਾਅਦ ਵਿਚ ਕੱਢਦੀ..ਹਾਜਿਰ ਪਹਿਲਾਂ ਹੋ ਜਾਂਦੀ..ਇੱਕ ਨਿਸ਼ਚਾ ਇੱਕ ਧੁੰਨ ਇੱਕ ਜਨੂੰਨ..!

ਇਹ ਸਟੋਰ ਖੋਲ ਕੇ ਦੇਣ ਵੇਲੇ ਤੀਕਰ ਵੀ ਓਹਨਾ ਆਪਣੀ ਬਿਮਾਰੀ ਮੈਥੋਂ ਲੁਕਾ ਕੇ ਰੱਖੀ..!

ਸਾਮਣੇ ਟੰਗੀ ਫੋਟੋ ਵੱਲ ਵੇਖ ਅੱਖੀਆਂ ਗਿੱਲੀਆਂ ਹੋ ਗਈਆਂ..ਨਾਲ ਹੀ ਸੁਰਤ ਵਰਤਮਾਨ ਵੱਲ ਮੁੜ ਆਈ..ਉਹ ਅਜੇ ਵੀ ਤਰਲੇ ਜਿਹੇ ਨਾਲ ਆਖੀ ਜਾ ਰਿਹਾ ਸੀ ਕੇ..ਬਾਈ ਜੀ ਵੇਖ ਲੈ ਜੇ ਸੱਤ ਸੌ ਵਿਚ ਗੱਲ ਮੁੱਕਦੀ ਏ ਤਾਂ..ਰੱਬ ਤੇਰਾ ਭਲਾ ਕਰੂ!

ਅੱਗੋਂ ਬੇਧਿਆਨੀ ਵਿਚ ਇੱਕੋ ਜੁਆਬ..ਕਿੰਨੀ ਵਾਰੀ ਆਖ ਚੁੱਕਾਂ ਬੀ ਹਜਾਰ ਤੋਂ ਇੱਕ ਰੁਪਈਆ ਵੀ ਘੱਟ ਨੀ ਹੋਣਾ..ਲੈਣਾ ਏ ਤਾਂ ਲਵੋ..ਨਹੀਂ ਅਹੁ ਜਾਂਦਾ ਜੇ ਰਾਹ..!

ਏਨੀ ਗੱਲ ਸੁਣ ਉਸਨੇ ਭੋਏਂ ਵੱਲ ਵੇਖਿਆ..ਫੇਰ ਦੋਵੇਂ ਰੈ ਜਿਹੀ ਰਲਾ ਹੌਲੇ ਕਦਮੀਂ ਬਾਹਰ ਨੂੰ ਤੁਰਨ ਲੱਗੇ ਤਾਂ ਮੈਨੂੰ ਕਾਹਲੀ ਜਿਹੀ ਪਈ..ਕਾਲਜਾ ਬਾਹਰ ਨੂੰ ਆਉਣ ਨੂੰ ਪਵੇ..!

ਮੈਂ ਦੌੜ ਕੇ ਜਾ ਦੋਵਾਂ ਨੂੰ ਵਾਪਿਸ ਮੋੜ ਲਿਆਈ..ਆਖਿਆ ਪੁੱਤ ਮੁਆਫ ਕਰੀਂ..ਇਹ ਗੋਖੜੂ ਤਾਂ ਮੈਂ ਅੱਜ ਹੀ ਸੁਵੇਰੇ ਅੱਧੇ ਮੁੱਲ ਤੇ ਲਾਏ ਹੋਏ ਸਨ..ਇਸ ਜਿਉਣ ਜੋਗੇ ਨੂੰ ਦੱਸਣਾ ਭੁੱਲ ਗਈ ਸਾਂ..ਲਿਆਓ ਪੰਜ ਸੌ ਤੇ ਇਹ ਹੁਣ ਤੁਹਾਡੇ ਹੋਏ..!

ਦੋ ਤੋਂ ਚਾਰ ਹੋਈਆਂ ਅੱਖੀਆਂ ਜਗ ਉਠੀਆਂ ਤੇ ਦੋਹਾਂ ਨੇ ਬਿਨਾ ਕਿਸੇ ਸੰਗ ਸ਼ਰਮ ਦੇ ਇੱਕ ਦੂਜੇ ਦੇ ਹੱਥ ਘੁੱਟ ਲਏ..ਮੈਂ ਭਾਵਨਾਵਾਂ ਦਾ ਵਹਿੰਦਾ ਸਮੁੰਦਰ ਸਾਮਣੇ ਵੇਖ ਸੋਚ ਰਹੀ ਸਾਂ ਜੇ ਉਹ ਕਰਮਾ ਵਾਲਾ ਵੀ ਉਸ ਦਿਨ ਓਹੋ ਚੂੜੀਆਂ ਸਾਨੂੰ ਪੰਜਾਂ ਵਿਚ ਦੇ ਦਿੰਦਾ ਤਾਂ ਸ਼ਾਇਦ ਸਾਡੀਆਂ ਵੀ ਟਾਂਗੇ ਤੇ ਬੈਠਿਆਂ ਦੀਆਂ ਇਸੇ ਤਰਾਂ ਹੀ ਲਟ-ਲਟ ਜਗ ਰਹੀਆਂ ਹੁੰਦੀਆਂ!

ਗੋਖੜੂ ਪੈਕ ਕਰ ਰਿਹਾ ਮੁੰਡਾ ਕਦੀ ਮੇਰੇ ਵੱਲ ਤੇ ਕਦੀ ਬੜੇ ਚਾ ਨਾਲ ਉਡੀਕ ਕਰ ਰਹੀ ਜੋੜੀ ਵੱਲ ਇੰਝ ਵੇਖੀ ਜਾ ਰਿਹਾ ਸੀ ਜਿੱਦਾਂ ਕੇ ਜਿੰਦਗੀ ਵਿਚ ਪਹਿਲੀ ਵਾਰ ਕੋਈ ਵੱਡੇ ਘਾਟੇ ਦਾ ਸੌਦਾ ਕੀਤਾ ਹੋਵੇ..

ਪਰ ਉਸਨੂੰ ਕਿੱਦਾਂ ਸਮਝਾਉਂਦੀ ਕੇ ਕਮਲਿਆ ਜੁਆਨੀ ਦੀ ਸਿਖਰ ਤੇ ਲੰਮੇ ਸਫ਼ਰਾਂ ਦੇ ਹੁਸੀਨ ਪਾਂਧੀਆਂ ਦੇ ਮਨਾਂ ਅੰਦਰ ਆਪਮੁਹਾਰੇ ਹੀ ਫੁੱਟ ਪੈਂਦੀਆਂ ਕਿੰਨੀਆਂ ਸਾਰੀਆਂ ਕੋਮਲ ਸੱਧਰਾਂ ਦੇ ਸੌਦੇ ਕਰਨੇ ਵੀ ਭਲਾ ਕਿਸੇ ਬੰਦੇ ਦੇ ਵੱਸ ਵਿਚ ਹੋਏ ਨੇ..ਜੇ ਕੋਈ ਆਖੇ ਕੇ ਉਹ ਇੰਝ ਕਰ ਸਕਦਾ ਏ ਤਾਂ ਉਸਨੂੰ ਕਾਮਯਾਬ ਵਪਾਰੀ ਤਾਂ ਜਰੂਰ ਆਖਿਆ ਜਾ ਸਕਦਾ..ਪਰ ਇਨਸਾਨ ਹਰਗਿਜ ਵੀ ਨਹੀਂ!

ਹਰਪ੍ਰੀਤ ਸਿੰਘ ਜਵੰਦਾ

# CANADIAN TRUCK TRAINING CENTRE





ਹਰਪਾਲ ਸਿੰਘ ਮਾਨ

ਤਸੱਲੀਬਕਸ਼ ਸੇਵਾਵਾਂ ਲਈ

* ਪੰਜਾਬੀ ਵਿੱਚ ਰਿਟਨ ਟੈਸਟ ਦਾ ਵਿਸ਼ੇਸ਼ ਪ੍ਰਬੰਧ,
* ਕੰਮ ਲੱਭ ਕੇ ਦੇਣ ਦੀ ਵੀ ਗਰੰਟੀ

Approved private career college,
Training Classes for Air Brakes,
Dangerous Goods & Log Book

7270 Torbram Road, Unit 2 & 3
Mississauga (Torbram & Drew)
905-673-7200
416-294-1662



UNIVERSAL MORTGAGES
CALL MUNISH TEGI
Mortgage Agent Level1
LIC# M14000011
BROKERAGE LIC#10039
416-317-3487
Need to refinance or payout an existing mortgage?
WE'VE SOLUTION FOR ALL YOUR MORTGAGE NEEDS

# ਘੁੱਗੀ ਵਿਚਾਰੀ ਕੀ ਕਰੇ..!

ਚਰਨਜੀਤ ਭੁੱਲਰ

ਚੰਡੀਗੜ੍ਹ : ਅਮਨ ਦੀ ਘੁੱਗੀ ਨੂੰ ਗ਼ੁਲੇਲ ਨਾਲ ਫੁੰਡੋਗੇ ਤਾਂ ਖ਼ਤਰੇ ਦਾ ਘੁੱਗੂ ਤਾਂ ਵੱਜੇਗਾ ਹੀ। ਸਾਇਰਨ ਕਿਸੇ ਮੁਲਕ 'ਚ ਵੀ ਵੱਜੇ, ਚਿੱਤਰਕਾਰ ਪਿਕਾਸੋ ਦੀ ਰੂਹ ਨੂੰ ਗ਼ਸ਼ ਪੈ ਜਾਂਦੈ। ਜਦ ਸੰਸਾਰ ਜੰਗਾਂ ਨੇ ਬੇਪਨਾਹ ਤਬਾਹੀ ਮਚਾਈ, ਅਮਨ ਦੇ ਪ੍ਰੇਮੀ ਘਰਾਂ ਚੋਂ ਨਿਕਲ ਤੁਰੇ। ਪਿਕਾਸੋ ਨੇ ਅਮਨ ਦੀ ਪ੍ਰਤੀਕ ਘੁੱਗੀ ਦਾ ਚਿੱਤਰ ਵਾਹਿਆ। ਕਿਤੇ ਤੀਜੀ ਸੰਸਾਰ ਜੰਗ ਨਾ ਲੱਗੇ, ਅਮਨ ਕੌਂਸਲ ਬਣੀ, ਗਲੀ ਮੁਹੱਲੇ ਅਮਨ ਦੀ ਗੂੰਜ ਪਈ। ਲਤਾ ਮੰਗੇਸ਼ਕਰ ਨੇ ਇੰਜ ਫ਼ਰਮਾਇਆ, 'ਈਸ਼ਵਰ ਅੱਲਾ ਤੇਰੋ ਨਾਮ, ਸਭ ਕੋ ਸਨਮਤੀ ਦੇ ਭਗਵਾਨ।'

ਦੇਸ਼ 'ਚ ਸੈਫੁਦੀਨ ਕਿਚਲੂ ਨੇ, ਪੰਜਾਬ 'ਚ ਗੁਰਬਖ਼ਸ਼ ਸਿੰਘ ਪ੍ਰੀਤਲੜੀ ਨੇ ਅਮਨ ਦਾ ਝੰਡਾ ਚੁੱਕਿਆ। ਨਵਯੁਗ ਪ੍ਰਕਾਸ਼ਨ ਵਾਲੇ ਭਾਪਾ ਪ੍ਰੀਤਮ ਸਿੰਘ ਦੀ ਜੀਵਨ ਸਾਥਣ ਦਿਲਜੀਤ ਕੌਰ ਨੇ ਅਮਨ ਖ਼ਾਤਰ ਪਿੰਡ ਪਿੰਡ ਝੋਲੀ ਅੱਡੀ, ਨਾ ਦਿਨ ਦੇਖਿਆ ਨਾ ਰਾਤ। ਇਸ ਬੀਬੀ ਦੀ ਘਾਲਣਾ ਦੇਖ ਵਿਸ਼ਵ ਅਮਨ ਕੌਂਸਲ ਨੇ ਵਿਆਨਾ 'ਚ ਸਨਮਾਨ ਦਿੱਤਾ। ਇੱਕ ਬੀਬੀ ਅੰਮ੍ਰਿਤਾ ਪ੍ਰੀਤਮ ਸੀ, ਜੀਹਨੇ ਵਾਰਸ ਸ਼ਾਹ ਨੂੰ ਵਾਜਾਂ ਮਾਰੀਆਂ, 'ਵੇ ਦਰਦਮੰਦਾਂ ਦਿਆ ਦਰਦੀਆਂ, ਉੱਠ ਤੱਕ ਆਪਣਾ ਪੰਜਾਬ..।'



'ਜੇ ਵਿਗਿਆਨੀ ਤੇ ਨੇਤਾ ਜ਼ਰਾ ਕੁ ਸੁਸਤ ਹੁੰਦੇ ਤਾਂ ਲੋਕਾਂ ਨੇ ਖ਼ੁਸ਼ ਵੱਸਣਾ ਸੀ।' ਪਹਿਲੀ ਸੰਸਾਰ ਜੰਗ 'ਚ ਲੱਖਾਂ ਭਾਰਤੀ ਅੰਗਰੇਜ਼ਾਂ ਤਰਫ਼ੋਂ ਲੜੇ। ਪੰਜਾਬੀ ਮੌਤ ਦਾ ਮੜਾਸਾ ਮਾਰ ਘਰੋਂ ਚਾਲੇ ਪਾਉਂਦੇ। ਸਰਤਾਜ ਵੀ ਇਹੋ ਕਹਿ ਰਿਹੈ, 'ਜੰਗ ਜਾਣ ਵਾਲੇ ਬੰਦੇ ਆਮ ਨਹੀਓ ਹੁੰਦੇ..।' ਪੰਜਾਬਣਾਂ ਖ਼ੈਰਾਂ ਮੰਗਦੀਆਂ, 'ਬਸਰੇ ਦੀ ਲਾਮ ਟੁੱਟ ਜਾਏ, ਨੀ ਮੈਂ ਰੰਡੀਓਂ ਸੁਹਾਗਣ ਹੋਵਾਂ।' ਕਿਤੋਂ ਦੂਰੋਂ ਡਾਕੀਆ ਆਉਂਦਾ ਦਿਸਦਾ ਤਾਂ ਘਰਾਂ 'ਚ ਸੱਥਰ ਵਿਛਣ ਲੱਗ ਜਾਂਦੇ। ਇੱਧਰੋਂ ਅੰਗਰੇਜ਼ ਵੀ ਇਰਾਕ 'ਚ ਖਜੂਰਾਂ ਦੇ ਆਹੂ ਲਾਹੀ ਗਏ। ਅਮਨ ਦੇ ਡਾਕੀਏ ਕਿਧਰ ਗੁਆਚ ਗਏ। ਪਤਾ ਲੱਗੇ ਤਾਂ ਸਿਰਨਾਵਾਂ ਜ਼ਰੂਰ ਦੱਸਣਾ।

'ਚੰਦਰਾ ਗੁਆਂਢ ਨਾ ਹੋਵੇ..।' ਜਦੋਂ ਗੁਆਂਢੀ ਹੀ ਧਰਮ ਪੁੱਛ ਪੁੱਛ ਸੁਹਾਗ ਉਜਾੜੇ, ਫਿਰ ਖ਼ੂਨ ਤਾਂ ਖੌਲੇਗਾ ਹੀ। ਅਸਾਡੇ ਤਾਂ ਬਿਰਧ ਔਰਤਾਂ ਨੂੰਹਾਂ ਨੂੰ 'ਬੁੱਢ ਸੁਹਾਗਣ' ਦੀ ਅਸੀਸ ਨਾਲ ਨਿਵਾਜਣੋਂ ਨਹੀਂ ਭੁੱਲਦੀਆਂ। ਗੁਆਂਢੀ ਕਿਵੇਂ ਭੁੱਲ ਕਰ ਬੈਠੇ, ਬਲੈਕ-ਆਊਟ ਹੋਇਆ, ਸਾਇਰਨ ਵੀ ਵੱਜੇ, ਅਸਮਾਨੋਂ ਅੱਗ ਵਰ੍ਹੀ। ਜਦ ਹਿੰਦੁਸਤਾਨ ਨੇ ਟਰੇਲਰ ਦਿਖਾਇਆ, ਗੁਆਂਢੀ ਦਾ ਨੰਗਪੁਣਾ ਤੇ ਮਲੰਗਪੁਣਾ ਗੁੱਥਮ-ਗੁੱਥਾ ਹੋ ਗਏ।

ਜੱਟ ਐਂਡ ਜੂਲੀਅਟ ਦਾ ਡਾਇਲਾਗ ਥੋੜ੍ਹਾ ਠੀਕ ਜਾਪਦੈ, 'ਬਿਗਾਨੇ ਮੁਲਕ 'ਚ ਪੰਜਾਬੀ, ਪੰਜਾਬੀ ਦੇ ਕੰਮ ਆਉਂਦੈ।' ਏਅਰ ਮਾਰਸ਼ਲ ਅਮਰਪ੍ਰੀਤ ਸਿੰਘ ਆਖ਼ਰ ਪੰਜਾਬ ਦੀ ਢਾਲ ਬਣੇ। ਗੁਆਂਢੀ ਦੇ ਖ਼ੁਆਬ ਟੈਰਾਲੀਨ ਵਾਂਗੂ ਪਾੜ 'ਤੇ। ਗੁਆਂਢੀ ਲੰਗਾਰ ਹੋਏ ਅਰਥਚਾਰੇ ਦਾ ਝੱਗਾ ਲੈ ਭੱਜੇ। ਕੌਮਾਂਤਰੀ ਮੁਦਰਾ ਕੋਸ਼ ਆਲੇ ਦਰਜ਼ੀ ਵੀ ਟਿੱਚਰੀ ਬੜੇ ਨੇ, 'ਭਾਈ ਜਾਨ! ਕਦੋਂ ਤੱਕ ਟਾਕੀਆਂ ਲਵਾਈ ਜਾਓਗੇ। ਕੌਮਾਂਤਰੀ ਦਰਜ਼ੀ ਨੇ ਕੰਧੂਈ ਨਾਲ ਗੁਆਂਢੀ ਦੇ ਪਾਟੇ ਝੱਗੇ 'ਤੇ ਦੋ ਚਾਰ ਤੋਪੇ ਲਾ ਦਿੱਤੇ।

ਅਮਰੀਕਾ ਤਾਂ ਵਿਸ਼ਵ ਦਾ ਕੋਤਵਾਲ ਅਖਵਾਉਂਦੈ। ਬਿੱਲੀਵਾਦ ਦੇ ਯੁੱਗ 'ਚ ਬਾਂਦਰਗਿਰੀ ਕਰਨਾ ਨੀ ਭੁੱਲਦਾ। ਲੋਕ ਡੋਨਾਲਡ ਟਰੰਪ ਨੂੰ ਗਪੌੜਸੰਖ ਵੀ ਆਖਦੇ ਨੇ। ਕਾਮਰੇਡ ਜੋ ਮਰਜ਼ੀ ਆਖਣ, ਤਾਇਆ ਟਰੰਪ 'ਗਲੋਬਲ ਵਿਚੋਲੇ' ਵਜੋਂ ਪ੍ਰਗਟ ਹੋਏ ਸਨ। ਜਦੋਂ ਟਰੰਪ ਨੇ ਗੋਲੀਬੰਦੀ ਅਲਾਪੀ ਤਾਂ ਪੰਜਾਬ ਦੇ ਘਰੋਂ ਇੱਕੋ ਅਸੀਸ ਆਈ, 'ਜਿਉਂਦਾ ਰਹਿ ਪੁੱਤ ਟਰੰਪ।' ਲੜਾਕਾ ਸਿੰਘ ਸ਼ਾਂਤਪੁਰੀ ਆਖਦੈ, ਹੁਣ ਭਾਵੇਂ ਟਰੰਪ ਭਦੌੜ ਤੋਂ ਚੋਣ ਲੜ ਲਵੇ, ਪੰਜਾਬੀ ਬੱਲ੍ਹੇ ਬੱਲ੍ਹੇ ਕਰਾ ਦੇਣਗੇ। ਲਾਭ ਉਗੋਕੇ ਨੂੰ ਆਪੇ ਭਗਵੰਤ ਮਾਨ ਮਨਾ ਲਊ।

ਉੱਧਰ, 'ਗ਼ਦਰ' ਫਿਲਮ ਆਲਾ ਤਾਰਾ ਸਿਓਂ ਦੇਸ਼ ਭਗਤੀ ਦੀ ਸੁਰ ਲਾ ਰਿਹੈ, 'ਹਮਾਰਾ ਹਿੰਦੁਸਤਾਨ ਜ਼ਿੰਦਾਬਾਦ ਥਾ, ਜ਼ਿੰਦਾਬਾਦ ਹੈ, ਜ਼ਿੰਦਾਬਾਦ ਰਹੇਗਾ।' ਗੁਆਂਢੀ ਨੂੰ ਜਦੋਂ ਕਦੇ ਮਿਰਗੀ ਦਾ ਦੌਰਾ ਪੈਂਦੈ, ਭਾਰਤ ਜੁੱਤੀ ਸੁੰਘਾ ਛੱਡਦੈ। ਜਿਵੇਂ ਨੂੰਹ ਸੱਸ ਦੀ ਲੜਾਈ ਦਾ ਹੱਲ ਯੂ.ਐਨ ਕੋਲ ਵੀ ਨਹੀਂ, ਉਵੇਂ ਭਾਰਤ ਪਾਕਿ ਦਾ ਝਗੜਾ ਵੀ ਮੁੱਕਣਾ ਔਖੈ। ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ ਫਰਵਰੀ 1999 'ਚ ਬੱਸ 'ਚ ਲਾਹੌਰ ਗਏ। ਅੱਗਿਓ 37 ਵਰ੍ਹਿਆਂ ਦੀ ਕੁਆਰੀ ਲੇਖਕਾ ਬੀਬੀ ਅਤੀਆ ਸ਼ਮਸ਼ਾਦ ਦਾ ਵਾਜਪਾਈ 'ਤੇ ਦਿਲ ਆ ਗਿਆ।

ਜਦ ਮੁੰਡਾ ਦੇਖਿਆ ਹੋਊ ਤਾਂ ਅਤੀਆ ਦੇ ਚੇਤਿਆਂ 'ਚ ਕੁਲਦੀਪ ਮਾਣਕ ਤਸ਼ਰੀਫ਼ ਲਿਆਏ ਹੋਣਗੇ, 'ਤੇਰੀ ਹਾਂ ਮੈਂ ਤੇਰੀ ਰਾਂਝਾ..।' ਲਾਹੌਰ 'ਚ ਸੁਸ਼ੀਲ ਕੰਨਿਆ ਅਤੀਆ ਸ਼ਮਸ਼ਾਦ ਨੇ ਸ਼ਰੇਆਮ ਢੋਲ ਵਜਾ'ਤਾ ਕਿ ਉਸ ਨੂੰ 74 ਸਾਲਾ ਯੋਗ ਤੇ ਸਾਊ ਮੁੰਡਾ ਵਾਜਪਾਈ ਪਸੰਦ ਹੈ। ਨਿਆਣੀ ਅਤੀਆ ਨੇ ਸ਼ਰਤ ਰੱਖ'ਤੀ, ਪਿਆਰੇ! ਕਸ਼ਮੀਰ ਦੀ ਗੱਲ ਤੋਰੋਂਗੇ ਤਾਂ ਤੁਹਾਡੀ ਬੇਗ਼ਮ ਬਣਾਂਗੀ। ਵਾਜਪਾਈ ਨੂੰ ਇੱਕ ਚੜ੍ਹੇ, ਇੱਕ ਲੱਥੇ। ਵਾਜਪਾਈ ਮੁੜ ਆਏ ਪਰ ਅਤੀਆ ਗਾਉਣੋਂ ਨੀ ਹਟੀ, 'ਪਰਦੇਸੀ-ਪਰਦੇਸੀ ਜਾਣਾ ਨਹੀਂ, ਮੁਝੇ ਛੋਡ ਕੇ।'

ਮਰਹੂਮ ਪ੍ਰਕਾਸ਼ ਸਿੰਘ ਬਾਦਲ ਵੀ ਵਾਜਪਾਈ ਨਾਲ ਲਾਹੌਰ ਗਏ। ਵਾਜਪਾਈ ਤੋਹਫ਼ੇ 'ਚ ਅਤੀਆ ਦੇ ਪਿਆਰ ਦਾ ਅਹਿਸਾਸ ਲੈ ਕੇ ਮੁੜੇ ਅਤੇ ਵੱਡੇ ਬਾਦਲ ਤੋਹਫ਼ੇ ਵਿੱਚ ਪੰਜ ਭੇਡੂ ਲੈ ਕੇ ਮੁੜੇ ਸਨ। ਪਾਕਿਸਤਾਨ ਆਦਤ ਤੋਂ ਮਜਬੂਰ ਹੈ। ਵਾਜਪਾਈ ਨੂੰ ਜੱਫੀਆਂ ਪਾਈ ਗਿਆ, ਨਾਲੇ ਕਾਰਗਿਲ 'ਚ ਘੁਸਪੈਠ ਕਰੀ ਗਿਆ। ਦੱਸਣ ਦੀ ਲੋੜ ਨਹੀਂ ਕਿ ਹਿੰਦੁਸਤਾਨ ਨੇ ਗੁਆਂਢੀ ਨੂੰ ਕਿੰਨੇ ਵਾਰ ਗਲੋਟੇ ਵਾਂਗੂ ਉਧੇੜਿਐ। ਗੁਆਂਢੀ ਦੇ ਚਾਲ-ਚਰਿੱਤਰ ਨੂੰ ਕੋਈ ਭੁੱਲਿਆ ਨਹੀਂ। ਰੰਗੀਨ ਤਬੀਅਤਾਂ ਵੀ ਪਾਕਿਸਤਾਨ ਦੇ ਫ਼ੌਜੀ ਜਰਨੈਲਾਂ ਦੀ ਰਾਸ਼ੀ ਬਣੀਆਂ ਨੇ।

ਆਓ ਯਾਹੀਆ ਖ਼ਾਨ ਦਾ ਕਿੱਸਾ ਸੁਣੋ। ਅਕੇਰਾਂ ਪਾਕਿਸਤਾਨੀ ਫਿਲਮੀ ਅਦਾਕਾਰ ਤਰਾਨਾ ਯਾਹੀਆ ਖ਼ਾਨ ਨੂੰ ਮਿਲਣ ਗਈ। ਅਰਦਲੀ ਨੇ ਅਣਦੇਖੀ ਕਰ ਦਿੱਤੀ। ਜਦੋਂ ਕਈ ਘੰਟਿਆਂ ਮਗਰੋਂ ਤਰਾਨਾ ਬਾਹਰ ਨਿਕਲੀ ਤਾਂ ਅਰਦਲੀ ਨੇ ਪੈਰ ਗੱਡ ਸਲੂਟ ਮਾਰਿਆ। ਤਰਾਨਾ ਨੇ ਪੁੱਛਿਆ ਕਿ ਹੁਣ ਸਲੂਟ ਕਿਉਂ। ਅਰਦਲੀ ਫ਼ਰਮਾਏ, ਬੀਬਾ! ਜਦ ਅੰਦਰ ਗਏ ਸੀ, ਉਦੋਂ ਤੁਸੀਂ ਸਿਰਫ਼ ਤਰਾਨਾ ਸੀ, ਹੁਣ ਤੁਸੀਂ ਕੌਮੀ ਤਰਾਨਾ ਬਣ ਗਏ ਹੋ। ਕਿਤੇ ਨੇੜੇ ਨਵਜੋਤ ਸਿੱਧੂ ਹੁੰਦਾ ਤਾਂ ਕਹਿਣੋਂ ਨਾ ਟਲਦਾ, 'ਠੋਕੋ ਤਾਲੀ'। ਟਲਿਆ ਅਮਰਿੰਦਰ ਵੀ ਨਹੀਂ, ਸੀਤਾ ਫਲ ਅਖੀਰ ਤੱਕ ਭੇਟ ਕਰਦਾ ਰਿਹਾ।

ਅਮਰੀਕਾ ਵੀ ਕਿਥੋਂ ਦਾ ਭਲਾਮਾਣਸ ਹੈ। ਕਦੇ ਤੋਪਾਂ ਨੂੰ ਚਰਾਉਣ ਇਰਾਕ ਗਿਆ ਤੇ ਕਦੇ ਵੀਅਤਨਾਮ। ਕੋਰੀਆ ਤੇ ਜਾਪਾਨ ਹਾਲੇ ਤੱਕ ਨਹੀਂ ਭੁੱਲੇ। ਅਲਕਾਇਦਾ ਤੇ ਤਾਲਿਬਾਨ ਦਾ ਅਸਲ ਪਿਓ ਵੀ ਅਮਰੀਕਾ ਹੀ ਹੈ। ਰੂਸ ਆਲੇ ਜਦੋਂ ਅਫ਼ਗ਼ਾਨਿਸਤਾਨ 'ਚ ਵੜੇ ਤਾਂ ਉਦੋਂ ਅਮਰੀਕਾ ਦੀ ਗੋਦੀ 'ਚ ਤਾਲਿਬਾਨ ਖੇਡ ਰਿਹਾ ਸੀ। ਲਾਦੇਨ ਦਾ ਪਾਲਣਹਾਰ ਵੀ ਅਮਰੀਕਾ ਬਣਿਆ। ਹੁਣ ਵਰ੍ਹਿਆਂ ਤੋਂ ਪਾਕਿਸਤਾਨ ਨੇ ਕਰੈੱਚ ਖੋਲ੍ਹ ਰੱਖਿਐ। ਇੱਧਰ, ਭਾਰਤ ਦੇਖਣਾ ਹੈ ਤਾਂ ਵੀਰ-ਜ਼ਾਰਾ ਫਿਲਮ ਦੇਖ ਲਓ, ਨਾਲੇ ਆਹ ਗਾਣਾ ਧਿਆਓ..'ਐਸਾ ਦੇਸ਼ ਹੈ ਮੇਰਾ..।'


ਜਦੋਂ ਵੀ ਕੋਈ ਔਖ ਆਈ, ਝੱਲਣਾ ਪੰਜਾਬ ਨੂੰ ਪਿਆ। ਪਾਸ਼ ਦੀ ਤੁਕ ਐ, 'ਇਹ ਤਾਂ ਪਾਪੀ ਪੇਟ ਸਨ, ਜੋ ਪੁਤਲੀਆਂ ਬਣ ਨੱਚੇ।' ਅਮਨ ਦੀ ਘੁੱਗੀ ਦੀ ਪੰਜਾਬ ਸੁੱਖ ਮੰਗਦੈ। ਪੁਰਾਣੇ ਵੇਲਿਆਂ 'ਚ ਖ਼ਾਨ ਬਾਦਸ਼ਾਹ ਵੀ ਅਹਿੰਸਾ ਦਾ ਦੂਤ ਬਣਿਆ ਜਿਹਨੂੰ ਪਾਕਿਸਤਾਨ ਵਾਲੇ ਕਾਫ਼ਰ ਅਤੇ ਭਾਰਤ ਆਲੇ ਸਰਹੱਦੀ ਗਾਂਧੀ ਆਖਦੇ ਸਨ। ਐੱਨ.ਐੱਸ.ਰਤਨ ਨੇ ਕਿਆ ਖ਼ੂਬ ਲਿਖਿਐ, 'ਧਰਮਾਂ-ਧੜਿਆਂ ਧਰਤੀ ਵੰਡੀ, ਕਿਸ ਵਿਹੜੇ ਮੈਂ ਪੀੜ੍ਹਾ ਡਾਹਵਾਂ।' ਮੀਡੀਆ ਦੀ ਤੋਏ ਤੋਏ ਸਰਹੱਦਾਂ ਟੱਪੀ ਹੈ। ਭਲਿਓ! ਤਾਲਸਤਾਏ ਦੀ 'ਜੰਗ ਤੇ ਅਮਨ' ਹੀ ਪੜ੍ਹ ਲੈਂਦੇ।

ਨੈਪੋਲੀਅਨ ਮੈਦਾਨ-ਏ-ਜੰਗ 'ਚ ਵੀ ਕਿਤਾਬਾਂ ਪੜ੍ਹਨੋਂ ਨੀ ਹਟਦਾ ਸੀ। ਅਸਾਡੇ ਮੀਡੀਆ ਨੇ ਤਾਂ ਘਰ ਘਰ 'ਚ ਖ਼ੌਫ਼ ਦੇ ਸੱਥਰ ਵਿਛਾ ਦਿੱਤੇ। ਜੰਗਬਾਜ਼ ਐਂਕਰ ਜਦੋਂ ਗੱਜਦੇ ਸਨ ਤਾਂ ਘਰਾਂ ਦੇ ਬਨੇਰਿਆਂ 'ਤੇ ਬੈਠੀਆਂ ਅਮਨ ਦੀਆਂ ਘੁੱਗੀਆਂ ਵੀ ਦਹਿਲ ਜਾਂਦੀਆਂ ਸਨ। ਜਾਰਜ ਬੁਸ਼ ਨੇ ਇਰਾਕ ਜੰਗ ਵੇਲੇ ਪ੍ਰੈੱਸ ਵਾਰਤਾ 'ਚ ਕਿਹਾ ਕਿ ਇਰਾਕ 'ਚ ਢਾਈ ਲੱਖ ਲੋਕ ਅਤੇ ਇੱਕ ਕੁੱਤਾ ਮਾਰਾਂਗੇ। ਮੀਡੀਆ ਇੱਕੋ ਸੁਰ ਬੋਲਿਆ, ਕੁੱਤਾ ਕਿਓਂ? ਬੁਸ਼ ਨੇ ਨਾਲ ਬੈਠੇ ਸਾਥੀ ਦੇ ਹੁੱਜ ਮਾਰੀ, ਦੇਖਿਆ ਇਨ੍ਹਾਂ ਨੂੰ ਕੁੱਤੇ ਦਾ ਫਿਕਰ ਐ, ਢਾਈ ਲੱਖ ਲੋਕਾਂ ਦਾ ਨਹੀਂ।

ਸਿਆਣੇ ਆਖਦੇ ਨੇ, 'ਚੰਗੇ ਮਲਾਹ ਦੀ ਪਛਾਣ ਤੂਫ਼ਾਨ ਆਉਣ 'ਤੇ ਹੁੰਦੀ ਹੈ।' ਜੰਗ ਦਾ ਸਾਇਰਨ ਕੀ ਵੱਜਿਆ, 'ਆਪ' ਦੀ ਦਿੱਲੀ ਲੀਡਰਸ਼ਿਪ 'ਬਦਲਾਅ' ਨੂੰ ਬੁੱਕਲ 'ਚ ਲੈ ਲਾਲ ਕਿਲੇ ਜਾ ਬੈਠੀ। ਪੰਜਾਬ ਆਲੇ ਵਜ਼ੀਰ ਸਰਹੱਦਾਂ 'ਤੇ ਡਟੇ ਰਹੇ। ਜਿਉਂ ਹੀ ਗੋਲੀਬੰਦੀ ਹੋਈ, ਦਿੱਲੀ ਆਲੇ ਲੀਡਰ ਪੰਜਾਬ 'ਚ ਮੁੜ ਲੈਂਡ ਕਰ ਗਏ। ਮੋਢਿਆਂ ਤੇ ਬੈਠਾ 'ਬਦਲਾਅ ਸਿੰਘ' ਹੇਕਾਂ ਲਾਉਣੋਂ ਨਾ ਹਟੇ, 'ਦਿਲ ਦੀਆ ਹੈ, ਜਾਨ ਵੀ ਦੇਂਗੇ, ਐ ਵਤਨ ਤੇਰੇ ਲੀਏ..।'

# ਵਿਸ਼ਵ ਰਤਨ ਬਲਬੀਰ ਸਿੰਘ ਦੀ ਪੰਜਵੀਂ ਬਰਸੀ 'ਤੇ






ਪ੍ਰਿੰ. ਸਰਵਣ ਸਿੰਘ

ਆਈਕੋਨਿਕ ਓਲੰਪੀਅਨ ਬਲਬੀਰ ਸਿੰਘ ਸੀਨੀਅਰ ਦੀ ਅੱਜ ਪੰਜਵੀਂ ਬਰਸੀ ਹੈ। ਉਸ ਨੇ ਪਹਿਲਾ ਸਾਹ 31 ਦਸੰਬਰ 1923 ਦੀ ਰਾਤ ਨੂੰ ਆਪਣੇ ਨਾਨਕੇ ਪਿੰਡ ਹਰੀਪੁਰ ਖ਼ਾਲਸਾ ਦੀ ਫਿਜ਼ਾ ਵਿਚ ਲਿਆ ਸੀ ਤੇ ਆਖ਼ਰੀ ਸਾਹ 25 ਮਈ 2020 ਦੀ ਸਵੇਰ ਨੂੰ ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਲਿਆ। ਬੁੱਢੇਵਾਰੇ ਉਹ ਆਪਣੀ ਧੀ ਸੁਸ਼ਬੀਰ ਕੌਰ ਤੇ ਦੋਹਤੇ ਕਬੀਰ ਪਾਸ ਚੰਡੀਗੜ੍ਹ ਰਹਿੰਦੇ ਸਨ ਜੋ ਉਨ੍ਹਾਂ ਦੀ ਸੇਵਾ ਸੰਭਾਲ ਕਰਦੇ ਸਨ। ਬਲਬੀਰ ਸਿੰਘ ਸਰੀਰਕ ਤੌਰ ਬੇਸ਼ਕ ਨਹੀਂ ਰਿਹਾ ਪਰ ਉਹਦਾ ਨਾਂ ਸਦਾ ਅਮਰ ਰਹੇਗਾ।

ਹਾਕੀ ਦਾ 'ਗੋਲ ਕਿੰਗਫ਼' ਕਹੇ ਜਾਂਦੇ ਬਲਬੀਰ ਸਿੰਘ ਦੇ ਪੁਰਖਿਆਂ ਦੀ ਬੰਸਾਵਲੀ ਵਿਚ ਦਸਵਾਂ ਪੁਰਖਾ ਭਾਈ ਬਿਧੀ ਚੰਦ ਸੀ। ਬੰਸਾਵਲੀ ਬਲਬੀਰ ਸਿੰਘ ਤੋਂ ਉਪਰ ਤੁਰਦੀ ਦਲੀਪ ਸਿੰਘ, ਬਸੰਤ ਸਿੰਘ, ਜੈਮਲ ਸਿੰਘ, ਦਲ ਸਿੰਘ, ਚੜ੍ਹਤ ਸਿੰਘ, ਗੁਰ ਸਿੰਘ, ਜੱਸੂ, ਦਲਪਤ, ਬਿਧੀ ਚੰਦ, ਡੱਲਾ, ਰਜਾਣੀਆਣ, ਸਾਬਾ ਤੇ ਦੁਸਾਂਝ ਤੋਂ ਹੁੰਦੀ ਹੋਈ ਸਰੋਇਆ ਤਕ ਜਾਂਦੀ ਹੈ। ਬਲਬੀਰ ਸਿੰਘ ਦੇ ਪਿਤਾ ਗਿਆਨੀ ਦਲੀਪ ਸਿੰਘ ਭਾਰਤ ਦੇ ਸੁਤੰਤਰਤਾ ਵਿਚ ਅਨੇਕ ਵਾਰ ਜੇਲ੍ਹ ਗਏ ਸਨ। 2015 ਵਿਚ ਮੈਂ ਬਲਬੀਰ ਸਿੰਘ ਦੀ ਜੀਵਨੀ 'ਗੋਲਡਨ ਗੋਲ' ਲਿਖੀ ਸੀ ਜੋ ਸੰਗਮ ਪਬਲੀਕੇਸ਼ਨਜ਼ ਸਮਾਣਾ ਨੇ ਪ੍ਰਕਾਸ਼ਿਤ ਕੀਤੀ, ਇਸ ਲਈ ਮੈਨੂੰ ਉਨ੍ਹਾਂ ਬਾਰੇ ਕਾਫੀ ਕੁਝ ਪਤਾ ਹੈ।

ਬਲਬੀਰ ਸਿੰਘ ਨੂੰ ਓਲੰਪਿਕ ਖੇਡਾਂ 'ਚੋਂ ਤਿੰਨ ਗੋਲਡ ਮੈਡਲ ਜਿੱਤਣ ਕਰਕੇ 'ਗੋਲਡਨ ਹੈਟ ਟ੍ਰਿੱਕ' ਵਾਲਾ ਬਲਬੀਰ ਵੀ ਕਿਹਾ ਜਾਂਦੈ। ਹੈਲਸਿੰਕੀ-1952 ਦੀਆਂ ਓਲੰਪਿਕ ਖੇਡਾਂ ਵਿਚ ਸੈਮੀ ਫਾਈਨਲ ਅਤੇ ਫਾਈਨਲ ਮੈਚਾਂ 'ਚ ਭਾਰਤੀ ਟੀਮ ਦੇ 9 ਗੋਲਾਂ 'ਚੋਂ 8 ਗੋਲ ਉਸ ਦੀ ਸਟਿੱਕ ਨਾਲ ਹੋਏ ਸਨ। ਹਾਲੈਂਡ ਵਿਰੁੱਧ ਫਾਈਨਲ ਮੈਚ ਵਿਚ ਭਾਰਤੀ ਟੀਮ ਦੇ 6 ਗੋਲਾਂ 'ਚੋਂ ਉਸ ਦੇ 5 ਗੋਲ ਸਨ ਜੋ ਓਲੰਪਿਕ ਖੇਡਾਂ ਦਾ 73 ਸਾਲ ਪੁਰਾਣਾ ਰਿਕਾਰਡ ਹੈ।

ਲੰਡਨ ਓਲੰਪਿਕਸ-2012 ਦੀ ਨੁਮਾਇਸ਼ ਲਈ ਓਲੰਪਿਕ ਖੇਡਾਂ ਦੇ ਇਤਿਹਾਸ 'ਚੋਂ ਜਿਹੜੇ 16 'ਆਈਕੋਨਿਕ ਓਲੰਪੀਅਨ' ਚੁਣੇ ਗਏ ਉਨ੍ਹਾਂ ਵਿਚ ਬਲਬੀਰ ਸਿੰਘ ਹਾਕੀ ਦਾ ਇਕੋ-ਇਕ ਖਿਡਾਰੀ ਸੀ ਜਿਸ ਨੂੰ ਇਹ ਮਾਣ ਮਿਲਿਆ। ਅੰਤਰਰਾਸ਼ਟਰੀ ਓਲੰਪਿਕ ਕਮੇਟੀ ਨੇ ਤਾਂ ਉਸ ਨੂੰ ਓਲੰਪਿਕ ਰਤਨ ਭਾਵ ਵਿਸ਼ਵ ਰਤਨ ਬਣਾ ਦਿੱਤਾ ਹੈ ਪਰ ਭਾਰਤ ਸਰਕਾਰ ਨੇ ਪਤਾ ਨਹੀਂ ਕਿਉਂ ਅਜੇ ਤਕ ਭਾਰਤ ਰਤਨ ਨਹੀਂ ਬਣਾਇਆ?

ਬਲਬੀਰ ਸਿੰਘ ਕਹਿੰਦਾ ਹੁੰਦਾ ਸੀ, "ਜਿਵੇਂ ਮੈਚ ਬਰਾਬਰ ਰਹਿ ਜਾਣ ਪਿੱਛੋਂ ਐਕਸਟਰਾ ਟਾਈਮ ਦਿੱਤਾ ਜਾਂਦੈ, ਐਕਸਟਰਾ ਟਾਈਮ ਵਿਚ ਮੈਚ ਬਰਾਬਰ ਰਹੇ ਤਾਂ ਗੋਲਡਨ ਗੋਲ ਦਾ ਸਮਾਂ ਹੁੰਦੈ, ਉਵੇਂ ਮੈਂ ਵੀ ਹੁਣ ਗੋਲਡਨ ਗੋਲ ਦੀ ਉਡੀਕ ਵਿਚ ਹਾਂ। ਖੇਡ ਹੁਣ ਉਪਰਲੇ ਨਾਲ ਹੈ। ਜਦੋਂ 'ਗੋਲਡਨ ਗੋਲ' ਹੋ ਗਿਆ ਤਾਂ ਖੇਡ ਖ਼ਤਮ।" ਆਖ਼ਰ ਬਲਬੀਰ ਸਿੰਘ ਦੀ ਜੀਵਨ ਖੇਡ 25 ਮਈ 2020 ਨੂੰ ਸਵੇਰੇ ਸਵਾ ਛੇ ਵਜੇ ਖ਼ਤਮ ਹੋ ਗਈ ਸੀ। **ਆਖ਼ਰੀ ਗੱਲ:** ਬਲਬੀਰ ਸਿੰਘ ਦੇ ਭੋਗ ਅਤੇ ਅੰਤਿਮ ਅਰਦਾਸ ਪਿੱਛੋਂ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਨੇ ਅਖ਼ਬਾਰਾਂ ਵਿਚ ਬਿਆਨ ਛਪਵਾਇਆ ਕਿ ਬਲਬੀਰ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬਘਰ ਵਿਚ ਸਸ਼ੋਭਿਤ ਕੀਤੀ ਜਾਵੇਗੀ। ਪਰਿਵਾਰ ਨੇ ਤਸਵੀਰ ਦੇ ਦਿੱਤੀ, ਅਜਾਇਬਘਰ ਲਈ ਤਿਆਰ ਵੀ ਹੋ ਗਈ ਪਰ ਚਿੱਠੀ ਪੱਤਰ ਦੇ ਬਾਵਜੂਦ ਅਜੇ ਤਕ ਸਸ਼ੋਭਿਤ ਨਹੀਂ ਕੀਤੀ ਗਈ।

ਇਸ ਸਥਿਤੀ ਵਿਚ ਸੱਚਖੰਡ ਨਿਵਾਸੀ ਡਾ. ਮਨਮੋਹਨ ਸਿੰਘ, ਸਾਬਕਾ ਪ੍ਰਧਾਨ ਮੰਤਰੀ, ਭਾਰਤ ਦੇ ਪਰਿਵਾਰ ਨੂੰ ਇਹੋ ਸਲਾਹ ਹੈ ਕਿ ਬਲਬੀਰ ਸਿੰਘ ਦੇ ਪਰਿਵਾਰ ਵਾਂਗ ਤਸਵੀਰ ਤੁਰਤ ਹੀ ਨਾ ਦੇ ਦੇਣ। ਤਦ ਤਕ ਉਡੀਕ ਕਰਨ ਜਦੋਂ ਤਕ ਸਿੱਖਾਂ ਦੀ ਸਿਰਮੌਰ ਕਮੇਟੀ ਨੂੰ ਸਮਝ ਨਹੀਂ ਆਉਂਦੀ ਕਿ ਕੁਲ ਦੁਨੀਆ ਵਿਚ ਸਿੱਖਾਂ ਦੀ 'ਪੱਗ' ਤੇ ਸਿੱਖ ਸਰੂਪ ਦੀ ਸ਼ੋਭਾ ਵਧਾਉਣ ਵਾਲੇ 'ਗੁਰਸਿੱਖ' ਕੌਣ ਹਨ?

# ਫਾਜ਼ਿਲਕਾ ਦੇ SSP ਵਰਿੰਦਰ ਸਿੰਘ ਬਰਾੜ ਸਸਪੈਂਡ, ਭ੍ਰਿਸ਼ਟਾਚਾਰ ਦੇ ਮਾਮਲੇ 'ਚ ਹੋਈ ਵੱਡੀ ਕਾਰਵਾਈ

ਫਾਜ਼ਿਲਕਾ ਦੇ SSP ਵਰਿੰਦਰ ਸਿੰਘ ਬਰਾੜ ਨੂੰ ਸਸਪੈਂਡ ਕਰ ਦਿੱਤਾ ਗਿਆ ਹੈ। ਉਨ੍ਹਾਂ 'ਤੇ ਦੋਸ਼ ਹੈ ਕਿ ਉਨ੍ਹਾਂ ਨੇ ਭ੍ਰਿਸ਼ਟਾਚਾਰ ਦੇ ਮਾਮਲੇ ਵਿਚ ਗ੍ਰਿਫਤਾਰ 4 ਪੁਲਿਸ ਮੁਲਾਜ਼ਮਾਂ ਉਤੇ ਕਾਰਵਾਈ ਨਹੀਂ ਕੀਤੀ ਸੀ। ਦੱਸ ਦੇਈਏ ਕਿ ਬੀਤੇ ਦਿਨੀਂ ਵਿਜੀਲੈਂਸ ਬਿਊਰੋ ਨੇ ਫਾਜ਼ਿਲਕਾ ਸਾਈਬਰ ਸੈੱਲ ਦੇ ਚਾਰ ਅਧਿਕਾਰੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਇਹ ਲੋਕ ਫਾਜ਼ਿਲਕਾ ਵਿੱਚ ਨਾਬਾਲਗ ਵਿਰੁੱਧ ਸਾਈਬਰ ਕੇਸ ਦਰਜ ਕਰਨ ਦੀ ਧਮਕੀ ਦੇ ਰਹੇ ਸਨ। ਨਾਲ ਹੀ ਪਰਿਵਾਰ 'ਤੇ ਲੱਖਾਂ ਰੁਪਏ ਦੀ ਰਿਸ਼ਵਤ ਦੇਣ ਲਈ ਦਬਾਅ ਪਾਇਆ ਜਾ ਰਿਹਾ ਸੀ। ਪ੍ਰਭਾਵਿਤ ਬੱਚਿਆਂ ਦੇ ਪਰਿਵਾਰਾਂ ਨੇ ਇਸ ਬਾਰੇ ਮੁੱਖ ਮੰਤਰੀ ਭਗਵੰਤ ਮਾਨ ਨੂੰ ਸ਼ਿਕਾਇਤ ਕੀਤੀ ਸੀ। ਇਸ ਦੇ ਬਾਅਦ ਸਾਈਬਰ ਸੈੱਲ ਫਾਜ਼ਿਲਕਾ ਦੇ ਐਸਐਚਓ ਨੂੰ ਉਸਦੇ ਸਾਥੀ ਮੁਲਾਜ਼ਮਾਂ ਸਣੇ 1 ਲੱਖ ਰੁਪਏ ਦੀ ਰਿਸ਼ਵਤ ਲੈਂਦੇ ਰੰਗੇ ਹੱਥੀਂ ਕਾਬੂ ਕਰ ਲਿਆ ਗਿਆ ਹੈ।

ਪੀੜਤ ਪਰਿਵਾਰ ਦਾ 17 ਸਾਲਾ ਬੱਚਾ ਸਾਈਬਰ ਕ੍ਰਾਈਮ ਵਿੱਚ ਸ਼ਾਮਲ ਹੋ ਗਿਆ ਸੀ। ਬੱਚੇ ਨੇ ਗਲਤੀ ਨਾਲ ਇੱਕ ਪੋਰਨ ਵੀਡੀਓ 'ਤੇ ਕਲਿੱਕ ਕਰ ਦਿੱਤਾ। ਇਹ ਇੱਕ ਨਾਨ-ਸੀਰੀਅਸ ਕੇਸ ਸੀ। ਪਰ ਪੁਲਿਸ ਮੁਲਾਜ਼ਮਾਂ ਨੇ ਇਸ ਦਾ ਫਾਇਦਾ ਚੁੱਕਿਆ। ਇਹ ਲੋਕ ਬੱਚੇ ਦੇ ਪਰਿਵਾਰ ਨੂੰ ਧਮਕੀਆਂ ਦਿੰਦੇ ਰਹੇ ਅਤੇ ਪੈਸੇ ਦੀ ਮੰਗ ਕਰਦੇ ਰਹੇ ਪਰ ਜਦੋਂ ਮਾਮਲਾ ਨਾ ਸੁਲਝਿਆ ਤਾਂ ਉਨ੍ਹਾਂ ਨੇ ਮੁੱਖ ਮੰਤਰੀ ਨਾਲ ਸੰਪਰਕ ਕੀਤਾ।

# 'ਬੀਵੀਡੀ ਬਰੈਂਪਟਨ ਹਾਫ਼-ਮੈਰਾਥਨ' ਈਵੈਂਟ 'ਚ ਬਣਿਆ ਮੇਲੇ ਵਾਲਾ ਮਾਹੌਲ

### * 1200 ਤੋਂ ਵਧੇਰੇ ਦੌੜਾਕਾਂ ਤੇ ਵਾਕਰਾਂ ਨੇ ਲਿਆ ਹਿੱਸਾ

### * ਟੀਪੀਏਆਰ ਕਲੱਬ ਦੇ 90 ਮੈਂਬਰਾਂ ਨੇ ਸੰਗਤਰੇ ਰੰਗ ਦੀਆਂ ਟੀ-ਸ਼ਰਟਾਂ ਨਾਲ ਕੀਤੀ ਸ਼ਮੂਲੀਅਤ

## ਮੇਅਰ ਪੈਟ੍ਰਿਕ ਬਰਾਊਨ, ਡਿਪਟੀ ਮੇਅਰ ਹਰਕੀਰਤ ਸਿੰਘ ਤੇ ਕਈ ਹੋਰ ਦੌੜਾਕਾਂ ਦੀ ਹੌਂਸਲਾ ਅਫ਼ਜਾਈ ਲਈ ਪਹੁੰਚੇ






















ਬਰੈਂਪਟਨ, (ਡਾ. ਝੰਡ) – ਲੰਘੇ ਐਤਵਾਰ 25 ਮਈ ਨੂੰ ਬਰੈਂਪਟਨ ਦੇ ਚਿੰਗੂਆਕੂਜ਼ੀ ਪਾਰਕ ਦੇ ਪੂਰਬਲੇ ਪਾਸੇ ਬਰੈਮਲੀ ਰੋਡ ਉੱਪਰ ਕਰਵਾਏ ਗਏ 'ਬੀਵੀਡੀ ਬਰੈਂਪਟਨ ਹਾਫ਼-ਮੈਰਾਥਨ' ਵਿੱਚ ਖ਼ੂਬ ਰੌਣਕਾਂ ਲੱਗੀਆਂ ਜਿਸ ਨਾਲ ਉੱਥੇ ਪੂਰਾ ਖੇਡ-ਮੇਲੇ ਵਾਲਾ ਮਾਹੌਲ ਬਣ ਗਿਆ। ਇਸ ਈਵੈਂਟ ਵਿੱਚ 1200 ਤੋਂ ਵਧੇਰੇ ਦੌੜਾਕਾਂ ਤੇ ਵਾੱਕਰਾਂ ਨੇ ਮੁਕਾਬਲੇ ਵਾਲੀਆਂ 5 ਕਿਲੋਮੀਟਰ, 10 ਕਿਲੋਮੀਟਰ ਤੇ ਹਾਫ਼- ਮੈਰਾਥਨ ਦੌੜਾਂ ਤੇ ਕਈ ਹੋਰ ਸ਼ੁਗਲੀਆ ਦੌੜਾਂ ਵਿੱਚ ਭਾਗ ਲਿਆ। ਸੀਨੀਅਰਜ਼ ਲਈ ਮੁਕਾਬਲੇ ਦੀ ਇੱਕ ਕਿਲੋਮੀਟਰ ਦੌੜ ਅਤੇ ਬੱਚਿਆਂ ਲਈ ਇੱਕ ਕਿਲੋਮੀਟਰ ਤੇ ਛੋਟੇ ਬੱਚਿਆਂ ਦੀਆਂ 400 ਮੀਟਰ ਸ਼ੁਗਲ-ਮੇਲੇ ਵਾਲੀਆਂ ਦੌੜਾਂ ਵੀ ਕਰਵਾਈਆਂ ਗਈਆਂ। ਇਸ ਦੌਰਾਨ 200 ਤੋਂ ਵਧੇਰੇ ਵਾਲੰਟੀਅਰਾਂ ਨੇ ਆਪਣੀਆਂ ਡਿਊਟੀਆਂ ਬਾਖ਼ੂਬੀ ਨਿਭਾਈਆਂ।

ਮੁਕਾਬਲੇ ਵਾਲੀਆਂ ਦੌੜਾਂ 'ਚ ਸ਼ਾਮਲ ਲੰਮੀ ਦੌੜ ਹਾਫ਼-ਮੈਰਾਥਨ ਵਿੱਚ 78 ਦੌੜਾਕਾਂ ਨੇ ਭਾਗ ਲਿਆ ਜਿਸ ਵਿੱਚ ਕ੍ਰਿਸਟੋਫ਼ਰ ਜੂਲੀਅਨ ਇਹ ਦੌੜ ਇੱਕ ਘੰਟਾ 32 ਮਿੰਟ 4 ਸਕਿੰਟ ਵਿੱਚ ਲਗਾ ਕੇ ਪਹਿਲੇ ਨੰਬਰ 'ਤੇ ਆਇਆ, ਜਦਕਿ ਜੌਸੈੱਫ਼ ਕੈਂਪਾਨੇਲੀ ਤੇ ਜਸਕਰਨ ਨਾਹਲ ਕ੍ਰਮਵਾਰ ਇੱਕ ਘੰਟਾ 34 ਮਿੰਟ 6 ਸਕਿੰਟ ਤੇ ਇੱਕ ਘੰਟਾ 35 ਮਿੰਟ 24 ਸਕਿੰਟ ਨਾਲ ਦੂਸਰੇ ਤੇ ਤੀਸਰੇ ਨੰਬਰ ਤੇ ਰਹੇ। ਏਸੇ ਤਰ੍ਹਾਂ 10 ਕਿਲੋਮੀਟਰ ਦੌੜ ਵਿੱਚ ਸ਼ਾਮਲ ਹੋਏ 175 ਦੌੜਾਕਾਂ ਵਿੱਚੋਂ ਸ਼ਿਵ ਸ਼ਰਮਾ 42 ਮਿੰਟ 44 ਸਕਿੰਟ ਸਮੇਂ ਨਾਲ ਪਹਿਲੇ ਨੰਬਰ 'ਤੇ ਆਇਆ, ਜਦ ਕਿ ਰਿਆਨ ਔਜਲਾ 43 ਮਿੰਟ 20 ਸਕਿੰਟ ਤੇ ਮੋਹਿੰਦਰਪਾਲ ਔਜਲਾ 44 ਮਿੰਟ 1 ਸਕਿੰਟ ਨਾਲ ਦੂਸਰੇ ਤੇ ਤੀਸਰੇ ਨੰਬਰ 'ਤੇ ਆਏ। ਪੰਜ ਕਿਲੋਮੀਟਰ ਦੀ ਦੌੜ ਵਿੱਚ ਸ਼ਾਮਲ ਹੋਏ 490 ਦੌੜਾਕਾਂ ਵਿੱਚੋਂ ਬਾਜ ਸਿੰਘ 19 ਮਿੰਟ 23 ਸਕਿੰਟ ਪਹਿਲੇ ਨੰਬਰ 'ਤੇ ਆਇਆ ਅਤੇ ਵਿਗਨੇਸ਼ ਰਾਮਾਸਵਾਮੀ ਤੇ ਪਵਨਵੀਰ ਸਿੰਘ ਦੋਵੇਂ ਇੱਕੋ ਹੀ ਸਮੇਂ 19 ਮਿੰਟ 27 ਸਕਿੰਟ ਨਾਲ ਦੂਸਰੇ ਤੇ ਤੀਸਰੇ 'ਤੇ ਰਹੇ। ਇਸ ਦੌਰਾਨ ਟੀਪੀਏਆਰ ਕਲੱਬ ਦਾ ਤੇਜ਼-ਤਰਾਰ ਦੌੜਾਕ ਸੁਰਿੰਦਰ ਸਿੰਘ ਨਾਗਰਾ ਇੱਕ ਕਿਲੋਮੀਟਰ ਮੁਕਾਬਲੇ ਦੀ ਦੌੜ 5 ਮਿੰਟ 56 ਸਕਿੰਟ ਵਿੱਚ ਲਗਾ ਕੇ 70 ਸਾਲ ਤੋਂ ਉੱਪਰਲੇ ਉਮਰ-ਵਰਗ ਦੇ 39 ਦੌੜਾਕਾਂ ਵਿੱਚੋਂ ਪਹਿਲੇ ਨੰਬਰ 'ਤੇ ਆਇਆ। ਇਸ ਤਰ੍ਹਾਂ ਇਸ ਈਵੈਂਟ ਵਿੱਚ ਪੰਜਾਬੀਆਂ ਤੋਂ ਇਲਾਵਾ ਹੋਰ ਕਮਿਊਨਿਟੀਆਂ ਦੇ ਦੌੜਾਕਾਂ ਨੇ ਵੀ ਬੜੇ ਪ੍ਰੋਫ਼ੈਸ਼ਨਲ ਢੰਗ ਨਾਲ ਭਾਗ ਲਿਆ। ਇਸ ਮੌਕੇ ਜੇਤੂਆਂ ਨੂੰ ਪ੍ਰਬੰਧਕਾਂ ਵੱਲੋਂ ਨਕਦ ਤੇ ਕਈ ਹੋਰ ਇਨਾਮ ਦਿੱਤੇ ਗਏ। ਹਜ਼ਾਰਾਂ ਦੀ ਗਿਣਤੀ ਵਿੱਚ ਦਰਸ਼ਕ ਦੌੜਾਕਾਂ ਦੀ ਹੌਸਲਾ-ਅਫ਼ਜ਼ਾਈ ਲਈ ਪਹੁੰਚੇ।

ਇਹ ਈਵੈਂਟ ਛੇ ਸਥਾਨਕ ਚੈਰਿਟੀਆਂ ਦੀ ਸਾਂਝੀ ਸੰਸਥਾ 'ਇੰਸਪੀਰੇਸ਼ਨਲ ਸਟੈੱਪਸ' ਵੱਲੋਂ ਆਯੋਜਿਤ ਕੀਤਾ ਗਿਆ ਜਿਸ ਵਿੱਚ 'ਐਂਨਲਾਈਟ ਕਿੱਡਜ਼', 'ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ਾਊਂਡੇਸ਼ਨ', 'ਸਹਾਇਤਾ', 'ਪਿੰਗਲਵਾੜਾ', 'ਡਰੱਗ ਅਵੇਅਰਨੈੱਸ ਸੋਸਾਇਟੀ ਆਫ਼ ਟੋਰਾਂਟੋ' ਅਤੇ 'ਤਰਕਸ਼ੀਲ ਸੋਸਾਇਟੀ' ਸ਼ਾਮਲ ਹਨ। ਇਨ੍ਹਾਂ ਦਾ ਸਾਂਝਾ ਮੰਤਵ ਲੋਕਾਂ ਵਿੱਚ ਚੰਗੀ ਸਿਹਤ ਤੇ ਤੰਦਰੁਸਤੀ ਨੂੰ ਉਤਸ਼ਾਹਿਤ ਕਰਨਾ ਹੈ, ਸਗੋਂ ਇਸ ਦੇ ਨਾਲ਼-ਨਾਲ਼ ਸਿਹਤ ਪ੍ਰਤੀ ਜਾਗਰੂਕਤਾ ਨੂੰ ਫ਼ੈਲਾਉਣਾ ਹੈ। ਇਸ ਵਾਰ ਸਥਾਨਕ 'ਟੈਰੀ ਫ਼ੌਕਸ ਸਿੰਨਥੈਟਿਕ ਸਟੇਡੀਅਮ' ਉਪਲੱਬਧ ਨਾ ਹੋਣ ਕਾਰਨ ਇਸ ਈਵੈਂਟ ਲਈ ਮੇਨ- ਸਟੇਜ ਅਤੇ ਵੱਖ-ਵੱਖ ਸਟਾਲਾਂ ਦਾ ਪ੍ਰਬੰਧ ਟੈਂਟ ਬਰੈਮਲੀ ਰੋਡ ਤੇ ਗੁੱਡਵੁੱਡ ਰੋਡ ਨੇੜਲੀ ਪਾਰਕਿੰਗ ਵਿੱਚ ਕੀਤਾ ਗਿਆ ਜਿੱਥੇ ਵੱਖ-ਵੱਖ ਤਰ੍ਹਾਂ ਦੇ ਸਨੈਕਸ, ਚਾਹ-ਪਾਣੀ ਤੇ ਖਾਣ-ਪੀਣ ਦੀਆਂ ਹੋਰ ਕਈ ਆਈਟਮਾਂ ਦਾ ਬਹੁਤ ਵਧੀਆ ਇੰਤਜ਼ਾਮ ਸੀ। ਇੱਕ ਸਟਾਲ ਦੇ ਸਾਹਮਣੇ ਲੋਕ ਸਵੇਰੇ ਅੱਠ ਵਜੇ ਵੇਸਣ ਤੇ ਸਮੋਸਿਆਂ ਨਾਲ ਚਾਹ ਦੀਆਂ ਚੁਸਕੀਆਂ ਲੈ ਰਹੇ ਸਨ। ਨਾਲ ਲੱਗਦੇ ਫ਼ਰੂਟ ਵਾਲੇ ਸਟਾਲ ਵਿੱਚ ਸੇਬਾਂ ਤੇ ਕੇਲਿਆਂ ਦੀ ਭਰਮਾਰ ਸੀ। ਥੋੜ੍ਹੇ ਚਿਰ ਬਾਅਦ ਨਾਲ ਲੱਗਦੇ 'ਸਿੰਘ ਪੀਜ਼ਾ' ਵਾਲਿਆਂ ਦੇ ਸਟਾਲ ਵਿੱਚ ਗਰਮਾ-ਗਰਮ ਪੀਜ਼ਿਆਂ ਦੇ ਡੱਬੇ ਆ ਗਏ ਅਤੇ ਉਸ ਦੇ ਨੇੜਲੇ ਇਕ ਹੋਰ ਸਟਾਲ ਵਿੱਚ ਚਾਵਲ, ਰੋਟੀਆਂ, ਦਾਲ ਤੇ ਮਟਰ ਪਨੀਰ ਦੀ ਸੁਆਦਲੀ ਸਬਜ਼ੀ ਵਾਲਾ ਲੰਗਰ ਵੀ ਪਹੁੰਚ ਗਿਆ। ਦੌੜਾਕਾਂ ਤੇ ਦਰਸ਼ਕਾਂ ਨੇ ਇਹ ਸੱਭ ਬੜੇ ਪ੍ਰੇਮ-ਪਿਆਰ ਤੇ ਸਤਿਕਾਰ ਨਾਲ ਲੰਗਰ ਛਕਿਆ।

ਹਾਫ਼-ਮੈਰਾਥਨ ਦੌੜ ਸਵੇਰੇ 7.30 ਵਜੇ ਹੀ ਆਰੰਭ ਹੋ ਗਈ, ਜਦ ਕਿ 10 ਕਿਲੋਮੀਟਰ ਅਤੇ 5 ਕਿਲੋਮੀਟਰ ਦੌੜਾਂ ਕ੍ਰਮਵਾਰ 8.15 ਵਜੇ ਤੇ 8.45 ਵਜੇ ਸ਼ੁਰੂ ਕਰਵਾਈਆਂ ਗਈਆਂ। ਇਨ੍ਹਾਂ ਸਾਰੀਆਂ ਦੌੜਾਂ ਦਾ ਸ਼ਾਨਦਾਰ ਆਰੰਭਿਕ ('ਸਟਾਰਟਿੰਗ ਪੁਆਇੰਟ') ਅਤੇ ਆਖ਼ਰੀ ਪੁਆਇੰਟ ('ਫਿਨਿਸ਼ ਪੁਆਇੰਟ') ਬਰੈਮਲੀ ਰੋਡ ਉੱਪਰ ਕੁਈਨਜ਼ ਸਟਰੀਟ ਤੋਂ ਲੱਗਭੱਗ 250 ਗਜ਼ ਉੱਤਰ ਵਾਲੇ ਪਾਸੇ ਬਣਾਇਆ ਗਿਆ। ਵੱਖ-ਵੱਖ ਦੌੜਾਂ ਦੀ ਦੂਰੀ ਨੂੰ ਮੁੱਖ ਰੱਖਦਿਆਂ ਹੋਇਆਂ ਦੌੜਾਕਾਂ ਨੂੰ ਇੱਥੋਂ ਆਰੰਭਿਕ ਪੁਆਇੰਟ ਤੋਂ ਸ਼ੁਰੂ ਹੋ ਕੇ ਬਰੈਮਲੀ ਰੋਡ ਉੱਪਰ ਵਿਲੀਅਮ ਪਾਰਕਵੇਅ ਨੂੰ ਪਾਰ ਕਰਕੇ ਅੱਗੋਂ ਨੌਰਥ ਪਾਰਕ ਤੋਂ ਥੋੜ੍ਹਾ ਜਿਹਾ ਉਰਿਉਂ ਵਾਪਸ ਮੁੜਨਾ ਸੀ। ਹਾਫ਼-ਮੈਰਾਥਨ ਲਈ ਦੌੜਾਕ ਇਸ ਦੂਰੀ ਦੇ ਅੱਠ ਚੱਕਰ, 10 ਕਿਲੋਮੀਟਰ ਦੌੜ ਵਾਲੇ ਚਾਰ ਚੱਕਰ ਅਤੇ 5 ਕਿਲੋਮੀਟਰ ਵਾਲੇ ਦੋ ਚੱਕਰ ਲਗਾ ਕੇ 'ਫਿਨਿਸ਼ ਪੁਆਇੰਟ' 'ਤੇ ਵਾਪਸ ਆਏ। ਉਨ੍ਹਾਂ ਦੀ ਸਹਾਇਤਾ ਲਈ ਅਤੇ ਵਾਟਰ ਸਟੇਸ਼ਨਾਂ 'ਤੇ ਰਸਤੇ ਵਿੱਚ ਕਈ ਵਾਲੰਟੀਅਰ ਤਾਇਨਾਤ ਸਨ।

ਜ਼ਿਕਰਯੋਗ ਹੈ ਕਿ 'ਟੋਰਾਂਟੋ ਪੀਅਰਸਨ ਏਅਰਪੋਰਟ ਰੱਨਰਜ਼ ਕਲੱਬ' (ਟੀਪੀਏਆਰ ਕਲੱਬ) ਦੇ 90 ਮੈਂਬਰਾਂ ਨੇ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਦੀ ਅਗਵਾਈ ਵਿੱਚ ਇਸ ਈਵੈਂਟ ਦੀਆਂ ਵੱਖ-ਵੱਖ ਦੌੜਾਂ ਵਿੱਚ ਭਾਗ ਲਿਆ। ਸੰਗਤਰੇ ਰੰਗ ਦੀਆਂ ਟੀ-ਸ਼ਰਟਾਂ ਨਾਲ ਉਹ ਦੌੜ ਵਿੱਚ ਆਪਣੀ ਵੱਖਰੀ ਹੀ ਦਿੱਖ ਨਾਲ ਦੂਰੋਂ ਹੀ ਪਛਾਣੇ ਜਾ ਰਹੇ ਸਨ। ਇੱਥੇ ਇਹ ਵੀ ਵਰਨਣਯੋਗ ਹੈ ਕਿ ਸੀ.ਐੱਨ. ਟਾਵਰ ਦੀਆਂ 1776 ਪੌੜੀਆਂ ਚੜ੍ਹਨ ਦੇ ਈਵੈਂਟ ਵਿੱਚ ਇਸ ਕਲੱਬ ਦੇ ਦੋ ਮੈਂਬਰ ਸੋਢੀ ਕੰਗ ਅਤੇ ਨੌਨਿਹਾਲ ਚੀਮਾ ਦੋ-ਦੋ ਵਾਰ ਜੇਤੂ ਕਰਾਰ ਦਿੱਤੇ ਗਏ ਹਨ। ਬਰੈਂਪਟਨ ਦੇ ਸਿੱਧੂ ਪਰਿਵਾਰ ਵੱਲੋਂ ਆਪਣੀ ਮਾਤਾ ਕਿਸ਼ਨ ਕੌਰ ਦੀ ਯਾਦ ਵਿੱਚ ਤਿਆਰ ਕੀਤਾ ਗਿਆ 'ਚਲੰਤ ਯਾਦਗਾਰੀ ਕੱਪ' ਹਰ ਸਾਲ ਗੁਰੂ ਗੋਬਿੰਦ ਸਿੰਘ ਚਿਲਡਰਨ ਫ਼ੈੱਡਰੇਸ਼ਨ ਵੱਲੋਂ ਜੇਤੂਆਂ ਨੂੰ ਦਿੱਤਾ ਜਾਂਦਾ ਹੈ ਅਤੇ ਪਿਛਲੇ ਚਾਰ ਸਾਲ ਤੋਂ ਇਹ ਕੱਪ ਟੀਪੀਏਆਰ ਕਲੱਬ ਦੇ ਮੈਂਬਰਾਂ ਕੋਲ ਹੈ। ਪਹਿਲਾਂ ਦੋ ਸਾਲ ਇਹ ਕੱਪ ਇਸ ਕਲੱਬ ਸੋਢੀ ਕੰਗ ਕੋਲ ਰਿਹਾ ਅਤੇ ਹੁਣ ਪਿਛਲੇ ਸਾਲ ਤੋਂ ਇਹ ਨੌਨਿਹਾਲ ਚੀਮਾ ਕੋਲ ਹੈ। ਮਿਸਟਰ ਚੀਮਾ ਇਹ ਕੱਪ ਇਸ ਖੇਡ ਮੇਲੇ ਵਿੱਚ ਨਾਲ ਲੈ ਕੇ ਆਏ ਅਤੇ ਕਲੱਬ ਦੇ ਮੈਂਬਰਾਂ ਵੱਲੋਂ ਇਹ ਕੱਪ ਅਸਮਾਨ ਵਿੱਚ ਉੱਚਾ ਲਹਿਰਾਅ ਕੇ ਇਸ ਦੇ ਨਾਲ ਆਪਣੀ ਗਰੁੱਪ ਫ਼ੋਟੋ ਕਰਵਾਈ ਗਈ। ਇਸ ਦੌਰਾਨ 'ਬਰੈਂਪਟਨ ਬੈਂਡਰਜ਼ ਰੱਨਿੰਗ ਕਲੱਬ' ਦੇ ਮੈਂਬਰਾਂ ਨੇ ਇਸ ਈਵੈਂਟ ਵਿੱਚ ਦੌੜਨ ਦੇ ਨਾਲ ਨਾਲ ਲੌਜਿਸਟਿਕ ਸਹਾਇਤਾ ਵਿੱਚ ਵੀ ਬੜੀ ਮਦਦ ਕੀਤੀ। 'ਐਸੋਸੀਏਸ਼ਨ ਆਫ਼ ਸੀਨੀਅਰਜ਼ ਕਲੱਬਜ਼ ਆਫ਼ ਬਰੈਂਪਟਨ' ਅਤੇ 'ਰੱਨ ਫ਼ਾਰ ਵੈਟਰਨਜ਼' ਦੇ ਸੀਨੀਅਰ ਮੈਂਬਰਾਂ ਨੇ ਵੀ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਬਰੈਂਪਟਨ ਸਿਟੀ ਕੌਂਸਲ ਦੇ ਮੇਅਰ ਪੈਟ੍ਰਿਕ ਬਰਾਊਨ, ਡਿਪਟੀ ਮੇਅਰ ਹਰਕੀਰਤ ਸਿੰਘ ਤੇ ਕਈ ਹੋਰ ਅਹਿਮ ਸ਼ਖਸੀਅਤਾਂ ਇਸ ਮੌਕੇ ਦੌੜਾਕਾਂ ਦੀ ਹੌਸਲਾ ਅਫ਼ਜ਼ਾਈ ਲਈ ਇਸ ਖੇਡ ਮੇਲੇ ਵਿੱਚ ਪਹੁੰਚੀਆਂ। ਪ੍ਰਬੰਧਕਾਂ ਵੱਲੋਂ ਸਾਰੇ ਦੌੜਾਕਾਂ, ਦਰਸ਼ਕਾਂ, ਸਪਾਂਸਰਾਂ ਤੇ ਆਏ ਮਹਿਮਾਨਾਂ ਦਾ ਧੰਨਵਾਦ ਕੀਤਾ ਗਿਆ। ਇਸ ਤਰ੍ਹਾਂ ਇਹ 'ਬੀਵੀਡੀ ਗਰੁੱਪ ਹਾਫ਼-ਮੈਰਾਥਨ ਈਵੈਂਟ' ਯਾਦਗਾਰੀ ਹੋ ਨਿਬੜਿਆ। ਸਮੂਹ ਦੌੜਾਕ, ਪ੍ਰਬੰਧਕ, ਵਾਲੰਟੀਅਰ ਤੇ ਦਰਸ਼ਕ ਇਸ ਅਤੀ ਸਫ਼ਲ ਤੇ ਸ਼ਾਨਦਾਰ ਈਵੈਂਟ ਲਈ ਵਧਾਈ ਦੇ ਹੱਕਦਾਰ ਹਨ।

GTA Plumbing & Electrical Supplies
GTA Plumbling & Electrical Supplies
ONE STOP SHOP FOR ALL PLUMBING & ELECTRICAL SUPPLIES
* Potlight for sale $8 (min. order 60 pcs.)
* Shower door $285, * Shower base $180
* 14/2 wire on sale $110, * Toilets on sale $100
* Faucets on sale starting from $30
* 24" Vanity with Quartz Top $200
* 30" Vanity with Quartz Top $220
* 36" Vanity with Quartz Top $250
* Range Hud for Sale $250
* Electrical wire, plugs, switches * Pot lights, LED bulbs
* Toilet Sets, Washroom Vanities * Kitchen & Washroom Faucets
* Range Hoods and many more
Moen, American Standard Pfister, Faucets, ABS, Copper and all type of fitting
905-792-0036
18 Strathearn Ave South A, Unit#25-27
Brampton (Steeles & Dixie)

ਦੇਸੀ ਦਵਾਈਆਂ ਦਾ ਚਮਤਕਾਰ
ਹਰਬਲ ਵਿਆਗਰਾ:-ਮਰਦਾਨਾ ਤਾਕਤ
ਦਾ ਦੇਸੀ ਨੁਸਖਾ ਇਸ ਨੂੰ ਖਾਣ ਨਾਲ ਕੋਈ ਨੁਕਸਾਨ ਨਹੀਂ ਹੈ
STOP
ਨਸ਼ਾ ਛੁਡਾਓ
ਸ਼ਰਾਬ, ਅਫੀਮ, ਪੋਸਤ, ਭੁੱਕੀ ਆਦਿ ਹਰ ਤਰ੍ਹਾਂ ਦੇ ਨਸ਼ਾ ਬਗੈਰ ਤਕਲੀਫ ਤੋਂ ਛੁਡਵਾਇਆ ਜਾਂਦਾ ਹੈ
ਔਰਤਾਂ ਤੇ ਮਰਦਾਂ ਦੇ
ਗੁਪਤ ਰੋਗਾਂ ਦਾ ਇਲਾਜ
ਮਾਹਵਾਰੀ ਅੱਗੇ/ਪਿੱਛੇ ਆਉਣੀ, ਪਾਣੀ ਪੈਣਾ, ਲੁਕੋਰੀਆ, ਗਰਭਪਾਤ ਵਾਰ-ਵਾਰ ਹੋਣਾ ਆਦਿ ਦਾ ਇਲਾਜ
ਧਾਤ, ਸੁਪਨਦੋਸ਼, ਨਾਮਰਦੀ ਆਦਿ ਦਾ ਇਲਾਜ ਦੇਸੀ ਦਵਾਈਆਂ ਨਾਲ ਕੀਤਾ ਜਾਂਦਾ ਹੈ।
ਜੋੜਾਂ ਦਾ ਦਰਦ, ਸਿਰ ਦਰਦ, ਲੱਕ ਦਰਦ, ਪਿੱਠ ਦਰਦ,ਗੋਡਿਆਂ ਆਦਿ ਹਰ ਤਰ੍ਹਾਂ ਦੀਆਂ ਦਰਦਾਂ ਦਾ ਸਫ਼ਲ ਇਲਾਜ
ਚਮੜੀ ਦੇ ਰੋਗਾਂ ਦਾ ਸਫ਼ਲ ਇਲਾਜ
ਚੰਬਲ, ਦਦਰੀ, ਸ਼ਪਾਕੀ, ਐਲਰਜੀ, ਵਾਲ ਝਵਨੇ, ਐਗਜ਼ੀਮਾ ਅਤੇ ਹੋਰ ਰੋਗਾਂ ਦਾ ਸਫ਼ਲ ਇਲਾਜ ਕੀਤਾ ਜਾਂਦਾ ਹੈ
PH: 416-425-0138
514-632-0138
ਕੰਮ ਕਾਰ ਵਿੱਚ ਰੁਕਾਵਟ, ਘਰ ਕਲੇਸ਼, ਮਾਨਸਿਕ ਪਰੇਸ਼ਾਨੀ, ਇਮੀਗਰੇਸ਼ਨ ਦਾ ਮਸਲਾ ਹੱਲ ਨਹੀਂ ਹੋ ਰਿਹਾ? ਤਾਂ ਵੀ ਮਿਲੋ
ਸ਼ੂਗਰ ਦੀ ਦਵਾਈ ਵੀ ਦਿੱਤੀ ਜਾਂਦੀ ਹੈ
ਨੋਟ: ਸਾਰੇ ਇਲਾਜ ਦੇਸੀ ਜੜੀਆਂ ਬੂਟੀਆਂ ਨਾਲ ਕੀਤੇ ਜਾਂਦੇ ਹਨ
Solve Your Life Problems with Easy Opay & Lucky Stone, Book and Appointment Today!

ASK Mortgage Ltd.
Business Loan
Credit Line
Truck/Taxi Loan
New Immigrant Package
416-366-1234
Jaswinder Khosa
416-894-9400
1332 Khalsa Drive Unit 12

# ਕਨਸੀਵ ਕਰਨ 'ਚ ਆ ਰਹੀ ਹੈ ਮੁਸ਼ਕਿਲ?

## ਤਾਂ ਇਹ 4 ਸੰਕੇਤ ਦਿਖਦੇ ਹੀ ਲੈ ਲਓ ਫਰਟੀਲਿਟੀ ਸਪੈਸ਼ਲਿਸਟ ਦਾ ਅਪਾਇੰਟਮੈਂਟ



ਪਰਿਵਾਰ ਸ਼ੁਰੂ ਕਰਨਾ ਕਿਸੇ ਵੀ ਜੋੜੇ ਲਈ ਭਾਵਨਾਤਮਕ ਉਤਰਾਅ-ਚੜ੍ਹਾਅ ਨਾਲ ਭਰਿਆ ਹੁੰਦਾ ਹੈ। ਘਰ ਨਵੇਂ ਮਹਿਮਾਨ ਨੂੰ ਲਿਆਉਣ ਵਿੱਚ ਖੁਸ਼ੀ ਹੁੰਦੀ ਹੈ, ਪਰ ਨਾਲ ਹੀ ਇਸ ਨਵੀਂ ਜ਼ਿੰਮੇਵਾਰੀ ਦਾ ਡਰ ਵੀ ਹੁੰਦਾ ਹੈ। ਪਰ ਕੁਝ ਲੋਕਾਂ ਲਈ, ਇਹ ਸਫ਼ਰ ਹੋਰ ਵੀ ਔਖਾ ਹੋ ਸਕਦਾ ਹੈ। ਖਾਸ ਕਰਕੇ ਜੇਕਰ ਤੁਸੀਂ ਲੰਬੇ ਸਮੇਂ ਤੋਂ ਗਰਭ ਧਾਰਨ ਕਰਨ ਦੀ ਕੋਸ਼ਿਸ਼ ਕਰ ਰਹੇ ਹੋ। ਕਈ ਵਾਰ ਸਹੀ ਖੁਰਾਕ ਅਤੇ ਜੀਵਨ ਸ਼ੈਲੀ ਦੇ ਬਾਵਜੂਦ ਗਰਭ ਧਾਰਨ ਕਰਨਾ ਮੁਸ਼ਕਲ ਹੋ ਜਾਂਦਾ ਹੈ। ਅਜਿਹੀ ਸਥਿਤੀ ਵਿੱਚ, ਕਿਸੇ ਜਣਨ ਸ਼ਕਤੀ ਮਾਹਿਰ ਨਾਲ ਸਲਾਹ ਕਰਨਾ ਸਭ ਤੋਂ ਵਧੀਆ ਹੈ। ਜਣਨ ਸ਼ਕਤੀ ਇੱਕ ਬਹੁਤ ਹੀ ਗੁੰਝਲਦਾਰ ਮੁੱਦਾ ਹੈ। ਇਸ ਲਈ, ਜਿੰਨੀ ਜਲਦੀ ਤੁਸੀਂ ਡਾਕਟਰ ਨਾਲ ਸਲਾਹ ਕਰੋਗੇ, ਓਨੀ ਹੀ ਜਲਦੀ ਤੁਸੀਂ ਸਹੀ ਕਦਮ ਚੁੱਕ ਸਕੋਗੇ। ਇੱਥੇ ਅਸੀਂ ਤੁਹਾਨੂੰ 4 ਅਜਿਹੀਆਂ ਸਥਿਤੀਆਂ (ਬਾਂਝਪਨ ਦੇ ਕਾਰਨ) ਦੱਸ ਰਹੇ ਹਾਂ, ਜਿਸ ਤੋਂ ਬਾਅਦ ਤੁਹਾਨੂੰ ਕਿਸੇ ਜਣਨ ਸ਼ਕਤੀ ਮਾਹਰ ਨਾਲ ਮੁਲਾਕਾਤ ਕਰਨੀ ਚਾਹੀਦੀ ਹੈ। ਸਾਨੂੰ ਇਸ ਬਾਰੇ ਦੱਸੋ।

ਮੈਂ ਇੱਕ ਸਾਲ ਤੋਂ ਗਰਭ ਧਾਰਨ ਕਰਨ ਦੀ ਕੋਸ਼ਿਸ਼ ਕਰ ਰਹੀ ਹਾਂ।

ਜੇਕਰ ਤੁਹਾਡੀ ਉਮਰ 30 ਸਾਲ ਤੋਂ ਵੱਧ ਹੈ ਅਤੇ ਤੁਸੀਂ 6 ਮਹੀਨੇ ਜਾਂ ਇੱਕ ਸਾਲ ਤੋਂ ਗਰਭ ਧਾਰਨ ਕਰਨ ਦੀ ਕੋਸ਼ਿਸ਼ ਕਰ ਰਹੇ ਹੋ, ਤਾਂ ਇਹ ਬਾਂਝਪਨ ਦੀ ਨਿਸ਼ਾਨੀ ਹੋ ਸਕਦੀ ਹੈ। ਜਿਵੇਂ-ਜਿਵੇਂ ਉਮਰ ਵਧਦੀ ਹੈ, ਉਪਜਾਊ ਸ਼ਕਤੀ ਘਟਣੀ ਸ਼ੁਰੂ ਹੋ ਜਾਂਦੀ ਹੈ। ਇਸ ਲਈ, ਜੇਕਰ ਤੁਸੀਂ 30 ਸਾਲ ਦੀ ਉਮਰ ਤੋਂ ਬਾਅਦ 6 ਮਹੀਨੇ ਤੋਂ ਇੱਕ ਸਾਲ ਤੱਕ ਗਰਭ ਧਾਰਨ ਕਰਨ ਵਿੱਚ ਅਸਮਰੱਥ ਹੋ, ਤਾਂ ਤੁਹਾਨੂੰ ਇੱਕ ਪ੍ਰਜਨਨ ਮਾਹਿਰ ਨਾਲ ਸਲਾਹ ਕਰਨੀ ਚਾਹੀਦੀ ਹੈ।

### ਇੱਕ ਜਾਂ ਵੱਧ ਗਰਭਪਾਤ ਹੋਏ ਹਨ

ਜੇਕਰ ਤੁਹਾਡਾ ਇੱਕ ਜਾਂ ਇੱਕ ਤੋਂ ਵੱਧ ਵਾਰ ਗਰਭਪਾਤ ਹੋਇਆ ਹੈ, ਤਾਂ ਇਹ ਜਣਨ ਸਮੱਸਿਆ ਦਾ ਸੰਕੇਤ ਵੀ ਹੋ ਸਕਦਾ ਹੈ। ਗਰਭਪਾਤ ਦੇ ਕਈ ਕਾਰਨ ਹੋ ਸਕਦੇ ਹਨ, ਜਿਵੇਂ ਕਿ ਹਾਰਮੋਨਲ ਸਮੱਸਿਆਵਾਂ, ਬੱਚੇਦਾਨੀ ਵਿੱਚ ਕੋਈ ਸਮੱਸਿਆ, ਜੈਨੇਟਿਕ ਵਿਕਾਰ ਆਦਿ। ਅਜਿਹੇ ਮਾਮਲਿਆਂ ਵਿੱਚ, ਕਿਸੇ ਪ੍ਰਜਨਨ ਮਾਹਿਰ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਤਾਂ ਜੋ ਭਵਿੱਖ ਵਿੱਚ ਗਰਭ ਅਵਸਥਾ ਵਿੱਚ ਕੋਈ ਸਮੱਸਿਆ ਨਾ ਆਵੇ।

### ਅਨਿਯਮਿਤ ਮਾਹਵਾਰੀ ਜਾਂ ਫਫੋਸ਼ ਵਰਗੀਆਂ ਸਮੱਸਿਆਵਾਂ

ਜੇਕਰ ਤੁਹਾਡੇ ਮਾਹਵਾਰੀ ਅਨਿਯਮਿਤ ਹਨ, ਤਾਂ ਇਹ ਇੱਕ ਪ੍ਰਜਨਨ ਸਮੱਸਿਆ ਵੀ ਹੋ ਸਕਦੀ ਹੈ। ਇੱਕ ਆਮ ਮਾਹਵਾਰੀ ਚੱਕਰ 22 ਤੋਂ 35 ਦਿਨਾਂ ਦੇ ਵਿਚਕਾਰ ਰਹਿੰਦਾ ਹੈ। ਜੇਕਰ ਤੁਹਾਡਾ ਚੱਕਰ ਇਸ ਤੋਂ ਘੱਟ ਜਾਂ ਵੱਧ ਦਿਨ ਹੈ, ਤਾਂ ਇਹ ਕਿਸੇ ਸਮੱਸਿਆ ਦਾ ਸੰਕੇਤ ਹੋ ਸਕਦਾ ਹੈ। ਇਸ ਤੋਂ ਇਲਾਵਾ, ਬਹੁਤ ਜ਼ਿਆਦਾ ਜਾਂ ਬਹੁਤ ਘੱਟ ਖੂਨ ਵਹਿਣ ਨਾਲ ਵੀ ਸਮੱਸਿਆਵਾਂ ਪੈਦਾ ਹੋ ਸਕਦੀਆਂ ਹਨ।

ਪੀਸੀਓਐਸ ਜਾਂ ਫਾਈਬਰੋਇਡਜ਼ ਵਰਗੀਆਂ ਸਮੱਸਿਆਵਾਂ ਵੀ ਪ੍ਰਜਨਨ ਸ਼ਕਤੀ ਨੂੰ ਪ੍ਰਭਾਵਿਤ ਕਰਦੀਆਂ ਹਨ। ਇਨ੍ਹਾਂ ਕਾਰਨ, ਓਵੂਲੇਸ਼ਨ ਵਿੱਚ ਸਮੱਸਿਆ ਹੋ ਸਕਦੀ ਹੈ ਜਾਂ ਬੱਚੇਦਾਨੀ ਵਿੱਚ ਕੋਈ ਸਮੱਸਿਆ ਹੋ ਸਕਦੀ ਹੈ, ਜਿਸ ਕਾਰਨ ਗਰਭ ਧਾਰਨ ਕਰਨ ਵਿੱਚ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਜੇਕਰ ਤੁਹਾਨੂੰ ਅਜਿਹੀ ਕੋਈ ਸਮੱਸਿਆ ਹੈ, ਤਾਂ ਗਰਭ ਧਾਰਨ ਕਰਨ ਤੋਂ ਪਹਿਲਾਂ ਕਿਸੇ ਜਣਨ ਸ਼ਕਤੀ ਮਾਹਿਰ ਨਾਲ ਸਲਾਹ ਕਰਨਾ ਲਾਭਦਾਇਕ ਹੋ ਸਕਦਾ ਹੈ।

### ਮਰਦ ਉਪਜਾਊ ਸ਼ਕਤੀ ਨਾਲ ਸਬੰਧਤ ਸਮੱਸਿਆਵਾਂ (ਪੁਰਸ਼ ਕਾਰਕ)

ਅਕਸਰ ਲੋਕ ਇਹ ਮੰਨਦੇ ਹਨ ਕਿ ਜੇਕਰ ਕੋਈ ਜੋੜਾ ਗਰਭ ਧਾਰਨ ਕਰਨ ਵਿੱਚ ਅਸਮਰੱਥ ਹੈ, ਤਾਂ ਔਰਤ ਨਾਲ ਕੋਈ ਸਮੱਸਿਆ ਜ਼ਰੂਰ ਹੋਵੇਗੀ। ਪਰ ਇਹ ਇਸ ਤਰ੍ਹਾਂ ਨਹੀਂ ਹੈ। ਲਗਭਗ 40% ਮਾਮਲਿਆਂ ਵਿੱਚ, ਮਰਦਾਂ ਨੂੰ ਜਣਨ ਸ਼ਕਤੀ ਨਾਲ ਸਬੰਧਤ ਸਮੱਸਿਆਵਾਂ ਹੋ ਸਕਦੀਆਂ ਹਨ, ਜਿਵੇਂ ਕਿ ਸ਼ੁਕਰਾਣੂਆਂ ਦੀ ਗਿਣਤੀ ਘੱਟ ਹੋਣਾ, ਸ਼ੁਕਰਾਣੂਆਂ ਦੀ ਗਤੀਸ਼ੀਲਤਾ ਘੱਟ ਹੋਣਾ, ਆਦਿ। ਇਸ ਲਈ, ਜੇਕਰ ਮਰਦ ਗਰਭ ਧਾਰਨ ਕਰਨ ਵਿੱਚ ਅਸਮਰੱਥ ਹਨ, ਤਾਂ ਉਨ੍ਹਾਂ ਨੂੰ ਡਾਕਟਰ ਨਾਲ ਸਲਾਹ-ਮਸ਼ਵਰਾ ਕਰਨਾ ਚਾਹੀਦਾ ਹੈ ਅਤੇ ਆਪਣੀ ਜਾਂਚ ਕਰਵਾਉਣੀ ਚਾਹੀਦੀ ਹੈ।

ਜੇਕਰ ਤੁਸੀਂ ਇਹਨਾਂ ਵਿੱਚੋਂ ਕੋਈ ਵੀ ਲੱਛਣ ਦੇਖਦੇ ਹੋ, ਤਾਂ ਤੁਹਾਨੂੰ ਕਿਸੇ ਜਣਨ ਸ਼ਕਤੀ ਦੇ ਮਾਹਰ ਨਾਲ ਮੁਲਾਕਾਤ ਕਰਨੀ ਚਾਹੀਦੀ ਹੈ। ਸਮੇਂ ਸਿਰ ਨਿਦਾਨ ਹੋਣ ਨਾਲ, ਇਲਾਜ ਵਧੇਰੇ ਪ੍ਰਭਾਵਸ਼ਾਲੀ ਹੋ ਸਕਦਾ ਹੈ ਅਤੇ ਗਰਭ ਅਵਸਥਾ ਦੀ ਸੰਭਾਵਨਾ ਵੀ ਵੱਧ ਜਾਂਦੀ ਹੈ।

# ਦੁਬਈ ਮਰੀਨਾ ਹੈ:

## ਆਲੀਸ਼ਾਨ ਗਗਨਚੁੰਬੀ ਇਮਾਰਤਾਂ ਵਾਲਾ

### ਲਗਜ਼ਰੀ ਇਲਾਕਾ








ਦੁਬਈ ਮਰੀਨਾ –ਪਾਮ ਜੁਮੇਰਾਹ ਦੇ ਨਾਲ ਲਗਦਾ ਇਹ ਆਲੀਸ਼ਾਨ ਵਾਟਰਫਰੰਟ ਜ਼ਿਲਾ ਚਮਕਦਾਰ ਗਗਨਚੁੰਬੀ ਇਮਾਰਤਾਂ, ਖਾਸ ਰਿਹਾਇਸ਼ਾਂ ਅਤੇ ਹਵਾਦਾਰ ਬੁਲੇਵਾਰਡਾਂ ਨਾਲ ਕਤਾਰਬੱਧ ਹੈ। ਇਹ ਪੂਰੀ ਤਰਾਂ ਇਨਸਾਨ ਦੁਆਰਾ ਬਣਾਏ ਗਏ ਹਨ। ਦੁਬਈ ਮਰੀਨਾ ਨੂੰ ਆਪਣੀ ਜੀਵੰਤ ਵਾਟਰਫਰੰਟ ਜੀਵਨਸ਼ੈਲੀ, ਲਗਜ਼ਰੀ ਉੱਚ ਪੱਧਰੀ ਅਪਣਟਮੈਂਟਸ, ਵਿਸ਼ਵ ਪੱਧਰੀ ਭੋਜਨ ਅਤੇ ਮਨੋਰੰਜਨ ਵਿਕਲਪਾਂ ਲਈ ਜਾਣਿਆ ਜਾਂਦਾ ਹੈ। ਇਹ ਦੁਬਈ 'ਚ ਰਹਿਣ ਲਈ ਸੱਭ ਤੋਂ ਮਸ਼ਹੂਰ 'ਤੇ ਸੱਭ ਤੋਂ ਅਮੀਰਾਂ ਵਿੱਚੋ ਇੱਕ ਹੈ। ਤੁਸੀਂ ਪਾਮ ਜੁਮੇਰਾਹ ਤੋਂ ਡੇਲੀ ਆਪਣੀ ਖਿੜਕੀ ਤੋਂ ਸਮੁੰਦਰ ਦੇਖ ਸਕਦੇ ਹੋ। ਪਾਮ ਜੁਮੇਰਾਹ ਕੋਲਓ_ਹ ਸੱਭ ਕੁੱਝ ਹੈ ਜੋ ਤੁਹਾਨੂੰ ਲਗਜ਼ਰੀ ਵਿਲਾ ਅਤੇ ਅਪਾਰਟਮੈਂਟਸ ਤੋਂ ਲੈ ਕੇ ਪੰਜ-ਸਿਤਾਰਾ ਹੋਟਲਾਂ 'ਤੇ ਬੀਚਾਂਤੱਕ ਸ਼ਾਨਦਾਰ ਲਈ ਜਰੂਰੀ ਹੈ।



**Anil Dheer**
Columnist. Alternative Therapist, Social Activist. Health Educator Award winner; Certified in: GNT Diseases 2023 (W.H.O) Air Pollution n Health 2023 (W.H.O) Monkey-pox Virus: Health Emergencies programme (W.H.O) PHR-UNICEF Covid Variants-Vaccine-specific resources & IPC (W.H.O)

ਦੁਬਈ ਮਰੀਨਾ ਉਰਫ ਮਾਰਸਾ ਦੁਬਈ, ਦੁਬਈ ਸੰਯੁਕਤ ਅਰਬ ਅਮੀਰਾਤ ਦਾ ਇੱਕ ਜਿਲਾ ਹੈ। ਇਹ ਇੱਕ ਨਕਲੀ ਨਹਿਰ ਵਾਲਾ ਸ਼ਹਿਰ ਹੈ ਜੋ ਫਾਰਸ ਦੀ ਖਾੜੀ ਦੇ ਕਿਨਾਰੇ ਦੇ 2 ਮੀਲ ਹਿੱਸੇ ਦੇ ਨਾਲ ਬਣਾਇਆ ਗਿਆ ਹੈ। ਜਿਸਦੀ ਆਬਾਦੀ 2018 ਤੱਕ 55,052 ਸੀ। ਇੱਥੇ 120,000 ਤੋਂ ਵੱਧ ਲੋਕ ਬੈਠ ਸਕਦੇ ਹਨ। ਇਹ ਇੰਟਰਚੇਂਜ5 'ਤੇ ਜੇਬਲ ਅਲੀ ਪੋਰਟ ਅਤੇ ਉਸਦੇ ਖੇਤਰ ਦੇ ਵਿਚਕਾਰ ਸਥਿਤ, ਜੋ ਦੁਬਈ ਇੰਟਰਨੇਟ ਸਿਟੀ, ਦੁਬਈ ਮੀਡੀਆ ਸਿਟੀ ਅਤੇ ਦੁਬਈ 'ਚ ਅਮਰੀਕੀ ਯੂਨੀਵਰਸਿਟੀ ਦੀ ਮੇਜਬਾਨੀ ਕਰਦਾ ਹੈ। ਦੁਬਈ ਮਰੀਨਾ ਵੈਨਕੂਵਰ, ਬੀਸੀ, ਕੈਨੇਡਾ 'ਚ ਫਾਲਸ ਕ੍ਰੀਕ ਦੇ ਨਾਲ ਕੰਕਰੋਡ ਪੈਸੀਫਿਕ ਪਲੇਸ ਦੇ ਵਿਕਾਸ ਤੋਂ ਪ੍ਰੇਰਿਤ ਸੀ। ਸਮੁੰਦਰੀ ਜੰਗਲੀ ਜੀਵ-ਵੇਲ, ਸ਼ਾਰਕ ਖੁੱਲੇ ਸਮੁੰਦਰ ਦੇ ਨੇੜੇ ਹੋਣ ਕਰਕੇ ਮਰੀਨਾ 'ਚ ਦਾਖਲ ਹੋਣ ਦੀਆਂ ਦਹੁਤ ਸਾਰੀਆਂ ਉਦਾਹਰਨਾਂ ਵੀ ਹਨ।

- ਦੁਬਈ ਮਰੀਨਾ ਪਹਿਲਾ ਪੜਾਅ 25 ਏਕੜ ਨੂੰ ਕਵਰ ਕਰਦਾ ਹੈ, ਜਿਸ 'ਚ 6 ਫ੍ਰੀ ਹੋਲਡ ਅਪਾਰਟਮੈਂਟ ਬਿਲਡਿੰਗਾਂ ਸ਼ਾਲਮ ਹਨ। ਦੁਬਈ ਮਰੀਨਾ ਦੇ ਇਸ ਪੜਾਅ ਦੀ ਲਾਗਤ 1.2 ਬਿਲੀਅਨ ਤੋਂ ਵੱਧ ਦੱਸੀ ਜਾਂਦੀ ਹੈ। ਤਿੰਨ ਟਾਵਰਾਂ ਦਾ ਨਾਂ ਕੀਮਤੀ ਪੱਥਰਾਂ 'ਤੇ ਰੱਖਿਆ ਗਿਆ ਹੈ: ਅਲ ਮਾਸ, ਫੇਰੋਜ਼ ਮੁਰਜ਼ਾਨ ਅਤੇ ਬਾਕੀ ਤਿੰਨ ਟਾਵਰਾਂ ਨਾਂ ਅਰਬੀ ਸੈਂਟ ਦੇ ਨਾਂ 'ਤੇ ਰੱਖਿਆ ਗਿਆ ਹੈ: ਮੇਸਕ, ਅਨਬਰ ਅਤੇ ਅਲਯਾਸ। ਇਹ ਸਕੀਮ ਐਚਓਕੇ ਦੁਆਰਾ ਤਿਆਰ, ਜਿਸਦੇ ਠੇਕੇਦਾਰ ਅਲ-ਫੁਤੈਮ ਕੈਰੀਲੀਅਨ ਅਤੇ ਨਾਸਾਹ ਮਲਟੀਪਲੈਕਸ ਸਨ।
- ਦੁਬਈ ਮਰੀਨਾ ਦੇ ਫੇਸ-2 'ਚ ਉਚੀਆਂ ਇਮਾਰਤਾਂ 'ਚ ਮੁੱਖ ਤੌਰ 'ਤੇ ਜੋ ਇੱਕ ਬਲਾਕ ਵਿੱਚ ਕਲੱਸਟਰ ਹੁੰਦੀਆਂ ਹਨ, ਜਿਸਨੂੰ ਵਿਸ਼ਵ 'ਚ ਸੱਭ ਤੋਂ ਉਚਾ ਬਲਾਕ ਕਿਹਾ ਜਾਂਦਾ ਹੈ। ਜਿਸ 'ਚ ਜ਼ਿਆਦਾਤਰ ਗਗਨਚੁੰਬੀ ਇਮਾਰਤਾਂ 250 ਮੀਟਰ ਤੋਂ 300 ਮੀਟਰ ਵਿਚਕਾਰ ਹਨ। ਇਸ 'ਚ ਕੈਆਨ ਟਾਵਰ, ਓਸ਼ੀਅਨ ਹਾਈਟਸ, ਮਰੀਨਾ ਪਿਨੈਕਲ, ਸੁਲਾਫਾ ਟਾਵਰ ਅਤੇਸ ਾਇਲ ਟਾਵਰ ਹਨ, ਜੋ ਕਿ 366 ਮੀਟਰ ਤੱਕ ਹਨ।
- ਅਲ ਸਾਹਬ ਇੱਕ ਰਿਹਾਸ਼ਿ ਉੱਹਾ ਵਿਕਾਸ ਜਿਸ ਦੇ 2 ਟਾਵਰ: ਕੰਪਲੈਕਸ ਵਾਟਰਫਰੰਟ 'ਤੇ ਹੈ ਅਤੇ ਦੁਬਈ ਮਰੀਨਾ ਵਿਖੇ ਪਾਣੀ ਦੀ ਸੱਭ ਤੋਂ ਵੱਢੀ ਖਾੜੀ ਨੂੰ ਸਿੱਧਾ ਨਜ਼ਰਅੰਦਾਜ਼ ਕਰਦਾ ਹੈ। ਇਮਾਰਤਾਂ ਮਰੀਨਾ ਦੇ ਉੱਤਰੀ ਸਿਰੇ 'ਚ ਮਰੀਨਾ ਕੁਏਜ਼ ਦੇ ਨੇੜੇ ਅਲ ਮਜਾਰਾ ਟਾਵਰਜ਼ ਤੋਂ ਪਾਰ ਹਨ।
- ਮਰੀਨਾ ਕਵੇਜ਼ ਆਰਿਫ ਅਤੇ ਬਿਨਟੋਕ ਦੁਆਰਾ ਡਿਜ਼ਾਇਨ ਕੀਤਾ ਗਿਆ ਇੱਕ ਕੰਪਲੈਕਸ ਹੈ, ਜੋ ਕੋਨਕੋਰਡ ਟਾਵਰ ਲਈ ਵੀ ਜ਼ਿੰਮੇਵਾਰ ਹੈ। 2016 ਤੱਕ, ਇਮਾਰਤਾਂ 'ਚ ਪੈਂਟਾਹਾਉਸ ਦੱਸ ਮਿਲੀਅਨ ਦਿਹਾਮ ਤੋਂ ਵੱਧ 'ਚ ਬੇਚੇ ਗਏ। 2018 'ਚ ਮਰੀਨਾ ਕਵਾਜ਼ ਲਈ ਇੱਕ ਬਰੇਕਟਾਵਰ ਬਣਾਉਣ ਲਈ ਪੰਜ ਮਿਲੀਅਨ ਚਟਾਨ ਜੋੜਿਆ ਗਿਆ ਸੀ। ਦੁਬਈ ਮਰੀਨਾ ਜਾ ਕੇ ਲੱਗਦਾ ਹੈ ਕਿ ਵਾਕਓ ਜੰਨਤ ਵਾਲੇ ਇਲਾਕੇ 'ਚ ਪਹੁੰਚ ਗਏ ਹੋ।

# 30 ਤੋਂ ਬਾਅਦ ਔਰਤਾਂ ਨੂੰ ਕਿਉਂ ਕਰਨੀ ਚਾਹੀਦੀ Strength Training?

30 ਸਾਲ ਦੀ ਉਮਰ ਤੋਂ ਬਾਅਦ, ਔਰਤਾਂ ਦੇ ਸਰੀਰ ਵਿੱਚ ਕਈ ਬਦਲਾਅ ਹੋਣੇ ਸ਼ੁਰੂ ਹੋ ਜਾਂਦੇ ਹਨ। ਇਨ੍ਹਾਂ ਵਿੱਚੋਂ ਸਭ ਤੋਂ ਵੱਡੀ ਤਬਦੀਲੀ ਹੱਡੀਆਂ ਅਤੇ ਮਾਸਪੇਸ਼ੀਆਂ ਦਾ ਕਮਜ਼ੋਰ ਹੋਣਾ ਹੈ। ਇਸ ਤੋਂ ਇਲਾਵਾ, 30 ਸਾਲ ਦੀ ਉਮਰ ਤੋਂ ਬਾਅਦ ਮੈਟਾਬੋਲਿਜ਼ਮ ਦਾ ਹੌਲੀ ਹੋਣਾ ਅਤੇ ਚਮੜੀ ਵਿੱਚ ਦਿਖਾਈ ਦੇਣ ਵਾਲੇ ਬਦਲਾਅ ਵੀ ਆਮ ਸਮੱਸਿਆਵਾਂ ਹਨ। ਇਸ ਲਈ ਇਹ ਜ਼ਰੂਰੀ ਹੈ ਕਿ ਔਰਤਾਂ ਤਾਕਤ ਸਿਖਲਾਈ ਵੱਲ ਧਿਆਨ ਦੇਣ।

ਤਾਕਤ ਦੀ ਸਿਖਲਾਈ ਬਾਰੇ ਬਹੁਤ ਸਾਰੀਆਂ ਗਲਤ ਧਾਰਨਾਵਾਂ ਹਨ, ਜਿਨ੍ਹਾਂ ਵਿੱਚੋਂ ਇੱਕ ਇਹ ਹੈ ਕਿ ਇਹ ਔਰਤਾਂ ਦੇ ਸਰੀਰ ਨੂੰ ਭਾਰੀ ਬਣਾਉਂਦੀ ਹੈ ਪਰ ਇਹ ਬਿਲਕੁਲ ਵੀ ਅਜਿਹਾ ਨਹੀਂ ਹੈ। ਤਾਕਤ ਸਿਖਲਾਈ ਸਿਰਫ਼ ਮਰਦਾਂ ਲਈ ਹੀ ਨਹੀਂ ਸਗੋਂ ਔਰਤਾਂ ਲਈ ਵੀ ਮਹੱਤਵਪੂਰਨ ਹੈ (ਮਹਿਲਾ ਤਾਕਤ ਸਿਖਲਾਈ)। ਆਓ ਜਾਣਦੇ ਹਾਂ ਕਿਉਂ?

### ਔਰਤਾਂ ਲਈ ਤਾਕਤ ਦੀ ਸਿਖਲਾਈ ਕਿਉਂ ਮਹੱਤਵਪੂਰਨ ਹੈ?

#### ਹੱਡੀਆਂ ਦੀ ਮਜ਼ਬੂਤੀ ਲਈ

ਔਰਤਾਂ ਦੀਆਂ ਹੱਡੀਆਂ ਮਰਦਾਂ ਨਾਲੋਂ ਤੇਜ਼ੀ ਨਾਲ ਕਮਜ਼ੋਰ ਹੋਣ ਲੱਗਦੀਆਂ ਹਨ। ਇਸ ਦਾ ਕਾਰਨ ਹੱਡੀਆਂ ਦੀ ਘਣਤਾ ਵਿੱਚ ਕਮੀ ਹੈ। ਇਸ ਲਈ ਹੱਡੀਆਂ ਨੂੰ ਮਜ਼ਬੂਤ ਰੱਖਣ ਲਈ ਤਾਕਤ ਦੀ ਸਿਖਲਾਈ ਲੈਣਾ ਜ਼ਰੂਰੀ ਹੈ। ਭਾਰ ਚੁੱਕਣ ਜਾਂ ਵਿਰੋਧ ਅਭਿਆਸ ਹੱਡੀਆਂ ਦੇ ਫ੍ਰੈਕਚਰ ਦੇ ਜੋਖ਼ਮ ਨੂੰ ਬਹੁਤ ਘਟਾਉਂਦੇ ਹਨ।

#### ਮੈਟਾਬੋਲਿਜ਼ਮ ਨੂੰ ਵਧਾਉਂਦਾ

ਜਿਵੇਂ-ਜਿਵੇਂ ਉਮਰ ਵਧਦੀ ਹੈ, ਮੈਟਾਬੋਲਿਜ਼ਮ ਹੌਲੀ ਹੋਣਾ ਸ਼ੁਰੂ ਹੋ ਜਾਂਦਾ ਹੈ। ਇਸ ਨਾਲ ਕੈਲੋਰੀ ਜਲਦੀ ਨਹੀਂ ਬਰਨ ਹੁੰਦੀ। ਇਸ ਲਈ ਤਾਕਤ ਦੀ ਸਿਖਲਾਈ ਜ਼ਰੂਰੀ ਹੈ। ਤਾਕਤ ਦੀ ਸਿਖਲਾਈ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਂਦੀ ਹੈ ਅਤੇ ਕੈਲੋਰੀਆਂ ਨੂੰ ਤੇਜ਼ੀ ਨਾਲ ਸਾੜਦੀ ਹੈ। ਇਹ ਭਾਰ ਨੂੰ ਕੰਟਰੋਲ ਕਰਨ ਵਿੱਚ ਵੀ ਬਹੁਤ ਮਦਦ ਕਰਦਾ ਹੈ।

#### ਮਾਸਪੇਸ਼ੀਆਂ ਦੇ ਟੋਨਿੰਗ ਤੇ ਆਕਾਰ ਨੂੰ ਸੁਧਾਰਦਾ ਹੈ

ਤਾਕਤ ਦੀ ਸਿਖਲਾਈ ਸਰੀਰ ਨੂੰ ਭਾਰੀ ਨਹੀਂ ਬਣਾਉਂਦੀ, ਸਗੋਂ ਇਸ ਨੂੰ ਟੋਨ ਕਰਦੀ ਹੈ। ਇਸ ਦਾ ਮਤਲਬ ਹੈ ਕਿ ਤੁਹਾਡੀਆਂ ਮਾਸਪੇਸ਼ੀਆਂ ਢਿੱਲੀਆਂ ਅਤੇ ਢਿੱਲੀਆਂ ਨਹੀਂ ਦਿਖਾਈ ਦੇਣਗੀਆਂ ਸਗੋਂ ਉਹ ਮਜ਼ਬੂਤ ਹੋ ਜਾਣਗੀਆਂ। ਇਸ ਨਾਲ ਸਰੀਰ ਦੀ ਚਰਬੀ ਵੀ ਘੱਟ ਜਾਂਦੀ ਹੈ ਅਤੇ ਸਰੀਰ ਦੀ ਸ਼ਕਲ ਵਧੀਆ ਦਿਖਾਈ ਦਿੰਦੀ ਹੈ।

#### ਦਿਲ ਦੀ ਸਿਹਤ ਲਈ ਫਾਇਦੇਮੰਦ

ਤਾਕਤ ਦੀ ਸਿਖਲਾਈ ਬਲੱਡ ਪ੍ਰੈਸ਼ਰ ਨੂੰ ਕੰਟਰੋਲ ਕਰਦੀ ਹੈ ਅਤੇ ਦਿਲ ਦੀਆਂ ਮਾਸਪੇਸ਼ੀਆਂ ਨੂੰ ਮਜ਼ਬੂਤ ਬਣਾਉਂਦੀ ਹੈ। ਇਹ ਦਿਲ ਦੀ ਸਿਹਤ ਲਈ ਬਹੁਤ ਫਾਇਦੇਮੰਦ ਹੈ।

#### ਤਣਾਅ ਤੋਂ ਰਾਹਤ

ਔਰਤਾਂ ਨੂੰ ਅਕਸਰ ਘਰ ਅਤੇ ਦਫ਼ਤਰ ਦੇ ਵਿਚਕਾਰ ਵਧੇਰੇ ਤਣਾਅ ਦਾ ਸਾਹਮਣਾ ਕਰਨਾ ਪੈਂਦਾ ਹੈ। ਅਜਿਹੀ ਸਥਿਤੀ ਵਿੱਚ, ਤਾਕਤ ਦੀ ਸਿਖਲਾਈ ਕਰਨ ਨਾਲ ਤਣਾਅ ਘਟਾਉਣ ਵਿੱਚ ਮਦਦ ਮਿਲਦੀ ਹੈ। ਦਰਅਸਲ, ਕਸਰਤ ਕਰਨ ਨਾਲ ਐਂਡੋਰਫਿਨ ਨਿਕਲਦਾ ਹੈ, ਜੋ ਕਿ ਖੁਸ਼ੀ ਦਾ ਹਾਰਮੋਨ ਹੈ। ਇਸ ਨਾਲ ਮੂਡ ਬਿਹਤਰ ਹੁੰਦਾ ਹੈ ਅਤੇ ਤਣਾਅ ਘੱਟ ਹੁੰਦਾ ਹੈ।












# ਰਾਸ਼ੀਫਲ

**ਮੇਖ :** ਬਹੁਤ ਜ਼ਿਆਦਾ ਮਾਨਸਿਕ ਦਬਾਅ ਅਤੇ ਥਕਾਵਟ ਪਰੇਸ਼ਾਨੀ ਦੀ ਵਜਾਹ ਬਣ ਸਕਦੀ ਹੈ ਸਿਹਤ ਨੂੰ ਠੀਕ ਰੱਖਣ ਲਈ ਸੰਪੂਰਨ ਆਰਾਮ ਕਰੋ। ਕੇਵਲ ਇਕ ਦਿਨ ਨੂੰ ਨਜ਼ਰ ਵਿਚ ਰੱਖ ਕੇ ਆਪਣੀ ਆਦਤ ਕਾਬੂ ਵਿਚ ਕਰੋ ਅਤੇ ਲੋੜ ਤੋਂ ਜ਼ਿਆਦਾ ਸਮਾਂ ਤੇ ਪੈਸਾ ਮਨੋਰੰਜਨ ਤੇ ਖਰਚ ਨਾ ਕਰੋ । ਅੱਜ ਦਾ ਦਿਨ ਖੁਸ਼ੀਆਂ ਨਾਲ ਭਰਿਆ ਰਹੇਗਾ ਕਿਉਂ ਕਿ ਤੁਹਾਡੀ ਜੀਵਨ ਸਾਥੀ ਤੁਹਾਨੂੰ ਖੁਸ਼ੀ ਦੇਣ ਦਾ ਹਰ ਪ੍ਰਯਾਸ ਕਰੇਗਾ। ਰੋਮਾਂਟਿਕ ਮੁਲਾਕਾਤ ਬਹੁਤ ਦਿਲਚਸਪ ਹੈ ਪਰੰਤੂ ਲੰਬੇ ਸਮੇਂ ਤੱਕ ਨਹੀਂ ਰਹੇਗੀ । ਜੋ ਕਲਾ ਅਤੇ ਰੰਗਮੰਚ ਆਦਿ ਨਾਲ ਜੁੜੇ ਹੋਏ ਹਨ ਉਨਾਂ ਨੂੰ ਅੱਜ ਆਪਣਾ ਕੋਸ਼ਲ ਦਿਖਾਉਣ ਦੇ ਕਈਂ ਨਵੇਂ ਮੋਕੇ ਮਿਲਣਗੇ। ਅੱਜ ਤੁਹਾਡੇ ਕਰੀਬੀ ਲੋਕ ਤੁਹਾਡੇ ਨੇੜੇ ਆਉਣ ਦੀ ਕੋਸ਼ਿਸ਼ ਕਰੋਂਗੇ ਪਰੰਤੂ ਆਪਣੇ ਮਨ ਨੂੰ ਸ਼ਾਤ ਬਣਾਈ ਰੱਖਣ ਦੇ ਲਈ ਤੁਸੀ ਇਕਾਂਤ ਵਿਚ ਸਮਾਂ ਬਿਤਾਉਣਾ ਪਸੰਦ ਕਰੋਂਗੇ। ਅੱਜ ਲੋੜ ਦੇ ਸਮੇਂ ਤੁਹਾਡਾ ਜੀਵਨ ਸਾਥੀ ਤੁਹਾਡੇ ਪਰਿਵਾਰ ਦੀ ਤਰਜੀਹ ਆਪਣੇ ਪਰਿਵਾਰ ਤੋਂ ਜ਼ਿਆਦਾ ਦੇਂਦਾ ਨਜ਼ਰ ਆ ਸਕਦਾ ਹੈ।

**ਬ੍ਰਿਸ਼ਭ:** ਅੱਜ ਤੁਸੀ ਖੁਦ ਨੂੰ ਰੋਜ਼ਾਨਾ ਦੀ ਤਰਾਂ ਘੱਟ ਉਰਜਾਵਾਨ ਮਹਿਸੂਸ ਕਰੋਂਗੇ ਸਮੇਂ ਨੂੰ ਜ਼ਰੂਰਤ ਤੋਂ ਜ਼ਿਆਦਾ ਕੰਮ ਦੇ ਨਿੱਚੇ ਨਾ ਦਬਾਉ ਥੋੜਾ ਆਰਾਮ ਕਰੋ ਅਤੇ ਅੱਜ ਦੇ ਕੰਮਾਂ ਨੂੰ ਕੱਲ੍ਹ ਤੇ ਟਾਲ ਦਿਉ। ਅੱਜ ਯਾਰਾਂ ਦੋਸਤਾਂ ਦੇ ਨਾਲ ਪਾਰਟੀ ਵਿਚ ਤੁਸੀ ਖੂਬ ਪੈਸਾ ਲੁਟਾ ਸਕਦੇ ਹੋ ਪਰੰਤੂ ਇਸ ਦੇ ਬਾਵਜੂਦ ਤੁਹਾਡੀ ਆਰਥਿਕ ਪੱਖ ਅੱਜ ਮਜ਼ਬੂਤ ਰਹੇਗਾ। ਗਾਲਾਂ ਅਤੇ ਪਛਤਾਵੇ ਵਿਚ ਆਪਣਾ ਵਕਤ ਬਰਬਾਦ ਨਾ ਕਰੋ ਬਲ ਕਿ ਜ਼ਿੰਦਗੀ ਤੋਂ ਸਿੱਖਣ ਦੀ ਕੋਸ਼ਿਸ਼ ਕਰੋ ਤੁਹਾਡੀ ਪਿਆਰ ਭਰੀ ਜ਼ਿੰਦਗੀ ਅੱਜ ਤੁਹਾਡੇ ਲਈ ਸੱਚਮੁੱਚ ਸ਼ਾਨਦਾਰ ਰਹਿਣ ਵਾਲੀ ਹੈ। ਕੰਮ ਕਾਰ ਵਿਚ ਤੁਹਾਨੂੰ ਹਰ ਕੋਈ ਗੰਭੀਰਤਾ ਨਾਲ ਸੁਣੇਗਾ। ਅੱਜ ਘਰ ਵਿਚ ਕਿਸੇ ਪਾਰਟੀ ਦੀ ਵਜਾਹ ਨਾਲ ਤੁਹਾਡਾ ਕੀਮਤੀ ਸਮਾਂ ਖਰਾਬ ਹੋ ਸਕਦਾ ਹੈ। ਅੱਜ ਤੁਹਾਡਾ ਜੀਵਨਸਾਥੀ ਸ਼ਾਇਦ ਤੁਹਾਡੇ ਲਈ ਕੋਈ ਖਾਸ ਤੋਹਫਾ ਖਰੀਦ ਸਕਦਾ ਹੈ।

**ਮਿਥੁਨ :** ਅੱਜ ਖੁਦ ਤੋਂ ਜ਼ਿਆਦਾਂ ਕਰਨ ਦੀ ਕੋਸ਼ਿਸ਼ ਨਾ ਕਰੋ ਤੁਹਾਡੇ ਸਰੀਰ ਦੀ ਪ੍ਰਤੀਰੋਧਕ ਸ਼ਮਤਾ ਘੱਟ ਮਾਲੂਮ ਹੈ ਨਿਸ਼ਚਿਤ ਰੂਪ ਵਿਚ ਤੁਹਾਨੂੰ ਆਰਾਮ ਦੀ ਲੋੜ ਹੈ। ਆਰਥਿਕ ਤੋਰ ਤੇ ਬੇਹਤਰੀ ਦੇ ਚਲਦੇ ਤੁਹਾਡੇ ਲਈ ਜ਼ਰੂਰੀ ਚੀਜਾਂ ਖਰੀਦਣਾ ਆਸਾਨ ਹੋਵੇਗਾ। ਦੋਸਤ ਅਤੇ ਜੀਵਨਸਾਥੀ ਆਰਾਮ ਤੇ ਖੁਸ਼ੀ ਦੇਣਗੇ ਨਹੀਂ ਤਾਂ ਬਾਕੀ ਦਿਨ ਸੁਸਤ ਅਤੇ ਹੋਲੀ ਬਿੱਤੇਗਾ। ਤੁਹਾਨੂੰ ਆਪਣੇ ਪਾਰਟਨਰ ਦਾ ਨਵਾਂ ਅਲੱਗ ਹੀ ਅੰਦਾਜ਼ ਦੇਖਣ ਨੂੰ ਮਿਲੇਗਾ। ਜੇਕਰ ਤੁਸੀ ਆਪਣੀ ਪਰਿਯੋਜਨਾ ਬਾਰੇ ਪੂਰੀ ਤਰਾਂ ਖੁੱਲੇ ਹੋ ਤਾਂ ਤੁਸੀ ਆਪਣੇ ਪ੍ਰੋਜੈਕਟ ਨੂੰ ਖਰਾਬ ਕਰ ਸਕਦੇ ਹੋ। ਅੱਜ ਤੁਹਾਨੂੰ ਬਹੁਤ ਦਿਲਚਸਪ ਨਿੰਮਤਰਣ ਮਿਲਣਗੇ ਅਤੇ ਨਾਲ ਹੀ ਸਰਪਰਾਈਸ ਤੋਹਫਾ ਮਿਲ ਸਕਦਾ ਹੈ। ਆਪਣੇ ਜੀਵਨਸਾਥੀ ਦੇ ਨਾਲ ਅੱਜ ਤੁਸੀ ਇਕ ਸ਼ਾਨਦਾਰ ਸ਼ਾਮ ਗੁਜ਼ਾਰ ਸਕਦੇ ਹੋ।

**ਕਰਕ :** ਅੱਜ ਤੁਸੀ ਬਹੁਤ ਸਰਗਰਮ ਅਤੇ ਚੁਸਤ ਰਹੋਂਗੇ ਤੁਹਾਡੀ ਸਿਹਤ ਤੁਹਾਡਾ ਪੂਰਾ ਸਾਥ ਦੇਵੇਗੀ ਸੰਭਵ ਹੈ ਕਿ ਅੱਜ ਤੁਹਾਨੂੰ ਪੈਸੇ ਨਾਲ ਜੁੜੀ ਕੋਈ ਮੁਸ਼ਕਿਲ ਆ ਸਕਦੀ ਹੈ ਪਰ ਇਸ ਦੇ ਨਾਲ ਤੁਹਾਡੀ ਸਮਝਦਾਰੀ ਅਤੇ ਸੂਝ ਨਾਲ ਤੁਸੀ ਮੇਜ ਨੂੰ ਬਦਲ ਸਕਦੇ ਹੋ ਅਤੇ ਘਾਟੇ ਨੂੰ ਲਾਭ ਵਿਚ ਬਦਲ ਸਕਦੇ ਹੋ। ਤੁਸੀ ਮੰਨੋ ਜਾਂ ਨਾ ਮੰਨੋ ਤੁਹਾਡਾ ਆਸ ਪਾਸ ਤੁਹਾਨੂੰ ਬੜੇ ਧਿਆਨ ਨਾਲ ਦੇਖ ਰਿਹਾ ਹੈ ਅਤੇ ਤੁਹਾਨੂੰ ਇਕ ਆਦਰਸ਼ ਮੰਨਦਾ ਹੈ ਇਸ ਲਈ ਅਜਿਹੇ ਕੰਮ ਕਰੋ ਜੋ ਬਾ-ਕਮਾਲ ਹੋਣ। ਤੁਸੀ ਆਪਣੇ ਰੁਮਾਂਟਿਕ ਪ੍ਰੇਮੀ ਨੂੰ ਕਾਫੀ ਸਮਾਂ ਫੋਨ ਕਰਕੇ ਤੰਗ ਕਰੋਂਗੇ। ਸੰਤੋਸ਼ਜਨਕ ਨਤੀਜਾ ਪਾਉਣ ਦੇ ਲਈ ਕੰਮ ਨੂੰ ਯੋਜਨਾਬੱਧ ਤਰੀਕੇ ਨਾਲ ਕਰੋ ਦਫਤਰ ਦੀਆਂ ਪਰੇਸ਼ਾਨੀਆਂ ਨੂੰ ਹੱਲ ਕਰਨ ਦੇ ਲਈ ਤੁਹਾਨੂੰ ਮਾਨਸਿਕ ਤਣਾਵ ਦਾ ਸਾਹਮਣਾ ਕਰਨਾ ਪੈ ਸਕਦਾ ਹੈ। ਅੱਜ ਤੁਸੀ ਖਾਲੀ ਸਮੇਂ ਵਿਚ ਅਜਿਹੇ ਕੰਮ ਕਰੋਂਗੇ ਜਿਸ ਦੀ ਤੁਸੀ ਯੋਜਨਾ ਕਰਦੇ ਸੀ ਅਤੇ ਚਲਾਉਣ ਬਾਰੇ ਸੋਚਦੇ ਸੀ ਪਰੰਤੂ ਯੋਗ ਨਹੀਂ ਹੋਏ। ਅੱਜ ਜੇਕਰ ਤੁਸੀ ਆਪਣੇ ਸਾਥੀ ਦੀਆਂ ਛੋਟੀ ਛੋਟੀ ਮੰਗਾਂ ਨੂੰ ਨਜ਼ਰਅੰਦਾਜ ਕਰੋਂਗੇ ਜਿਵੇਂ ਨਲਕੀਆਂ ਦੇ ਪਰਤਵੇ ਜਾਂ ਇਕ ਜੱਫੀ ਤਾਂ ਉਹ ਦੁਖੀ ਹੋ ਸਕਦਾ ਹੈ।

**ਸਿੰਘ:** ਆਰਥਿਕ ਦਿੱਕਤਾਂ ਤੁਹਾਡੇ ਲਈ ਪਰੇਸ਼ਾਨੀ ਦਾ ਸਬੱਬ ਬਣ ਸਕਦੀ ਹੈ। ਅੱਜ ਕਿਸੀ ਕਰੀਬੀ ਨਾਲ ਤੁਹਾਡੀ ਝਗੜਾ ਹੋ ਸਕਦਾ ਹੈ ਅਤੇ ਗੱਲ ਕੋਰਟ ਕਚਹਿਰੀ ਤੱਕ ਜਾ ਸਕਦੀ ਹੈ ਜਿਸ ਦੇ ਵਜਾਹ ਨਾਲ ਚੰਗਾ ਖਾਸਾ ਧੰਨ ਖਰਚ ਹੋ ਸਕਦਾ ਹੈ। ਤੁਹਾਡਾ ਜੀਵਨਸਾਥੀ ਤੁਹਾਡੀ ਸਹਾਇਤਾ ਕਰੇਗਾ ਅਤੇ ਮਦਦਗਾਰ ਸਾਬਿਤ ਹੋਵੇਗਾ। ਰੁਮਾਂਟਿਕ ਚਾਲਾਂ ਦਾ ਭੁਗਤਾਨ ਨਹੀਂ ਹੋਵੇਗਾ। ਸਾਂਝੇਦਾਰੀ ਦੇ ਉੱਦਮਾਂ ਦੀ ਸ਼ੁਰੂਆਤ ਕਰਨ ਦੇ ਲਈ ਚੰਗਾ ਦਿਨ ਹੈ ਸਾਰਿਆਂ ਲਈ ਲਾਭ ਹੋਣ ਦੀ ਸੰਭਾਵਨਾ ਹੈ ਪਰੰਤੂ ਭਾਗੀਦਾਰਾਂ ਨਾਲ ਹੱਥ ਮਿਲਾਉਣ ਤੋਂ ਪਹਿਲਾਂ ਸੋਚੋ। ਜਿਹੜੇ ਲੋਕਾਂ ਦੇ ਪਰਿਵਾਰ ਸ਼ਿਕਾਇਤ ਕਰਦੇ ਹਨ ਕਿ ਉਹ ਪਰਿਵਾਰ ਨੂੰ ਸਹੀ ਸਮਾਂ ਨਹੀਂ ਦੇ ਪਾਉਂਦੇ ਉਹ ਅੱਜ ਪਰਿਵਾਰ ਨੂੰ ਸਮਾਂ ਦੇਣ ਦੇ ਬਾਰੇ ਸੋਚ ਸਕਦੇ ਹਨ ਪਰੰਤੂ ਅਚਾਨਕ ਕਿਸੇ ਕੰਮ ਦੇ ਆਉਣ ਤੇ ਅਜਿਹਾ ਨਹੀਂ ਹੋ ਸਕੇਗਾ। ਘਰੇੱਲੂ ਕੰਮ ਕਾਰ ਵਾਲੀ ਮਦਦ ਲਈ ਸ਼ਾਇਦ ਅੱਜ ਨਾ ਆਵੇ ਜੋ ਤੁਹਾਡੇ ਜੀਵਨ ਸਾਥੀ ਨਾਲ ਤਣਾਅ ਪੈਦਾ ਕਰ ਸਕਦੀ ਹੈ।

**ਕੰਨਿਆ:** ਅੱਜ ਯਾਤਰਾ ਕਰਨ ਤੋਂ ਬਚੋ ਕਿਉਂ ਕਿ ਇਸ ਦੇ ਚੱਲਦੇ ਤੁਸੀ ਥਕਾਵਟ ਅਤੇ ਤਨਾਵ ਮਹਿਸੂਸ ਕਰੋਂਗੇ। ਜਿਨਾਂ ਲੋਕਾਂ ਨੇ ਜ਼ਮੀਨ ਖਰੀਦੀ ਸੀ ਅਤੇ ਹੁਣ ਉਸ ਨੂੰ ਵੇਚਣਾ ਚਾਹੁੰਦੇ ਹਨ ਉਨਾਂ ਨੂੰ ਅੱਜ ਚੰਗਾ ਖਰੀਦਦਾਰ ਮਿਲ ਸਕਦਾ ਹੈ ਅਤੇ ਜਮੀਨ ਵੇਚ ਕੇ ਚੰਗਾ ਮਿਲ ਸਕਦਾ ਹੈ। ਘਰ ਵਿਚ ਉਲਾਸ ਦਾ ਮਾਹੋਲ ਤੁਹਾਡੇ ਤਣਾਅ ਨੂੰ ਘੱਟ ਕਰ ਦੇਵੇਗਾ। ਤੁਸੀ ਵੀ ਪੁਰੀ ਸਹਾਭੀਗਤਾ ਕਰੋ ਅਤੇ ਮਹਿਜ਼ ਸ਼ਾਤ ਦਰਸ਼ਕ ਨਾ ਬਣੋ। ਨਿਰਪੱਖ ਅਤੇ ਉਦਾਰ ਪਿਆਰ ਲਈ ਇਨਾਮ ਦਿੱਤੇ ਜਾਣ ਦੀ ਸੰਭਾਵਨਾ ਹੈ। ਨਵੇਂ ਗਾਹਕਾਂ ਨਾਲ ਗੱਲਬਾਤ ਕਰਨ ਲਈ ਬਹੁਤ ਵਧੀਆ ਦਿਨ ਹੈ। ਦੂਸਰਿਆਂ ਨੂੰ ਯਕੀਨ ਦਿਵਾਉਣ ਲਈ ਤੁਹਾਡੀ ਸ਼ਮੂਲੀਅਤ ਬਹੁਤ ਜ਼ਿਆਦਾ ਲਾਭਦਾਇਕ ਰਹੇਗੀ। ਤੁਸੀ ਅਤੇ ਤੁਹਾਡਾ ਜੀਵਨਸਾਥੀ ਮਿਲਕੇ ਵਿਵਾਹਿਕ ਜੀਵਨ ਬੇਹਤਰੀਨ ਯਾਦਾਂ ਰਚੋਂਗੇ।

**ਤੁਲਾ:** ਪਰਿਵਾਰ ਦੇ ਕੁਝ ਮੈਂਬਰ ਆਪਣੇ ਸੁਭਾਅ ਤੋਂ ਤੁਹਾਡੇ ਲਈ ਚਿੜਚਿੜੇਪਣ ਦੀ ਵਜਾਹ ਬਣ ਸਕਦਾ ਹੈ। ਪਰੰਤੂ ਆਪਣਾ ਆਪਾ ਖੋਣ ਦੀ ਜ਼ਰੂਰਤ ਨਹੀ ਹੈ, ਨਹੀਂ ਤਾਂ ਹਾਲਾਤ ਬੇਕਾਬੂੰ ਸਕਦੇ ਹਨ ਯਾਦ ਰੱਖੋ ਜਿਸ ਨੂੰ ਸੁਧਾਰਿਆ ਨਹੀਂ ਜਾ ਸਕਦਾ ਉਸ ਨੂੰ ਸਵੀਕਾਰ ਕਰਨ ਵਿਚ ਹੀ ਭਲਾਈ ਹੈ। ਅੱਜ ਤੁਹਾਡੀ ਕੋਈ ਚਲ ਸੰਪਤੀ ਚੋਰੀ ਹੋ ਸਕਦੀ ਹੈ ਇਸ ਲ਼ਈ ਜਿੰਨਾਂ ਹੋ ਸਕੇ ਇਸ ਦਾ ਧਿਆਨ ਰੱਖੋ। ਅੱਜ ਤੁਹਾਡਾ ਉਰਜਾ ਨਾਲ ਭਰਪੂਰ ਜ਼ਿੰਦਾਦਿਲੀ ਅਤੇ ਗਰਮਜੋਸ਼ੀ ਨਾਲ ਭਰਿਆ ਵਿਵਹਾਰ ਨੇੜੇ ਨੇੜੇ ਦੇ ਲੋਕਾਂ ਨੂੰ ਖੁਸ਼ ਕਰ ਦੇਵੇਗਾ। ਅੱਜ ਤੁਸੀ ਆਪਣੇ ਜੀਵਨ ਵਿਚ ਸੱਚੇ ਪਿਆਰ ਨੂੰ ਮਿਸ ਕਰੋਂਗੇ ਪਰੰਤੂ ਚਿੰਤਾ ਕਰਨ ਦੀ ਲੋੜ ਨਹੀਂ ਤੁਹਾਡੀ ਰੋਮਾਂਟਿਕ ਜ਼ਿੰਦਗੀ ਵਿਚ ਸਮਾਂ ਆਉਣ ਤੇ ਬਦਲ ਆ ਜਾਵੇਗਾ। ਜੇਕਰ ਤੁਸੀ ਆਪਣੇ ਕੰਮ ਤੇ ਧਿਆਨ ਇਕਾਗਰ ਕਰੋ ਤਾਂ ਤੁਸੀ ਆਪਣੀ ਉਤਪਾਦਕਤਾ ਦੁੱਗਣੀ ਕਰ ਸਕਦੇ ਹੋ। ਸਮਾਂ ਚੱਲਣ ਦੇ ਨਾਲ ਨਾਲ ਤੁਹਾਨੂੰ ਆਪਣੇ ਪਰਿਵਾਰਿਕ ਮੈਂਬਰਾਂ ਨੂੰ ਸਮਾਂ ਦੇਣਾ ਵੀ ਜਰੂਰੀ ਹੈ ਇਹ ਗੱਲ ਤੁਸੀ ਅੱਜ ਸਮਝੋਂਗੇ ਪਰੰਤੂ ਇਸ ਵਿਚ ਸਫਲ ਨਹੀਂ ਹੋ ਪਾਵੋਂਗੇ। ਤੁਸੀ ਸ਼ਾਇਦ ਆਪਣੇ ਜੀਵਨ ਸਾਥੀ ਵੱਲ ਧਿਆਨ ਨਾ ਦਿਉ ਪਰ ਦਿਨ ਦੇ ਅੰਤ ਵਿਚ ਤੁਸੀ ਮਹਿਸੂਸ ਕਰੋਂਗੇ ਕਿ ਉਹ ਤੁਹਾਡੇ ਲਈ ਪ੍ਰਬੰਧ ਕਰਨ ਵਿਚ ਰੁੱਝਿਆ ਹੋਇਆ ਸੀ।

**ਬ੍ਰਿਸ਼ਚਕ:** ਤੁਹਾਨੂੰ ਕੋਈ ਗਲਤ ਜਾਣਕਾਰੀ ਮਿਲ ਸਕਦੀ ਹੈ ਜਿਸਦੇ ਚੱਲਦੇ ਤੁਸੀ ਮਾਨਸਿਕ ਦਬਾਅ ਦਾ ਸ਼ਿਕਾਰ ਹੋ ਸਕਦੇ ਹੋ। ਅੱਜ ਦਾ ਦਿਨ ਅਜਿਹੀਆਂ ਚੀਜਾਂ ਨੂੰ ਖਰੀਦਣ ਲਈ ਵਧੀਆ ਹੈ ਜਿਨਾਂ ਦੀ ਕੀਮਤ ਅੱਗੇ ਜਾ ਕੇ ਵੱਧ ਸਕਦੀ ਹੈ। ਪਰਿਵਾਰ ਅਤੇ ਬੱਚਿਆਂ ਦੇ ਨਾਲ ਬਿਤਾਇਆ ਸਮਾਂ ਤੁਹਾਨੂੰ ਫਿਰ ਉਰਜਾ ਨਾਲ ਇਕਮਿਕ ਕਰ ਦੇਵੇਗਾ। ਆਪਣੀ ਵਿਅਕਤੀਗਤ ਭਾਵਨਾਵਾਂ ਅਤੇ ਗੁਪਤ ਗੱਲਾਂ ਨੂੰ ਆਪਣੇ ਪ੍ਰੇਮੀ ਨਾਲ ਵੰਡਣ ਦਾ ਸਹੀ ਸਮਾਂ ਨਹੀਂ ਹੈ। ਅਧੀਨ ਜਾਂ ਸਹਿਕਰਮਚਾਰੀ ਬਹੁਤ ਮਦਦਗਾਰ ਸਾਬਿਤ ਹੋਣਗੇ। ਤਣਾਵ ਭਰਿਆ ਦਿਨ ਹੈ ਜਦੋਂ ਨਜ਼ਦੀਕੀ ਲੋਕਾਂ ਨਾਲ ਕਈਂ ਮਤਭੇਦ ਉੱਭਰ ਸਕਦੇ ਹਨ। ਜੇਕਰ ਤੁਹਾਡੇ ਜੀਵਨਸਾਥੀ ਦਾ ਮੂਡ ਆਫ ਹੈ ਜੇ ਤੁਸੀ ਚਾਹੁੰਦੇ ਹੋ ਕੀ ਦਿਨ ਚੰਗਾ ਗੁਜ਼ਰੇ ਤਾਂ ਚੁੱਪ ਤਾਣ ਕੇ ਰੱਖੋ।

**ਧਨੂੰ:** ਆਪਣੀ ਸਿਹਤ ਸੁਧਾਰੋ ਕਿਉਂ ਕਿ ਕਮਜ਼ੋਰ ਸਰੀਰ ਦਿਮਾਗ ਨੂੰ ਵੀ ਕਮਜ਼ੋਰ ਬਣਾ ਦਿੰਦਾ ਹੈ। ਅੱਜ ਪੈਸੇ ਦਾ ਆਉਣਾ ਤੁਹਾਨੂੰ ਕਈਂ ਮੁਸ਼ਕਿਲਾਂ ਤੋਂ ਦੂਰ ਕਰ ਸਕਦਾ ਹੈ। ਰੁਕੇ ਘਰੇੱਲੂ ਕੰਮ ਨੂੰ ਆਪਣੇ ਜੀਵਨਸਾਥੀ ਨਾਲ ਮਿਲਕੇ ਪੂਰਾ ਕਰਨ ਦੀ ਵਿਵਸਥਾ ਹੈ। ਪਿਆਰ ਵਿਚ ਹਰ ਰੋਜ ਪੈਣ ਦੇ ਆਪਣੇ ਸੁਭਾਅ ਨੂੰ ਬਦਲੋ। ਇਕ ਅਜਿਹਾ ਵਕਤ ਜਦੋਂ ਨੋਕਰੀਆਂ ਜਾਂ ਕਾਰੋਬਾਰ ਦੇ ਨਵੇਂ ਮੋਕੇ ਆਉਣਗੇ ਤੁਹਾਡੇ ਦਿਨ ਨੂੰ ਬੇਹਤਰੀਨ ਬਣਾ ਦੇਵੇਗਾ। ਅੱਜ ਦੀ ਬੀਜ਼ੀ ਜੀਵਨ ਸ਼ੈਲੀ ਵਿਚ ਆਪਣੇ ਲਈ ਸਮਾਂ ਕੱਢਣਾ ਬਹੁਤ ਮੁਸ਼ਕਿਲ ਹੈ ਪਰੰਤੂ ਅੱਜ ਅਜਿਹਾ ਦਿਨ ਹੈ ਜਦੋਂ ਤੁਹਾਡੇ ਕੋਲ ਆਪਣੇ ਲਈ ਭਰਪੂਰ ਸਮਾਂ ਹੋਵੇਗਾ। ਅੱਜ ਗਲਤ ਸੰਚਾਰ ਹੋਣ ਤੇ ਮੁਸ਼ਕਿਲ ਖੜੀ ਹੋ ਸਕਦੀ ਹੈ ਪਰ ਤੁਸੀ ਮਿਲ ਬੈਠ ਕੇ ਅਤੇ ਗੱਲਬਾਤ ਰਾਹੀਂ ਸੁਲਝਾ ਸਕਦੇ ਹੋ।

**ਮਕਰ:** ਆਪਣੇ ਜੀਵਨ ਸਾਥੀ ਦੇ ਮਾਮਲੇ ਵਿਚ ਗੈਰ ਜ਼ਰੂਰੀ ਅੜਚਣ ਅੜਾਉਣ ਤੋਂ ਬਚੋ ਆਪਣੇ ਕੰਮ ਨਾਲ ਕੰਮ ਰੱਖਣਾ ਬੇਹਤਰ ਹੋਵੇਗਾ ਘੱਟ ਤੋਂ ਘੱਟ ਦਖ਼ਲ ਦੇਵੋ ਨਹੀਂ ਤਾਂ ਇਸ ਤੋਂ ਨਿਰਭਰਤਾ ਵੱਧ ਸਕਦੀ ਹੈ। ਅੱਜ ਦੇ ਦਿਨ ਤੁਹਾਨੂੰ ਧੰਨ ਲਾਭ ਹੋਣ ਦੀ ਪੂਰੀ ਸੰਭਾਵਨਾ ਹੈ ਪਰੰਤੂ ਇਸ ਦੇ ਨਾਲ ਹੀ ਤੁਹਾਨੂੰ ਦਾਨ ਪੁੰਨ ਵੀ ਕਰਨਾ ਚਾਹੀਦਾ ਹੈ ਕਿਉਂ ਕਿ ਇਸ ਤੋਂ ਤੁਹਾਨੂੰ ਮਾਨਸਿਕ ਸ਼ਾਤੀ ਮਿਲੇਗੀ। ਤੁਹਾਡੇ ਵਿਚੋਂ ਕੁਝ ਗਹਿਣੇ ਜਾਂ ਘਰੇੱਲੂ ਸਾਮਾਨ ਖਰੀਦ ਸਕਦੇ ਹਨ। ਤੁਹਾਡੀ ਪਿਆਰੀ ਰਾਤ ਵਿਚ ਬਹੁਤ ਛੋਟੇ ਮੁੱਦਿਆਂ ਤੇ ਸੰਬੰਧ ਤਣਾਅਪੂਰਨ ਹੋ ਸਕਦੇ ਹਨ। ਤੁਸੀ ਕਾਮਯਾਬੀ ਜ਼ਰੂਰ ਹਾਸਿਲ ਕਰੋਂਗੇ ਬਸ ਸਮੇਂ ਸਮੇਂ ਤੇ ਕੁਝ ਮਹੱਤਵਪੂਰਨ ਕਦਮ ਉਠਾਉਣ ਦੀ ਲੋੜ ਹੈ। ਇਸ ਰਾਸ਼ੀ ਦੇ ਲੋਕਾਂ ਨੂੰ ਅੱਜ ਆਪਣੇ ਆਪ ਨੂੰ ਸਮਝਣ ਦੀ ਲੋੜ ਹੈ ਜੇਕਰ ਤੁਹਾਨੂੰ ਲਗਦਾ ਹੈ ਕਿ ਤੁਸੀ ਦੁਨੀਆਂ ਦੀ ਭੀੜ ਵਿਚ ਕਿਤੇ ਖੋ ਗਏ ਹੋ ਤਾਂ ਆਪਣੇ ਲਈ ਸਮਾਂ ਕੱਢੋ ਅਤੇ ਆਪਣੇ ਵਿਅਕਤਿਤਵ ਦਾ ਆਂਕਲਣ ਕਰੋ। ਸੰਭਵ ਹੈ ਕਿ ਵਿਆਹੁਤ ਜੀਵਨ ਵਿਚ ਠਹਿਰਾਅ ਤੋਂ ਤੰਗ ਆ ਕੇ ਤੁਹਾਡਾ ਜੀਵਨ ਸਾਥੀ ਤੁਹਾਡੇ ਤੇ ਟੁੱਟ ਪਵੇ।

**ਕੁੰਭ:** ਬਾਹਰੀ ਗਤੀਵਿਧੀਆਂ ਕਾਫੀ ਥਕਾਵਟ ਅਤੇ ਤਣਾਅ ਦੇਣ ਵਾਲੀ ਸਾਬਿਤ ਹੋਣਗੀਆਂ । ਉਂਝ ਤਾਂ ਅੱਜ ਆਰਥਿਕ ਹਾਲਤ ਕਾਫੀ ਮਜ਼ਬੂਤ ਰਹੇਗੀ ਪਰੰਤੂ ਇਸ ਦੇ ਨਾਲ ਹੀ ਤੁਹਾਨੂੰ ਇਹ ਧਿਆਨ ਰੱਖਣਾ ਹੋਵੇਗਾ ਕਿ ਤੁਸੀ ਪੈਸੇ ਨੂੰ ਵਿਅਰਥ ਚੀਜਾਂ ਤੇ ਖਰਚ ਨਾ ਕਰੋ। ਬੱਚੇ ਕੁੱਝ ਸਨਸਨੀ ਖਬਰ ਲਿਆ ਸਕਦੇ ਹਨ। ਅੱਜ ਤੁਹਾਡੀ ਪਿਆਰ ਕਹਾਣੀ ਇਕ ਨਵਾਂ ਮੋੜ ਲੈ ਸਕਦੀ ਹੈ ਤੁਹਾਡਾ ਸਾਥੀ ਅੱਜ ਤੁਹਾਡੇ ਨਾਲ ਵਿਆਹ ਨੂੰ ਲੈ ਕੇ ਗੱਲ ਕਰ ਸਕਦਾ ਹੈ ਅਜਿਹੇ ਵਿਚ ਕੋਈ ਵੀ ਫੈਂਸਲਾ ਲੈਣ ਤੋਂ ਪਹਿਲਾਂ ਤੁਹਾਨੂੰ ਸੋਚ ਵਿਚਾਰ ਜ਼ਰੂਰ ਕਰਨਾ ਚਾਹੀਦਾ ਹੈ। ਅੱਜ ਤੁਸੀ ਨਵੇਂ ਪ੍ਰੋਜੈਕਟ ਨੂੰ ਸ਼ੁਰੂ ਕਰੋਂਗੇ ਜੋ ਕਿ ਪੂਰੇ ਪਰਿਵਾਰ ਲਈ ਖੁਸ਼ਹਾਲੀ ਲੈ ਕੇ ਆਵੇਗਾ। ਅੱਜ ਤੁਸੀ ਬਿਨਾਂ ਦੱਸੇ ਇਕੱਲੇ ਹੀ ਸਮਾਂ ਬਿਤਾਉਣ ਲਈ ਘਰ ਤੋਂ ਬਾਹਰ ਜਾ ਸਕਦੇ ਹੋ ਭਾਂਵੇ ਤੁਸੀ ਇਕੱਲੇ ਹੋਵੋਂਗੇ ਉੱਥੇ ਲੱਖਾ ਚੀਜ਼ਾਂ ਤੁਹਾਡੇ ਦਿਮਾਗ ਵਿਚੋਂ ਜਾ ਰਹੀਆਂ ਹੋਣਗੀਆਂ। ਅੱਜ ਤੁਹਾਡਾ ਜੀਵਨਸਾਥੀ ਤੁਹਾਨੂੰ ਆਪਣਾ ਦੂਤ ਦਿਖਾਵੇਗਾ।

**ਮੀਨ:** ਸਰੀਰ ਦੇ ਕਿਸੇ ਅੰਗ ਵਿਚ ਦਰਦ ਹੋਣ ਦੀ ਸੰਭਾਵਨਾ ਹੈ ਕਿਸੇ ਵੀ ਅਜਿਹੇ ਕੰਮ ਤੋਂ ਬਚੋ ਜਿਸ ਵਿਚ ਜ਼ਿਆਦਾ ਸਰੀਰ ਦੀ ਮਿਹਨਤ ਹੈ ਜਿਆਦਾਤਰ ਆਰਾਮ ਕਰੋ। ਗਹਿਣੇ ਅਤੇ ਪੁਰਾਣੀਆਂ ਚੀਜਾਂ ਵਿਚ ਨਿਵੇਸ਼ ਲਾਭਦਾਇਕ ਰਹੇਗਾ ਅਤੇ ਸਮ੍ਰਿਦਿ ਲੈ ਕੇ ਆਵੇਗਾ। ਆਪਣੇ ਪਰਿਵਾਰ ਦੀ ਭਲਾਈ ਦੇ ਲਈ ਸਖਤ ਮਹਿਨਤ ਕਰੋ । ਤੁਹਾਡੇ ਕੰਮ ਦੇ ਪਿੱਛੇ ਪਿਆਰ ਅਤੇ ਨਿਰਧਾਰਿਤ ਦੀ ਭਾਵਨਾ ਹੋਣੀ ਚਾਹੀਦੀ ਹੈ ਨਾ ਕਿ ਲਾਲਚ ਦਾ ਜ਼ਹਿਰ। ਅੱਜ ਤੁਹਾਡੀ ਕੋਈ ਬੁਰੀ ਆਦਤ ਤੁਹਾਡੇ ਪਿਆਰ ਨੂੰ ਮਾੜੀ ਲੱਗ ਸਕਦੀ ਹੈ ਅਤੇ ਉਹ ਤੁਹਾਡੇ ਤੋਂ ਨਾਰਾਜ਼ ਹੋ ਸਕਦੇ ਹਨ। ਅੱਜ ਤੁਸੀ ਆਪਣੀ ਕਮਾਈ ਦੀ ਸ਼ਕਤੀ ਨੂੰ ਕਿਵੇਂ ਵਧਾਉਣਾ ਹੈ ਇਸ ਬਾਰੇ ਤੁਹਾਡੇ ਕੋਲ ਸਹਿਜਤਾ ਅਤੇ ਗਿਆਨ ਹੋਵੇਗਾ। ਇਸ ਰਾਸ਼ੀ ਦੇ ਚਿੰਨ੍ਹ ਅੱਜ ਦੇ ਦਿਨ ਆਪਣੇ ਭੈਣ ਭਰਾ ਦੇ ਨਾਲ ਘਰ ਵਿਚ ਕੋਈ ਫਿਲਮ ਜਾਂ ਮੈਚ ਦੇਖ ਸਕਦੇ ਹਨ ਅਜਿਹਾ ਕਰਕੇ ਤੁਸੀ ਲੋਕਾਂ ਦੇ ਪਿਆਰ ਵਿਚ ਵਾਧਾ ਵੀ ਕਰ ਸਕਦੇ ਹੋਂ। ਜੀਵਨ ਸਾਥੀ ਦੇ ਨਾਲ ਆਪਣੇ ਦਿਲ ਦੀਆਂ ਸਾਰੀਆਂ ਗੱਲਾਂ ਕਰਨ ਦਾ ਭਰਪੂਰ ਸਮਾਂ ਹੈ।

# ਡਾਰਵਿਨ ਦਾ ਜੀਵ ਵਿਕਾਸ ਅਤੇ 'ਨਾਮ' ਦੀ ਨਾਦ ਸ਼ਕਤੀ



ਮਦਨਦੀਪ ਸਿੰਘ



ਜੀਵਨ ਦੇ ਅਸੰਖ ਰੂਪਾਂ ਅਤੇ ਉਨ੍ਹਾਂ ਵਿੱਚ ਪਾਈ ਜਾਂਦੀ ਬੇਮਿਸਾਲ ਰਚਨਾਤਮਕਤਾ ਇਕ ਐਸੀ ਅੰਦਰੂਨੀ ਯਾਤਰਾ ਦੀ ਪਛਾਣ ਹੈ ਜੋ ਯੋਜਨਾਬੱਧ ਅਤੇ ਵਿਗਿਆਨਕ ਢੰਗ ਨਾਲ ਅੱਗੇ ਵਧੀ ਹੈ। ਇਹ ਯਾਤਰਾ ਅਦ੍ਰਿਸ਼ ਹੋਣ ਦੇ ਬਾਵਜੂਦ ਇਕ ਪ੍ਰਬੰਧਿਤ ਪ੍ਰਕਿਰਿਆ ਵਾਂਗ ਕੰਮ ਕਰਦੀ ਹੈ। ਇਸ ਵਿਗਿਆਨਕ ਝਲਕ ਨੂੰ ਚਾਰਲਸ ਡਾਰਵਿਨ ਨੇ ਆਪਣੇ 'ਜੀਵ ਵਿਕਾਸ' ਦੇ ਸਿਧਾਂਤ ਰਾਹੀਂ ਰੂਪ ਦਿੱਤਾ।

ਡਾਰਵਿਨ ਦੇ ਅਨੁਸਾਰ ਜੀਵ ਸਦੀਵ ਇੱਕੋ ਰੂਪ ਵਿੱਚ ਨਹੀਂ ਰਹਿੰਦੇ, ਨਾ ਹੀ ਉਹ ਕਦੇ ਅਚਾਨਕ ਹੀ ਉਤਪੰਨ ਹੋ ਜਾਂਦੇ ਹਨ। ਉਨ੍ਹਾਂ ਦੀ ਬਣਤਰ, ਵਿਵਿਧਤਾ ਅਤੇ ਜੀਵਤ ਰਹਿਣਾ ਲੰਬੇ ਸਮੇਂ ਤੱਕ ਚੱਲਣ ਵਾਲੀ ਪ੍ਰਕਿਰਿਆ ਦਾ ਨਤੀਜਾ ਹੁੰਦਾ ਹੈ।

ਉਸ ਨੇ 'ਕੁਦਰਤੀ ਚੋਣ' (ਓਟੁਰਓਲ ਸ਼ਏਲਏਚਟਿਂਨ) ਦਾ ਸਿਧਾਂਤ ਪੇਸ਼ ਕਰਦਿਆਂ ਇਹ ਦਾਅਵਾ ਕੀਤਾ ਕਿ ਉਹ ਜੀਵ ਜਿਹੜੇ ਆਪਣੇ ਵਾਤਾਵਰਣ ਨਾਲ ਅਨੁਕੂਲਤਾ ਰੱਖਦੇ ਹਨ, ਵਧੀਆ ਗੁਣਵੱਤਾ ਵਾਲੇ ਹੁੰਦੇ ਹਨ, ਅਤੇ ਆਪਣੇ ਆਪ ਨੂੰ ਬਚਾਉਣ ਦੀ ਯੋਗਤਾ ਰੱਖਦੇ ਹਨ, ਉਹੀ ਲੰਬੇ ਸਮੇਂ ਤਕ ਜੀਵਿਤ ਰਹਿੰਦੇ ਹਨ।

ਇਹ ਪ੍ਰਕਿਰਿਆ, ਜੋ ਹੌਲੀ ਹੌਲੀ ਲੱਖਾਂ ਸਾਲਾਂ ਵਿੱਚ ਵਾਪਰਦੀ ਹੈ, ਜੀਵਨ ਦੇ ਰੂਪਾਂ ਵਿੱਚ ਨਵੀਂ ਵਿਭਿੰਨਤਾ ਨੂੰ ਜਨਮ ਦਿੰਦੀ ਹੈ। ਇਸੇ ਤਰ੍ਹਾਂ, ਕੁਦਰਤ ਦੀ ਚੋਣ ਅਨੁਕੂਲਤਾ ਵਾਲੇ ਜੀਵਾਂ ਨੂੰ ਟਿਕਾਊ ਬਣਾ ਕੇ ਜੀਵਨ ਦੀ ਅਗਲੀ ਪੀੜ੍ਹੀ ਵੱਲ ਪਹੁੰਚਾਉਂਦੀ ਹੈ।

ਡਾਰਵਿਨ ਦੀ ਇਸ ਵਿਆਪਕ ਸਮਝ ਨੇ ਸਾਨੂੰ ਇਹ ਸਿਖਾਇਆ ਕਿ ਜੀਵਨ ਸਿਰਫ ਇੱਕ ਚਮਤਕਾਰ ਨਹੀਂ, ਸਗੋਂ ਲਗਾਤਾਰ ਵਾਪਰ ਰਹੀ ਤਰਕਸੰਗਤ ਅਤੇ ਨਿਯਮਿਤ ਪ੍ਰਕਿਰਿਆ ਹੈ, ਜਿਸ ਵਿਚ ਹਰ ਰੂਪ, ਹਰ ਲਾਸ਼, ਹਰ ਅਣੂ ਦੀ ਆਪਣੀ ਇੱਕ ਲੰਮੀ ਕਹਾਣੀ ਹੈ।

ਇਹ ਪ੍ਰਕਿਰਿਆ ਸੁਭਾਵਕ ਹੈ ਜਿਸ ਵਿਚ ਕੋਈ ਜ਼ਬਰਦਸਤੀ ਨਹੀਂ, ਸਿਰਫ਼ ਸਥਿਤੀ ਦੀ ਮੰਗ ਅਨੁਸਾਰ ਤਬਦੀਲੀ ਹੈ। ਇਹ ਤਬਦੀਲੀ ਸਿਰਫ਼ ਸਰੀਰਕ ਨਹੀਂ, ਬਲਕਿ ਮਨੁੱਖੀ ਜੀਵਨ ਵਿੱਚ ਮਾਨਸਿਕ, ਬੌਧਿਕ ਤੇ ਸਭਿਆਚਾਰਕ ਪੱਧਰ 'ਤੇ ਵੀ ਹੋ ਰਹੀ ਹੈ।

ਮਨੁੱਖ ਨੇ ਆਪਣੇ ਆਪ ਨੂੰ ਵਾਤਾਵਰਣ ਵਿਚ ਤਰਸਾਉਣ ਦੀ ਬਜਾਏ ਵਾਤਾਵਰਣ ਨੂੰ ਆਪਣੇ ਅਨੁਕੂਲ ਬਣਾਉਣਾ ਸਿੱਖ ਲਿਆ। ਇਹ ਕ੍ਰਾਂਤੀ ਭਾਸ਼ਾ ਦੇ ਆਵਿਸ਼ਕਾਰ ਨਾਲ ਸ਼ੁਰੂ ਹੋਈ ਜਿਸ ਵਿਚ ''ਨਾਮ'' ਦੀ ਭੂਮਿਕਾ ਕੇਂਦਰੀ ਰਹੀ।

'ਨਾਮ' ਸਿਰਫ਼ ਇਕ ਪਛਾਣ ਦਾ ਸਾਧਨ ਨਹੀਂ ਬਲਕਿ ਇਹ ਅੰਦਰੂਨੀ ਅਤੇ ਬਾਹਰੀ ਸੰਚਾਰਕ ਕੋਡ ਹੈ। ਜਦੋਂ ਕੋਈ ਵਿਅਕਤੀ ਜਾਂ ਵਸਤੂ ਨੂੰ ਕਿਸੇ 'ਨਾਮ' ਨਾਲ ਸੰਬੋਧਤ ਕੀਤਾ ਜਾਂਦਾ ਹੈ ਤਾਂ ਉਹ 'ਨਾਮ' ਆਪਣੇ ਨਾਲ ਇੱਕ ਨਾਦ ਲੈ ਕੇ ਆਉਂਦਾ ਹੈ ਜਿਸ ਦੀ ਧੁਨੀ-ਤਰੰਗ ਮਨੁੱਖੀ ਮਨ ਉਤੇ ਅਸਰ ਕਰਦੀ ਹੈ। ਨਾਦ ਸ਼ਕਤੀ ਕੇਵਲ ਆਵਾਜ਼ ਦੀ ਗੂੰਜ ਨਹੀਂ, ਇਹ ਇੱਕ ਆਤਮਕ ਤਾਕਤ ਹੈ ਜੋ ਮਨੁੱਖ ਦੇ ਅੰਦਰ ਭਾਵਨਾਵਾਂ ਨੂੰ ਜਗਾਉਂਦੀ ਹੈ, ਸਮਝ ਨੂੰ ਗਹਿਰਾਈ ਦਿੰਦੀ ਹੈ ਅਤੇ ਏਕਤਾ ਪੈਦਾ ਕਰਦੀ ਹੈ।

ਪ੍ਰਾਚੀਨ ਸੱਭਿਆਤਾਵਾਂ ਵਿੱਚ ਇਹ ਨਾਦ ਸ਼ਕਤੀ ਇਤਨੀ ਪ੍ਰਭਾਵਸ਼ਾਲੀ ਮੰਨੀ ਜਾਂਦੀ ਸੀ ਕਿ ਵਿਅਕਤੀ ਦਾ ਅਸਲੀ 'ਨਾਮ' ਗੁਪਤ ਰੱਖਿਆ ਜਾਂਦਾ ਸੀ ਤਾਂ ਜੋ ਉਸਦੀ ਆਤਮਕ ਜਾਂ ਅਧਿਆਤਮਕ ਸੁਰੱਖਿਆ ਹੋ ਸਕੇ। 'ਨਾਮ' ਦੀ ਧੁਨੀ ਵਿਚ ਜੋ ਆਵਾਜ਼ੀ ਕੰਪਨ ਹੁੰਦੀ ਹੈ ਉਹ ਨਾ ਸਿਰਫ਼ ਉਚਾਰਣ ਦੀ ਲਹਿਰ ਹੁੰਦੀ ਹੈ; ਸਗੋਂ ਅਚੇਤਨ ਮਨ ਤੇ ਸੰਵੇਦਨਾ ਨੂੰ ਪ੍ਰਭਾਵਿਤ ਕਰਨ ਵਾਲੇ ਅੰਦਰੂਨੀ ਸੰਦੇਸ਼ ਵੀ ਹਨ। ਇਹੀ ਕਾਰਨ ਹੈ ਕਿ ਹਰ ਧਰਮ ਅਤੇ ਸਭਿਅਤਾ ਵਿਚ ਮੰਤ੍ਰਾਂ, ਜਾਪਾਂ ਅਤੇ 'ਨਾਮ' ਸਿਮਰਨ ਦੀ ਮਹੱਤਾ ਦਰਸਾਈ ਗਈ ਮਿਲਦੀ ਹੈ, ਕਿਉਂਕਿ ਇਹ ਸਿਰਫ਼ ਉਚਾਰਣ ਮਾਤਰ ਨਹੀਂ, ਇਕ ਤਰ੍ਹਾਂ ਦੇ ਨਾਦ ਸੰਚਾਰ ਹਨ ਜੋ ਜੀਵਨ ਰੂਪ ਵਿਚ ਅਰਥ ਭਰਦੇ ਹਨ।

ਜਿਵੇਂ ਡਾਰਵਿਨ ਦੇ ਸਿਧਾਂਤ ਅਨੁਸਾਰ ਕੁਦਰਤੀ ਚੋਣ ਸਮੇਂ-ਸਮੇਂ 'ਤੇ ਜੀਵਾਂ ਦੀ ਬਣਤਰ ਨੂੰ ਤਬਦੀਲ ਕਰਦੀ ਹੈ, ਉਵੇਂ ਹੀ 'ਨਾਮ ਦੀ ਨਾਦ ਸ਼ਕਤੀ ਮਨੁੱਖੀ ਸੰਵੇਦਨਾ ਅਤੇ ਸਮਾਜਕ ਸਬੰਧਾਂ ਦੀ ਪੁਨਰ-ਸਥਾਪਨਾ (ਰਏ-ਓਰਰਓਨਗਏ) ਕਰਦੀ ਰਹਿੰਦੀ ਹੈ। 'ਨਾਮ' ਮਨੁੱਖ ਦੇ ਅਸਤਿਤਵ ਦੀ ਸਿਰਫ਼ ਸਮਾਜਕ ਤੌਰ 'ਤੇ ਪਛਾਣ ਹੀ ਸਥਾਪਤ ਨਹੀਂ ਕਰਦਾ, ਸਗੋਂ ਉਸਦੇ ਅੰਦਰਲੇ ਆਤਮਕ ਸੰਕੇਤਾਂ ਨੂੰ ਵੀ ਨਿਰਧਾਰਤ ਕਰਦਾ ਹੈ। ਇਹ ਸਬੰਧ ਸਿਰਫ਼ ਰੂਪਕ ਨਹੀਂ, ਸਗੋਂ ਮਨੋਵਿਗਿਆਨ ਅਤੇ ਧੁਨੀ ਵਿਗਿਆਨ ਵਿਚ ਵੀ ਤਸਦੀਕਯੋਗ ਮੰਨੇ ਜਾਂਦੇ ਹਨ। ਇਸ ਤਰ੍ਹਾਂ ਡਾਰਵਿਨ ਦਾ ਜੀਵ ਵਿਕਾਸ ਅਤੇ 'ਨਾਮ' ਦੀ ਨਾਦ ਸ਼ਕਤੀ ਦੋਵੇਂ ਇਕ ਵੱਡੀ ਯਾਤਰਾ ਦੇ ਦੋ ਪੜਾਅ ਹਨ, ਇਕ ਬਾਹਰੀ ਵਿਕਾਸ ਜੋ ਸਰੀਰ, ਪਰਜਾਤੀ ਅਤੇ ਪ੍ਰਕ੍ਰਿਤੀ ਵਿਚ ਹੁੰਦਾ ਹੈ ਅਤੇ ਦੂਜਾ ਅੰਦਰੂਨੀ ਵਿਕਾਸ ਜੋ ਭਾਸ਼ਾ, ਨਾਦ ਅਤੇ ਆਤਮਿਕਤਾ ਰਾਹੀਂ ਹੁੰਦਾ ਹੈ। ਇਹ ਦੋਵੇਂ ਮਿਲ ਕੇ ਮਨੁੱਖੀ ਅਸਤਿਤਵ ਦੀ ਸਮਝ ਨੂੰ ਵਿਸਥਾਰ ਦਿੰਦੇ ਹਨ। ਜੀਵਨ, ਨਾ ਸਿਰਫ ਦਿੱਖ ਅਤੇ ਢਾਂਚੇ ਵਿੱਚ, ਸਗੋਂ ਉਚਾਰਣ ਅਤੇ ਅਰਥ ਵਿਚ ਵੀ ਨਿਰੰਤਰ ਵਿਕਾਸਸ਼ੀਲ ਹੈ।

ਭਗਵਦ ਗੀਤਾ ਦੇ ਅਧਿਆਤਮਕ ਦ੍ਰਿਸ਼ਟੀਕੋਣ ਤੋਂ ਡਾਰਵਿਨ ਦੇ ਜੀਵ ਵਿਕਾਸ ਅਤੇ 'ਨਾਮ' ਦੀ ਨਾਦ ਸ਼ਕਤੀ ਨੂੰ ਸਮਝਣ ਦੀ ਕੋਸ਼ਿਸ਼ ਕਰੀਏ ਤਾਂ ਇਹ ਸਿਧਾਂਤ ਸਿਰਫ਼ ਵਿਗਿਆਨਕ ਜਾਂ ਸਮਾਜਕ ਨਹੀਂ ਰਹਿੰਦੇ, ਸਗੋਂ ਆਤਮਿਕਤਾ ਦੀ ਡੂੰਘੀ ਰਮਜ ਵਿਚ ਜਾ ਵਸਦੇ ਹਨ। ਡਾਰਵਿਨ ਦਾ ਸਿਧਾਂਤ ਕਹਿੰਦਾ ਹੈ ਕਿ ਜੀਵ ਲੰਬੀ ਕ੍ਰਮਬੱਧ ਯਾਤਰਾ ਰਾਹੀਂ ਵਿਕਸਿਤ ਹੋਏ ਹਨ। ਕੁਦਰਤੀ ਚੋਣ ਦੀ ਪ੍ਰਕਿਰਿਆ ਵਿਚ ਉਹੀ ਜੀਵ ਅੱਗੇ ਵਧਦੇ ਹਨ, ਜਿਨ੍ਹਾਂ ਵਿਚ ਵਾਤਾਵਰਣ ਦੇ ਅਨੁਕੂਲ ਗੁਣ ਹੁੰਦੇ ਹਨ, ਜਦਕਿ ਗੀਤਾ ਆਤਮਿਕ ਅਟਲਤਾ ਨੂੰ ਕੇਂਦਰ ਬਣਾਉਂਦੀ ਹੈ।

ਭਗਵਦ ਗੀਤਾ ਅਨੁਸਾਰ ਜੀਵਨ ਦਾ ਅਸਲ ਸਰੂਪ ਆਤਮਾ ਹੈ ਜੋ ਨਾ ਕਦੇ ਮਰਦੀ ਹੈ, ਨਾ ਜਨਮ ਲੈਂਦੀ ਹੈ। ਇਹ ਅਮਰ, ਅਜਨਮੀ ਤੇ ਅਵਿਨਾਸ਼ੀ ਹੈ। ਸਰੀਰ ਬਦਲਦੇ ਤੇ ਨਵੇਂ ਰੂਪ ਲੈਂਦੇ ਰਹਿੰਦੇ ਹਨ। ਸਰੀਰ ਆਵਾਗਾਉਣ ਦੀ ਪ੍ਰਕਿਰਿਆ ਦਾ ਹਿੱਸਾ ਹੈ, ਪਰ ਆਤਮਾ ਹਮੇਸ਼ਾ ਇੱਕੋ ਰਹਿੰਦੀ ਹੈ। ਜਿੱਥੇ ਡਾਰਵਿਨ ਸਰੀਰਕ ਤਬਦੀਲੀਆਂ ਵੱਲ ਇਸ਼ਾਰਾ ਕਰਦਾ ਹੈ, ਗੀਤਾ ਆਤਮਿਕ ਅਟਲਤਾ ਦੀ ਗੱਲ ਕਰਦੀ ਹੈ। ਗੀਤਾ ਦੇ ਅਧਿਆਤਮਕ ਸਿਧਾਂਤ ਤੋਂ ਸਪਸ਼ਟ ਹੈ ਕਿ ਡਾਰਵਿਨੀ ਸਿਧਾਂਤ ਅਸਤਿੱਤਵ ਬਚਾਉਣ ਦੇ ਮਾਰੂ ਸੰਘਰਸ਼ ਵੱਲ ਧੱਕ ਦਿੰਦਾ ਹੈ ਅਤੇ ਮਨੁੱਖ ਅਸਲ ਨੂੰ ਭੁੱਲ ਜਾਂਦਾ ਹੈ।

'ਨਾਮ' ਦੀ ਨਾਦ ਸ਼ਕਤੀ ਜਿਸਨੂੰ ਅਕਸਰ ਧੁਨੀ ਦੀ ਆਤਮਿਕ ਤਾਕਤ ਦੇ ਤੌਰ 'ਤੇ ਸਮਝਿਆ ਜਾਂਦਾ ਹੈ, ਗੀਤਾ ਵਿੱਚ ਵਿਸ਼ੇਸ਼ ਸਥਾਨ ਰੱਖਦੀ ਹੈ। ਜਦ ਮਨੁੱਖ 'ਨਾਮ' ਦਾ ਜਾਪ ਕਰਦਾ ਹੈ, ਤਾਂ ਇਹ ਸਿਰਫ਼ ਉਚਾਰਣ ਨਹੀਂ ਰਹਿੰਦਾ, ਸਗੋਂ ਚੇਤਨਾ ਦੀ ਗਤੀ ਬਣ ਜਾਂਦੀ ਹੈ। ਭਗਵਦ ਗੀਤਾ ਅੰਦਰ ਮਾਨਤਾ ਹੈ ਕਿ ਭਗਤ ਆਪਣੇ ਅੰਦਰਲੇ ਸਰੂਪ ਨੂੰ ਪਛਾਣ ਕੇ 'ਸਤਿ ਨਾਮ' ਦਾ ਜਾਪ ਕਰਦੇ ਹਨ। ਇਹ 'ਨਾਮ' ਮਨ, ਬੁੱਧੀ ਅਤੇ ਆਤਮਾ ਨੂੰ ਜੋੜਦਾ ਹੈ, ਜੋ ਅੰਦਰੂਨੀ ਵਿਗਾਸ ਦਾ ਸਾਧਨ ਬਣਦਾ ਹੈ।

ਵੈਦਿਕ ਸੰਸਕ੍ਰਿਤ ਵਿਚ 'ਓਮ' ਨੂੰ ਸਮੂਹਿਕ ਨਾਦ ਮੰਨਿਆ ਗਿਆ ਹੈ ਜੋ ਸਾਰੀਆਂ ਧੁਨੀਆਂ, ਰਚਨਾਵਾਂ ਅਤੇ ਪ੍ਰਕਾਸ਼ ਦਾ ਮੂਲ ਹੈ। 'ਓਮ' ਨਾ ਸਿਰਫ਼ ਇੱਕ ਧੁਨੀ ਹੈ, ਸਗੋਂ ਉਹ ਚੇਤਨਾ ਦਾ ਮੂਲ ਕੇਂਦਰ ਬਿੰਦੂ ਹੈ। ਇਹ ਧੁਨੀ ਉਹੀ ਕਿਰਿਆਸ਼ੀਲ ਊਰਜਾ ਹੈ ਜਿਸ ਰਾਹੀਂ 'ਨਾਮ' ਪ੍ਰਗਟ ਹੋ ਜਾਂਦਾ ਹੈ।

ਜਿਸ ਤਰ੍ਹਾਂ ਡਾਰਵਿਨ ਅਨੁਸਾਰ ਕੁਦਰਤ ਚੁਣਦੀ ਹੈ ਕਿ ਕਿਹੜੀ ਪ੍ਰਜਾਤੀ ਅੱਗੇ ਵਧੇਗੀ, ਗੀਤਾ ਅਨੁਸਾਰ ਮਨੁੱਖ ਆਪਣੇ ਕਰਮ ਅਤੇ ਗਿਆਨ ਰਾਹੀਂ ਆਪਣਾ ਅਸਤਿਤਵ ਚੁਣਦਾ ਹੈ। ਜੀਵਨ ਦਾ ਸਫ਼ਰ ਸਿਰਫ਼ ਸਰੀਰਕ ਉਤਪੱਤੀ ਅਤੇ ਨਾਸ਼ ਦੀ ਕਹਾਣੀ ਨਹੀਂ, ਸਗੋਂ ਚੇਤਨਾ ਦੀ ਅਨੰਤ ਯਾਤਰਾ ਹੈ ਜਿਸ ਵਿਚ 'ਨਾਮ' ਦੀ ਨਾਦ ਸ਼ਕਤੀ ਪੱਥ ਪ੍ਰਦਰਸ਼ਕ ਦੀ ਭੂਮਿਕਾ ਨਿਭਾਉਂਦੀ ਹੈ।

ਡਾਰਵਿਨ ਦਾ ਜੀਵ ਵਿਕਾਸ ਅਤੇ 'ਨਾਮ' ਦੀ ਨਾਦ ਸ਼ਕਤੀ ਦੋਵੇਂ ਹੀ ਅਲੱਗ-ਅਲੱਗ ਖੇਤਰਾਂ ਦੇ ਹੋਣ ਦੇ ਬਾਵਜੂਦ ਜੀਵਨ ਨੂੰ ਸਮਝਣ ਦੀ ਇੱਕ ਸਾਂਝੀ ਕੋਸ਼ਿਸ਼ ਪੇਸ਼ ਕਰਦੇ ਹਨ। ਇਕ ਨੇ ਜਿੱਥੇ ਜੀਵ ਰੂਪਾਂ ਦੀ ਕਥਾ ਲਿਖੀ, ਦੂਜੇ ਨੇ ਆਤਮਿਕ ਜਾਗਰੂਕਤਾ ਦੀ ਦੈਵੀ ਰੋਸ਼ਨੀ ਦਿੱਤੀ। ਨਾਮ ਦੀ ਨਾਦ ਸ਼ਕਤੀ ਆਤਮਾ ਦੀ ਆਵਾਜ਼ ਹੈ ਜਿਸ ਦੀ ਚੁਪ ਵਿਚ ਕੁੱਲ ਸੰਸਾਰ ਦੀ ਗੂੰਜ ਹੈ।

## ਆਤਮਾ ਬਾਰੇ

ਆਤਮਾ ਨੂੰ ਭੌਤਿਕੀ ਵਿਗਿਆਨ ਦੇ ਸਿਧਾਂਤਾਂ ਰਾਹੀਂ ਪੂਰੀ ਤਰ੍ਹਾਂ ਪਰਿਭਾਸ਼ਤ ਨਹੀਂ ਕੀਤਾ ਜਾ ਸਕਦਾ, ਕਿਉਂਕਿ ਇਹ ਅਤਿ ਸੂਖਮ ਪੱਧਰ 'ਤੇ ਉਹ ਮੂਲ ਤੱਤ ਹੈ ਜੋ ਸਾਰੇ ਬ੍ਰਹਮੰਡ ਵਿਚ ਵਿਸਥਾਰ ਲੈਂਦਾ ਹੈ, ਇਹ ਉਹ ਸਰੋਤ ਹੈ ਜੋ ਨਾ ਹੀ ਸਮੇਂ ਵਿੱਚ ਸੀਮਤ ਹੈ ਅਤੇ ਨਾ ਹੀ ਸਥਾਨ ਵਿਚ ਅਤੇ ਨਾ ਹੀ ਕੋਈ ਪਰਖ ਤੱਤ ਹੈ । ਇਹ ਤੱਤ ਕਿਸੇ ਇਕ ਰੂਪ, ਅਕਾਰ ਜਾਂ ਪਦਾਰਥ ਵਿਚ ਬੱਝਾ ਨਹੀਂ, ਸਗੋਂ ਸਭ ਰੂਪਾਂ ਦੀ ਚੇਤਨ ਊਰਜਾ ਵਜੋਂ ਵਿਆਪਕ ਹੈ।

ਕੁਵਾਂਟਮ ਭੌਤਿਕੀ ਦੇ ਅਨੁਸਾਰ, ਜਦੋਂ ਤੱਕ ਕਿਸੇ ਕਣ ਜਾਂ ਤੱਤ ਦਾ ਨਿਰੀਖਣ ਨਹੀਂ ਕੀਤਾ ਜਾਂਦਾ, ਇਸਦੀ ਸਥਿਤੀ ਜਾਂ ਅਵਸਥਾ ਨਿਸ਼ਚਿਤ ਨਹੀਂ ਹੁੰਦੀ।

ਆਤਮਾ ਜਾਂ ਚੇਤਨ ਤੱਤ ਸਿਰਫ਼ ਨਿਰਵਿਕਾਰੀ ਦਰਸ਼ਕ ਨਹੀਂ, ਬਲਕਿ ਬ੍ਰਹਮੰਡ ਦੀ ਘਟਨਾ ਵਿੱਚ ਸਰਗਰਮ ਹਿਸੇਦਾਰ ਵੀ ਹਨ।

ਜਿਵੇਂ ਕਣ ਇੱਕੋ ਸਮੇਂ ਲਹਿਰ ਵੀ ਹੋ ਸਕਦਾ ਹੈ, ਤਿਵੇਂ ਆਤਮਾ ਚੇਤਨ ਅਤੇ ਅਚੇਤਨ ਦੋਹਾਂ ਰੂਪਾਂ ਵਿੱਚ ਇਕੱਠੀ ਹਾਜ਼ਰ ਰਹਿੰਦੀ ਹੈ। ਇਹ ਕਿਸੇ ਇੱਕ ਅਵਸਥਾ ਜਾਂ ਸਮੇਂ ਨਾਲ ਨੱਥੀ ਨਹੀਂ ਹੁੰਦੀ। ਚੇਤਨਾ ਭੌਤਿਕ ਜਾਂ ਰਸਾਇਣਿਕ ਬਣਤਰ ਨਾਲ ਨਿਰਧਾਰਤ ਨਹੀਂ ਹੁੰਦੀ, ਨਿਰਲੇਪ, ਨਿਰਵਿਕਾਰ ਅਤੇ ਸਰਬ-ਵਿਆਪਕ ਹੁੰਦੀ ਹੈ।

ਬ੍ਰਹਮੰਡ ਵਿਚ ਜੋ ਕੁਝ ਵੀ ਪ੍ਰਗਟ ਹੋਇਆ ਹੈ, ਪਦਾਰਥ, ਰੌਸ਼ਨੀ, ਤਰੰਗ, ਚਿੰਤਨ, ਸਮਝ ਤੇ ਬੁੱਧੀ, ਇਹ ਸਭ ਕੁਝ ਉਸੇ ਮੂਲ ਸਰੋਤ ਦੀਆਂ ਪਰਛਾਈਆਂ ਹਨ। ਜਿਵੇਂ ਇੱਕ ਰੰਗੀਨ ਚਿਰਾਗ਼ ਦੇ ਅੰਦਰ ਬੱਤੀ ਇੱਕੋ ਹੀ ਹੁੰਦੀ ਹੈ ਪਰ ਲੈਂਸ ਦੁਆਰਾ ਵੱਖ-ਵੱਖ ਰੰਗ ਨਜ਼ਰ ਆਉਂਦੇ ਹਨ ਤਿਵੇਂ ਹੀ ਇਹ ਮੂਲ ਚੇਤਨ ਤੱਤ ਆਪਣੇ ਆਪ ਨੂੰ ਅਨੇਕ ਰੂਪਾਂ ਵਿਚ ਪ੍ਰਗਟ ਕਰ ਰਿਹਾ ਹੈ। ਆਧੁਨਿਕ ਵਿਗਿਆਨ ਦੇ ਅੰਤਮ ਸਿਧਾਂਤ ਵੀ ਇਸ ਅਥਾਹ, ਨਿਰਾਕਾਰ ਤੇ ਬੇਅੰਤ ਚੇਤਨਾ ਨੂੰ ਇੱਕ ਅਜਿਹੀ ਸਰਵ-ਊਰਜਾ ਮੰਨ ਰਹੇ ਹਨ ਜੋ ਹਰੇਕ ਤੱਤ ਦੇ ਪਿੱਛੇ ਕੰਮ ਕਰ ਰਹੀ ਹੈ। ਚਾਹੇ ਉਹ ਪ੍ਰੋਟੋਨ ਹੋਵੇ, ਜੀਨ ਹੋਵੇ ਜਾਂ ਮਨੁੱਖ ਦਾ ਚਿੰਤਨ। ਇਸੇ ਮੂਲ ਤੋਂ ਹੀ ਉਤਪੰਨ ਹੁੰਦਾ ਹੈ, ਤੇ ਇਸੇ ਵਿਚ ਲੀਨ ਹੋ ਜਾਂਦਾ ਹੈ।

ਡਾਰਵਿਨ ਦੇ ਜੀਵ ਵਿਕਾਸ ਸਿਧਾਂਤ ਵਿਚ ਜਿਥੇ ਜੀਵ ਜਗਤ ਦੀ ਸ਼ੁਰੂਆਤ, ਤਬਦੀਲੀ ਅਤੇ ਕ੍ਰਮਿਕ ਉੱਨਤੀ ਦੀ ਗੱਲ ਹੁੰਦੀ ਹੈ, ਉਥੇ ਨਾਨਕ ਬਾਣੀ ਇਸ ਯਾਤਰਾ ਨੂੰ ਆਤਮਿਕ ਪ੍ਰਵਿਰਤੀ ਦੇ ਰੂਪ ਵਿਚ ਵੇਖਦੀ ਹੈ। ਗੁਰੂ ਨਾਨਕ ਦੇਵ ਜੀ ਅਨੁਸਾਰ ਸਾਰਾ ਸੰਸਾਰ ਇਕ ਨਿਰੰਤਰ ਕ੍ਰਿਆ-ਵਿਧੀ ਹੈ ਜੋ ਇਕੋ ਹੀ ਨਾਦ, ਇਕੋ ਹੀ ਊਰਜਾ, ਇਕੋ ਹੀ ਸਰੋਤ ਤੋਂ ਉਤਪੰਨ ਹੋਇਆ ਹੈ। ''ਏਕੁ ਨਿਰੰਕਾਰੁ ਅਲਖ ਅਪਾਰਾ'' ਗੁਰੂ ਸਾਹਿਬ ਨੇ ਜੋ ਗੱਲ ਕੀਤੀ ਹੈ ਉਹ ਧੁਨੀ, ਊਰਜਾ, ਗਿਆਨ ਅਤੇ ਨਾਦ ਦਾ ਸਰੂਪ ਹੈ।

ਜਿਸ ਤਰ੍ਹਾਂ ਡਾਰਵਿਨ ਨੇ ਕੁਦਰਤੀ ਚੋਣ ਦੁਆਰਾ ਜੀਵਨ ਦੀ ਉਤਪਤੀ ਅਤੇ ਉੱਨਤੀ ਦੀ ਗੱਲ ਕੀਤੀ, ਨਾਨਕ ਬਾਣੀ ਕਹਿੰਦੀ ਹੈ ਕਿ ਸ੍ਰਿਸ਼ਟੀ ਦਾ ਵਿਕਾਸ ਇਕ ਨਿਯਮਤ ਰਸਤਾ ਹੈ, ਜੋ ਹੁਕਮ ਰਾਹੀਂ ਸੰਚਾਲਿਤ ਹੁੰਦਾ ਹੈ। ''ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਕਮ ਨ ਕੋਇ॥ ''(ਜਪੁ, ਅੰਗ 1)। ਇੱਥੇ 'ਹੁਕਮ' ਨੂੰ ਕੋਈ ਧਾਰਮਕ ਨਿਯਮ ਨਹੀਂ, ਸਗੋਂ ਕੁਦਰਤੀ ਕਾਨੂੰਨ ਮੰਨਿਆ ਗਿਆ ਹੈ। ਇਹ ਹੁਕਮ ਹੀ ਕੁਦਰਤੀ ਚੋਣ ਹੈ ਜੋ ਕਿਸੇ ਜੀਵ ਨੂੰ ਅੱਗੇ ਵਧਾਉਂਦੀ ਹੈ, ਕਿਸੇ ਨੂੰ ਪਿੱਛੇ ਛੱਡ ਦਿੰਦੀ ਹੈ ਅਤੇ ਇਹੋ ਹੀ ਪ੍ਰਕਿਰਿਆ ਲਗਾਤਾਰ ਚਲਦੀ ਰਹਿੰਦੀ ਹੈ।

'ਨਾਮ' ਦੀ ਨਾਦ ਸ਼ਕਤੀ ਜਿਸਨੂੰ ਡਾਰਵਿਨ ਨਹੀਂ ਛੋਹ ਸਕਿਆ, ਪਰੰਤੂ ਗੁਰਬਾਣੀ ਨੇ ਕੇਂਦਰ ਬਣਾਇਆ। ਇਹ ਧੁਨੀ ਸਿਰਫ਼ ਧਾਰਮਕ ਅਭਿਆਸ ਨਹੀਂ, ਸਗੋਂ ਇੱਕ ਆਤਮਕ ਅਤੇ ਵਿਗਿਆਨਕ ਊਰਜਾ ਹੈ। ''ਨਾਉ ਤੈ ਕੈ ਨਾਦੁ ਉਪਾਇਦਾ'' ਗੁਰੂ ਸਾਹਿਬ ਕਹਿੰਦੇ ਹਨ ਕਿ 'ਨਾਮ' ਨਾਦ ਰੂਪ ਹੈ ਜੋ ਬ੍ਰਹਮੰਡ ਵਿੱਚ ਗੂੰਜ ਰਿਹਾ ਹੈ। ਇਹ ਨਾਦ, ਇਹ ਧੁਨੀ, ਇਹ ਊਰਜਾ ਉਹੀ ਹੈ ਜੋ ਸ੍ਰਿਸ਼ਟੀ ਦੀ ਜਨਨੀ ਹੈ।

ਜਿਵੇਂ ਭਗਵਦ ਗੀਤਾ ਵਿਚ 'ਓਮ' ਇੱਕ ਧੁਨੀ ਤੱਤ ਹੈ, ਗੁਰਬਾਣੀ ਵਿਚ ਵੀ 'ੴ' ਦੀ ਆਵਾਜ਼ੀ ਪ੍ਰਤੀਕਤਾ ਉਨ੍ਹਾਂ ਦੀ ਬਾਣੀ ਦੀ ਮੁੱਢਲੀ ਏਕਤਾ ਬਣਦੀ ਹੈ। ਇਹ 'ਨਾਮ' ਸਿਰਫ਼ ਉਚਾਰਣ ਨਹੀਂ, ਇਹ ਇਕ ਨੈਤਿਕ, ਮਨੋਵਿਗਿਆਨਕ ਅਤੇ ਆਤਮਕ ਤਬਦੀਲੀ ਦਾ ਕੇਂਦਰ ਹੈ। 'ਨਾਮ' ਦੀ ਨਾਦ ਸ਼ਕਤੀ ਮਨੁੱਖ ਦੇ ਅੰਦਰ ਬਦਲਾਅ ਲਿਆਉਂਦੀ ਹੈ: ''ਨਾਮੁ ਜਪਤ ਕੋ ਲਾਘੇ ਪਾਪਾ॥''

'ਨਾਮ' ਰਾਹੀਂ ਮਨੁੱਖ ਆਪਣੇ ਅੰਦਰ ਦੀ ਮਲੀਨਤਾ ਤੋਂ ਛੁਟਕਾਰਾ ਪਾਉਂਦਾ ਹੈ, ਜਿਸ ਤਰ੍ਹਾਂ ਕੁਦਰਤੀ ਚੋਣ ਰਾਹੀਂ ਕੁਦਰਤ ਵਿਕਾਰਾਂ ਨੂੰ ਕੱਟ ਕੇ ਨਵੇਂ ਰੂਪ ਲੈ ਆਉਂਦੀ ਹੈ। ਗੁਰਬਾਣੀ ਅੰਦਰ ਨਾਦ, ਬਾਣੀ, ਅਤੇ 'ਨਾਮ' ਇੱਕੋ ਰੂਹਾਨੀ ਤੱਤ ਦੇ ਵੱਖ-ਵੱਖ ਚਿੰਨ੍ਹ ਹਨ। ''ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ॥'' ਇੱਥੇ ਵੀ ਗੁਰੂ ਨਾਨਕ ਧੁਨੀ ਨੂੰ ਇਕ ਜੀਵੰਤ, ਪ੍ਰੇਰਕ ਤਾਕਤ ਵਜੋਂ ਵੇਖਦੇ ਹਨ, ਜੋ ਸਿਰਫ਼ ਅੱਖਰਾਂ ਦੀ ਰਚਨਾ ਨਹੀਂ, ਸਗੋਂ ਆਤਮਕ ਸਤਤਾ ਨਾਲ ਸਿੱਧਾ ਸਬੰਧ ਰੱਖਦੀ ਹੈ।

ਇਸ ਤਰ੍ਹਾਂ ਜਦ ਅਸੀਂ ਡਾਰਵਿਨ ਦੇ ਵਿਕਾਸ ਸਿਧਾਂਤ ਨੂੰ ਗੁਰਬਾਣੀ ਦੀ ਰੌਸ਼ਨੀ ਵਿਚ ਵੇਖਦੇ ਹਾਂ ਤਾਂ ਸਾਨੂੰ ਇਹ ਸਮਝ ਆਉਂਦੀ ਹੈ ਕਿ ਵਿਗਿਆਨਕ ਤਬਦੀਲੀਆਂ ਦੇ ਪਿੱਛੇ ਵੀ ਇੱਕ ਆਤਮਕ ਸੱਤਾ ਛੁਪੀ ਹੋਈ ਹੈ। ਸਿਰਫ਼ ਸਰੀਰਕ ਜਾਂ ਬੌਧਿਕ ਤਬਦੀਲੀ ਹੀ ਨਹੀਂ; ਸਗੋਂ 'ਨਾਮ' ਅਤੇ ਨਾਦ ਰਾਹੀਂ ਆਤਮਾ ਵੀ ਇਕ ਅਖ਼ੀਰ ਤੋਂ ਦੂਜੇ ਵੱਲ, ਇਕ ਸਥਿਤੀ ਤੋਂ ਦੂਜੀ ਵੱਲ ਯਾਤਰਾ ਕਰ ਰਹੀ ਹੈ।

ਡਾਰਵਿਨ ਨੇ ਜੋ ਕੁਝ ਜ਼ਮੀਨੀ ਤੌਰ 'ਤੇ ਦੇਖਿਆ, ਨਾਨਕ ਜੀ ਨੇ ਓਹੀ ਕਾਇਨਾਤੀ ਸਚਾਈ ਅੰਦਰੋਂ ਜਾਣੀ। ਜੀਵਨ ਦਾ ਸਫ਼ਰ ਸਿਰਫ਼ ਸਰੀਰ ਦੀ ਤਬਦੀਲੀ ਨਹੀਂ, ਸਗੋਂ ਚੇਤਨਾ ਦੀ ਉੱਚਾਈ ਵੱਲ ਇਕ ਲੰਬੀ ਤੇ ਨਿਰੰਤਰ ਚੜ੍ਹਾਈ ਹੈ। ਇਹ ਚੜ੍ਹਾਈ ਨਾ ਕਿਸੇ ਪ੍ਰਜਾਤੀ ਦਾ ਮੋੜ ਹੁੰਦੀ ਹੈ, ਨਾ ਕਿਸੇ ਗੁਣ ਦੀ ਗਰੰਟੀ, ਇਹ ਤਾਂ ਸਿਰਫ਼ 'ਨਾਮ' ਦੀ ਨਾਦ ਸ਼ਕਤੀ ਰਾਹੀਂ ਮਿਲੀ ਪਹਿਚਾਣ ਹੈ ਜੋ ਸਦੀਵ, ਅਬਿਨਾਸੀ ਅਤੇ ਅਲੌਕਿਕ ਹੈ।

ਆਧੁਨਿਕ ਅਤਿ-ਸੂਖਮ ਵਿਗਿਆਨ (ਮੋਦਏਰਨ ਸੁਬਟਲਇ ਸਚਿਏਨਚਏਸ) ਜਿਸ ਵਿਚ ਕੁਆਂਟਮ ਫਿਜ਼ਿਕਸ ਨਿਊਰੋ ਸਾਇੰਸ, ਵਾਈਬ੍ਰੇਸ਼ਨਲ ਬਾਇਓਲੋਜੀ ਅਤੇ ਸਾਊਂਡ ਥੈਰੇਪੀ ਵਰਗੇ ਖੇਤਰ ਆਉਂਦੇ ਹਨ, ਡਾਰਵਿਨ ਦੇ ਜੀਵ ਵਿਕਾਸ ਅਤੇ 'ਨਾਮ' ਦੀ ਨਾਦ ਸ਼ਕਤੀ ਨੂੰ ਨਵੇਂ ਢੰਗ ਨਾਲ ਸਮਝਣ ਦੀ ਕੋਸ਼ਿਸ਼ ਕਰ ਰਹੇ ਹਨ।

ਕੁਆਂਟਮ ਫਿਜ਼ਿਕਸ ਅਨੁਸਾਰ ਸਾਰੀ ਸ੍ਰਿਸ਼ਟੀ ਧੁਨੀਆਂ, ਤਰੰਗਾਂ ਅਤੇ ਊਰਜਾ ਦੇ ਨੈਟਵਰਕ ਤੋਂ ਬਣੀ ਹੈ। ਇਹ ਸਿਧ ਕਰ ਰਿਹਾ ਹੈ ਕਿ ਧੁਨੀ ਸਿਰਫ਼ ਆਵਾਜ਼ ਨਹੀਂ, ਸਗੋਂ ਇਕ ਕਾਇਨਾਤੀ ਤੱਤ ਹੈ ਜੋ ਮਾਦਾ ਅਤੇ ਚੇਤਨਾ ਦੋਹਾਂ 'ਤੇ ਹੀ ਪ੍ਰਭਾਵ ਪਾਉਂਦਾ ਹੈ। ਇਹ ਸਿਧਾਂਤ ਨਾਨਕ ਬਾਣੀ ਦੇ 'ਨਾਦ' ਜਾਂ 'ਸ਼ਬਦ' ਨਾਲ ਮਿਲਦਾ ਹੈ ਜਿੱਥੇ ਉਚਾਰਣ, ਤਰੰਗ ਅਤੇ ਬ੍ਰਹਮੰਡਕ ਊਰਜਾ ਇੱਕੋ ਤੱਤ ਦੇ ਰੂਪ ਹਨ।

ਸਾਊਂਡ ਥੈਰੇਪੀ ਅਤੇ ਵਾਈਬ੍ਰੇਸ਼ਨਲ ਮੈਡੀਸਨ ਵੀ ਇਹ ਮੰਨ ਰਹੇ ਹਨ ਕਿ ਹਰ ਜੀਵ ਜਾਂ ਪਦਾਰਥ ਦੀ ਆਪਣੀ ਆਵਿਰਤੀ (ਡਰਏਤੁਏਨਚੇ) ਹੁੰਦੀ ਹੈ। ਜਦ ਇਹ ਆਵਿਰਤੀ ਦਾ ਸੰਤੁਲਨ ਵਿਗੜਨ ਜਾਂਦਾ ਹੈ ਤਾਂ ਰੋਗ ਜਾਂ ਮਨੋ ਵਿਕਾਰ ਪੈਦਾ ਹੁੰਦੇ ਹਨ। 'ਨਾਮ' ਜਾਂ ਮੰਤ੍ਰ ਉਚਾਰਣ ਰਾਹੀਂ ਦੁਬਾਰਾ ਸੰਤੁਲਤ ਕੀਤਾ ਜਾ ਸਕਦਾ ਹੈ। ਇਹ ਗੱਲ ਨਾਨਕ ਦੇਵ ਜੀ ਦੀ 'ਨਾਮ ਜਪੋ' ਦੀ ਰਹਿਤ ਨਾਲ ਅਨੁਭਵੀ ਤੌਰ 'ਤੇ ਮਿਲਦੀ ਹੈ।

ਨਿਊਰੋ ਸਾਇੰਸ ਅਨੁਸਾਰ ਮਨੁੱਖੀ ਦਿਮਾਗ਼ ਧੁਨੀ ਅਤੇ ਸ਼ਬਦਾਂ ਦੇ ਉਚਾਰਣ ਨਾਲ ਨਵੇਂ ਨਸਾਂ ਦੀ ਰਾਹ ਬਣਾਉਂਦਾ ਹੈ। ਇਹ ਰਾਹ ਸਿਰਫ਼ ਭਾਸ਼ਾ ਦੀ ਸਮਝ ਨਹੀਂ ਬਣਾਉਂਦੇ, ਸਗੋਂ ਵਿਅਕਤੀ ਦੀ ਅੰਦਰੂਨੀ ਹਾਲਤ, ਮਨੋਭਾਵ ਅਤੇ ਜ਼ਿੰਦਗੀ ਦੇ ਫ਼ੈਸਲੇ ਤੱਕ ਨੂੰ ਵੀ ਪ੍ਰਭਾਵਿਤ ਕਰਦੇ ਹਨ। ਇਹ ਗੱਲ 'ਨਾਮ' ਦੀ ਨਾਦ ਸ਼ਕਤੀ ਦੇ ਸਿਧਾਂਤ ਨਾਲ ਸਬੰਧਤ ਹੁੰਦੀ ਹੈ, ਨਾ ਸਿਰਫ਼ ਇੱਕ ਉਚਾਰਣ ਹੈ। ਉਹ ਇਕ ਚੇਤਨ ਬੀਜ ਹੈ ਜੋ ਅੰਦਰੂਨੀ ਪਰਿਵਰਤਨ ਪੈਦਾ ਕਰਦਾ ਹੈ।

ਆਧੁਨਿਕ ਜੀਨੋਮਿਕਸ ਅਤੇ ਐਪੀਜੀਨੈਟਿਕਸ ਵੀ ਇਹ ਦਰਸਾ ਰਹੀਆਂ ਹਨ ਕਿ ਵਾਤਾਵਰਣ ਅਤੇ ਮਨੋਵਿਗਿਆਨਕ ਤੱਤ (ਜਿਵੇਂ ਮੰਤ੍ਰ, ਨਾਮ ਜਾਂ ਧੁਨੀ) ਜੀਨ ਦੇ ਐਕਸਪ੍ਰੈਸ਼ਨ ਨੂੰ ਬਦਲ ਸਕਦੇ ਹਨ। ਇਹ ਇੱਕ ਠੋਸ ਸਬੂਤ ਹੈ ਕਿ 'ਨਾਮ' ਜਾਂ ਉਚਾਰਣ ਵਾਲੀ ਧੁਨੀ ਸਿਰਫ਼ ਧਾਰਮਿਕ ਰੀਤ-ਰਿਵਾਜ ਨਹੀਂ, ਸਗੋਂ ਜੀਵਨ ਦੀ ਅੰਦਰੂਨੀ ਬਣਤਰ ਨੂੰ ਬਦਲਣ ਵਾਲਾ ਵਿਗਿਆਨਕ ਤੱਤ ਹੈ।

ਇਸ ਤਰ੍ਹਾਂ ਆਧੁਨਿਕ ਅਤਿ ਸੂਖਮ ਵਿਗਿਆਨ ਡਾਰਵਿਨ ਦੇ ਸਰੀਰਕ ਵਿਕਾਸ ਸਿਧਾਂਤ ਤੋਂ ਅੱਗੇ ਵੱਧ ਕੇ, ਨਾਦ, ਤਰੰਗ ਅਤੇ ਚੇਤਨਾ ਦੇ ਤੱਤਾਂ ਨੂੰ ਵੀ ਜੀਵਨ ਦੇ ਵਿਕਾਸ ਅਤੇ ਰਚਨਾ ਵਿਚ ਜ਼ਰੂਰੀ ਮੰਨ ਰਿਹਾ ਹੈ। ਨਾਨਕ ਦੀ 'ਸਬਦ ਗੁਰੂ' ਦੀ ਵਿਆਖਿਆ ਅਤੇ 'ਨਾਦ-ਨਾਮ' ਦੇ ਆਤਮਕ ਤੱਤ ਦੀ ਹੁਣ ਵਿਗਿਆਨਕ ਭਾਸ਼ਾ ਵਿਚ ਦੁਬਾਰਾ ਵਿਆਖਿਆ ਕੀਤੀ ਜਾ ਰਹੀ ਹੈ। ਇਨ੍ਹਾਂ ਤੱਤਾਂ ਵਿਚ ਜੋ ਏਕਤਾ ਹੈ ਉਹ ਸਿਰਫ਼ ਅਧਿਆਤਮ ਜਾਂ ਵਿਗਿਆਨ ਦਾ ਮਾਮਲਾ ਨਹੀਂ ਸਗੋਂ ਕਾਇਨਾਤੀ ਅਖੰਡਤਾ ਦਾ ਪ੍ਰਮਾਣ ਹੈ।

# ਦਵੱਈਆ ਛੰਦ

1. ਜਿਸ ਮਾਲਕ ਨੇ ਘੜਿਆ ਤੈਨੂੰ ,ਕਦੇ ਯਾਦ ਨਾ ਕੀਤਾ।
ਦੁਨੀਆ ਤੇ ਆ ਕੇ ਬੰਦਿਆ,ਨਾ ਘੁੱਟ ਸਬਰ ਦਾ ਪੀਤਾ।
ਜਿਸ ਮਿੱਟੀ ਦਾ ਮਾਣ ਹੈ ਕਰਦਾ, ਆਖ਼ਰ ਇਸ ਨੇ ਢਹਿਣਾ,
ਇਕ ਦਿਨ ਤੁਰਨਾ ਛੱਡ ਬੰਗਲੇ,ਸਦਾ ਕਿਸੇ ਨਾ ਰਹਿਣਾ।

2. ਸਭ ਦਾ ਮਾਲਕ ਇੱਕੋ ਬੰਦਿਆ, ਜਿਸ ਨੇ ਖੇਡ ਰਚਾਈ।
ਕੋਈ ਏੱਥੇ ਚਾਚਾ ਤਾਇਆ ,ਕਿਧਰੇ ਕੋਈ ਮਾਈ।
ਰਿਸ਼ਤੇਦਾਰੀ ਇੰਵ ਬਣਾਈ, ਜਿਉਂ ਸੋਨੇ ਦਾ ਗਹਿਣਾ।
ਇਕ ਦਿਨ ਤੁਰਨਾ ਛੱਡ ਬੰਗਲੇ,ਸਦਾ ਕਿਸੇ ਨਾ ਰਹਿਣਾ।

3. ਉੱਚੇ ਨੀਵੇਂ ਮੋਟੇ ਪਤਲੇ, ਉਸ ਨੇ ਆਪ ਬਣਾਏ ।
ਕਾਲੇ, ਚਿੱਟੇ, ਭੂਰੇ, ਕੱਕੇ, ਰੰਗ ਅਨੇਕਾਂ ਪਾਏ ।
ਕੁਦਰਤ ਦੇ ਨੇ ਰੰਗ ਨਿਆਰੇ, ਕੀ ਕਾਦਰ ਦਾ ਕਹਿਣਾ।
ਇਕ ਦਿਨ ਤੁਰਨਾ ਛੱਡ ਬੰਗਲੇ, ਸਦਾ ਕਿਸੇ ਨਾ ਰਹਿਣਾ।

4. ਚੰਦ ਸਮੇਂ ਲਈ ਇਸ ਜੱਗ ਤੇ, ਬਣ ਕੇ ਆਇਆ ਪ੍ਰਾਹੁਣਾ,
ਇਹ ਹੈ ਜਨਮ ਅਮੋਲਕ ਬੰਦਿਆ, ਬਾਰ-ਬਾਰ ਨਾ ਆਉਣਾ।
ਉਸ ਕਾਦਰ ਦਾ ਹੁਕਮ ਇਲਾਹੀ, ਤੈਨੂੰ ਮੰਨਣਾ ਪੈਣਾ,
ਇਕ ਦਿਨ ਤੁਰਨਾ ਛੱਡ ਬੰਗਲੇ, ਸਦਾ ਕਿਸੇ ਨਾ ਰਹਿਣਾ।

5. ਮਹਿਲ ਚੁਬਾਰੇ ਪਾ ਕੇ ਫਿਰਦਾ, ਕਿਉਂ ਔਕਾਤ ਭੁਲਾਈ
ਮਾਰ-ਮਾਰ ਠੱਗੀਆਂ ਏੱਥੇ, ਢੇਰ ਦੌਲਤਾਂ ਲਾਈ,
ਚੰਦਰਮਾਂ ਨੂੰ ਅੱਖਾਂ ਵਿਖਾਵੇ, ਵੇਖੋ ਕਿਵੇਂ ਟਣੈਹਿਣਾ,
ਇਕ ਦਿਨ ਤੁਰਨਾ ਛੱਡ ਬੰਗਲੇ,ਸਦਾ ਕਿਸੇ ਨਾ ਰਹਿਣਾ।

6. ਆਇਆ ਬੰਦਿਆ ਇਸ ਜੱਗ ਤੇ, ਕਰ ਲੈ ਨੇਕ ਕਮਾਈ,
ਮਤਬਲ ਦੇ ਸਭ ਰਿਸ਼ਤੇ ਏੱਥੇ, ਤੇਰਾ ਯਾਰ ਨਾ ਕਾਈ,
ਹਰ ਕੰਮਾਂ ਦਾ ਲੇਖਾ ਤੈਥੋਂ, ਉਸ ਕਾਦਰ ਨੇ ਲੈਣਾ,
ਇਕ ਦਿਨ ਤੁਰਨਾ ਛੱਡ ਬੰਗਲੇ,ਸਦਾ ਕਿਸੇ ਨਾ ਰਹਿਣਾ।

7. ਠੱਗੀ ਠੋਰੀ ਛੱਡ ਬੰਦਿਆ, ਉਸ ਦਾ ਨਾਮ ਧਿਆ ਲੈ,
ਦੀਨ ਦੁਖੀ ਦੀ ਸੇਵਾ ਕਰਕੇ, ਉਸ ਮਾਲਕ ਨੂੰ ਪਾ ਲੈ,
ਹਉਮੈ ਵਾਲਾ ਝੰਡਾ ਤੇਰਾ, ਇਹ ਆਖ਼ਰ ਨੂੰ ਲਹਿਣਾ,
ਇਕ ਦਿਨ ਤੁਰਨਾ ਛੱਡ ਬੰਗਲੇ, ਸਦਾ ਕਿਸੇ ਨਾ ਰਹਿਣਾ।

8. ਰਾਜੇ ਮਹਾਰਾਜੇ ਤੁਰ ਗਏ, ਜਿਨ੍ਹਾਂ ਹੁਕਮ ਚਲਾਏ,
ਕੇਰਾਂ ਤੁਰਗੇ ਥੰਦੇ ਬੰਦਿਆ,ਫੇਰ ਕਦੇ ਨਾ ਆਏ।
ਜੱਗ ਮੁਸਾਫਰ ਖ਼ਾਨਾ ਢਿੱਲੋਂ ,ਵਿਦਵਾਨਾਂ ਦਾ ਕਹਿਣਾ।
ਇਕ ਦਿਨ ਤੁਰਨਾ ਛੱਡ ਬੰਗਲੇ,ਸਦ ਕਿਸੇ ਨਾ ਰਹਿਣਾ।






# ਲੰਡਨ ਦੀ ਸਭ ਤੋਂ ਮਹਿੰਗੀ ਕੌਫੀ ਦਾ ਮਜ਼ਾ ਲੈਂਦੇ ਦਿਖੇ ਦਿਲਜੀਤ ਦੋਸਾਂਝ



ਦਿਲਜੀਤ ਦੋਸਾਂਝ ਨਾ ਸਿਰਫ਼ ਇੱਕ ਮਸ਼ਹੂਰ ਗਾਇਕ ਅਤੇ ਅਦਾਕਾਰ ਹੈ, ਸਗੋਂ ਉਹ ਦੇਸ਼ ਅਤੇ ਦੁਨੀਆ ਵਿੱਚ ਇੱਕ ਵੱਡਾ ਨਾਮ ਹੈ। ਇਸ ਅਦਾਕਾਰ ਨੇ ਆਪਣੀ ਗਾਇਕੀ ਅਤੇ ਅਦਾਕਾਰੀ ਦੇ ਦਮ 'ਤੇ ਇੱਕ ਵੱਡੀ ਪਛਾਣ ਬਣਾਈ ਹੈ ਅਤੇ ਹਾਲ ਹੀ ਵਿੱਚ ਉਨ੍ਹਾਂ ਨੇ ਕਾਨਸ ਫਿਲਮ ਫੈਸਟੀਵਲ ਵਿੱਚ ਹਿੱਸਾ ਲੈ ਕੇ ਪੰਜਾਬ ਦਾ ਮਾਣ ਵੀ ਵਧਾਇਆ ਹੈ। ਦਿਲਜੀਤ ਦੇ ਇਸ ਅੰਦਾਜ਼ ਤੋਂ ਹਰ ਕੋਈ ਪ੍ਰਭਾਵਿਤ ਹੋਇਆ। ਹੁਣ ਕਾਨਸ ਤੋਂ ਬਾਅਦ ਹਾਲ ਹੀ ਵਿੱਚ ਗਾਇਕ ਨੇ ਲੰਡਨ ਵਿੱਚ ਸਭ ਤੋਂ ਮਹਿੰਗੀ ਕੌਫੀ ਦਾ ਆਨੰਦ ਮਾਣਿਆ, ਜਿਸ ਦੀਆਂ ਤਸਵੀਰਾਂ ਅਤੇ ਵੀਡੀਓਜ਼ ਉਨ੍ਹਾਂ ਨੇ ਸੋਸ਼ਲ ਮੀਡੀਆ 'ਤੇ ਵੀ ਸ਼ੇਅਰ ਕੀਤੀਆਂ ਹਨ।

ਦਿਲਜੀਤ ਨੇ ਆਪਣੇ ਇੰਸਟਾਗ੍ਰਾਮ 'ਤੇ ਇੱਕ ਮਜ਼ੇਦਾਰ ਵੀਡੀਓ ਅਤੇ ਤਸਵੀਰਾਂ ਸਾਂਝੀਆਂ ਕੀਤੀਆਂ, ਜਿਸ ਵਿੱਚ ਉਹ ਇਸ ਲਗਜ਼ਰੀ ਕੌਫੀ ਦੇ ਅਨੁਭਵ ਦਾ ਆਨੰਦ ਮਾਣਦੇ ਦਿਖਾਈ ਦੇ ਰਹੇ ਹਨ। ਸ਼ੇਅਰ ਕੀਤੇ ਗਏ ਵੀਡੀਓ ਵਿੱਚ ਦਿਲਜੀਤ ਇੱਕ ਆਲੀਸ਼ਾਨ ਕੈਫੇ ਵਿੱਚ ਬੈਠੇ ਲਗਜ਼ਰੀ ਕੌਫੀ ਦਾ ਆਨੰਦ ਮਾਣਦੇ ਦਿਖਾਈ ਦੇ ਰਹੇ ਹਨ। ਇਸ ਦੌਰਾਨ ਉਹ ਕਾਲੇ ਅਤੇ ਚਿੱਟੇ ਰੰਗ ਦੀ ਜੈਕੇਟ ਅਤੇ ਡਾਰਕ ਸਨਗਲਾਸੇਜ਼ ਵਿੱਚ ਸਟਾਈਲਿਸ਼ ਲੁੱਕ ਵਿੱਚ ਦਿਖਾਈ ਦੇ ਰਹੇ ਹਨ। ਉਹ ਸੁਨਹਿਰੀ ਪੋਰ-ਓਵਰ ਸੈੱਟਅੱਪ ਵਿੱਚ ਬਣਾਈ ਜਾ ਰਹੀ ਕੌਫੀ ਨੂੰ ਧਿਆਨ ਨਾਲ ਦੇਖ ਰਹੇ ਸਨ, ਜੋ ਕਿ ਬਹੁਤ ਖਾਸ ਲੱਗ ਰਿਹਾ ਹੈ।

ਵੀਡੀਓ ਵਿੱਚ ਦਿਲਜੀਤ ਮਜ਼ਾਕੀਆ ਅੰਦਾਜ਼ ਵਿੱਚ ਕਹਿੰਦੇ ਹਨ, "ਅੱਜ ਮੈਂ ਲੰਡਨ ਵਿੱਚ ਸਭ ਤੋਂ ਮਹਿੰਗੀ ਕੌਫੀ ਪੀਣ ਆਇਆ ਹਾਂ। ਮੈਂ ਜਾਪਾਨ ਟਾਈਪਿਕਾ ਨੈਚੁਰਲ ਕੌਫੀ ਟਰਾਈ ਕਰ ਰਿਹਾ ਹਾਂ, ਜੋ ਕਿ ਜਾਪਾਨ ਦੇ ਓਕੀਨਾਵਾ ਵਿੱਚ ਉਗਾਈ ਜਾਂਦੀ ਹੈ।"

ਦਿਲਜੀਤ ਅੱਗੇ ਹੱਸਦੇ ਹੋਏ ਕਹਿੰਦੇ ਹਨ, "ਉਹ ਇੰਨੇ ਪੈਸੇ ਲੈ ਰਹੇ ਹਨ, ਫਿਰ ਵੀ ਸਭ ਕੁਝ ਨਾਪ-ਤੋਲ ਦੇ ਪਾ ਰਹੇ ਹਨ। ਹਰ ਘੁੱਟ ਦੀ ਕੀਮਤ 7,000 ਰੁਪਏ ਹੈ। ਅੱਜ ਮੈਂ ਖਾਣਾ ਨਹੀਂ ਖਾਵਾਂਗਾ, ਮੈਂ ਬਸ ਇਹ ਪੀਵਾਂਗਾ।" ਇਸ ਤੋਂ ਬਾਅਦ ਉਨ੍ਹਾਂ ਨੇ ਮਜ਼ਾਕ ਵਿੱਚ ਕਿਹਾ, "ਕੌਫੀ ਫਿੱਕੀ ਹੈ, ਇਸਦੇ ਨਾਲ ਲੱਡੂ ਅਤੇ ਬੂੰਦੀ ਲਿਆਓ, ਇਹ ਲੰਡਨ ਦੀ ਸਭ ਤੋਂ ਮਹਿੰਗੀ ਕੌਫੀ ਹੈ!"

ਦਿਲਜੀਤ ਨੇ ਤਾਜ਼ੀ ਬਣੀ ਕੌਫੀ ਨੂੰ ਸੁਨਹਿਰੀ ਕੱਪ ਵਿੱਚ ਪਾਇਆ ਅਤੇ ਇੰਸਟਾਗ੍ਰਾਮ ਪੋਸਟ ਵਿੱਚ ਲਿਖਿਆ, "ਲੰਡਨ ਦੀ ਸਭ ਤੋਂ ਮਹਿੰਗੀ ਕੌਫੀ।" ਪ੍ਰਸ਼ੰਸਕ ਉਨ੍ਹਾਂ ਦੀ ਪੋਸਟ ਨੂੰ ਬਹੁਤ ਪਸੰਦ ਕਰ ਰਹੇ ਹਨ ਅਤੇ ਟਿੱਪਣੀ ਕਰਕੇ ਆਪਣੀ ਪ੍ਰਤੀਕਿਰਿਆ ਵੀ ਦੇ ਰਹੇ ਹਨ।

# ਪ੍ਰਿਯੰਕਾ ਚੋਪੜਾ ਜੋਨਸ ਦੀ ਗੋਦ 'ਚ ਸੁਕੂਨ ਦੇ ਪਲ ਬਿਤਾਉਂਦੀ ਦਿਖੀ ਧੀ ਮਾਲਤੀ



ਬਾਲੀਵੁੱਡ ਤੋਂ ਲੈ ਕੇ ਹਾਲੀਵੁੱਡ ਤੱਕ ਆਪਣੀ ਪਛਾਣ ਬਣਾਉਣ ਵਾਲੀ ਗਲੋਬਲ ਸਟਾਰ ਪ੍ਰਿਯੰਕਾ ਚੋਪੜਾ ਜੋਨਸ ਫਿਲਮਾਂ ਦੇ ਨਾਲ-ਨਾਲ ਸੋਸ਼ਲ ਮੀਡੀਆ 'ਤੇ ਵੀ ਕਾਫ਼ੀ ਸਰਗਰਮ ਰਹਿੰਦੀ ਹੈ। ਉਹ ਅਕਸਰ ਆਪਣੇ ਪ੍ਰਸ਼ੰਸਕਾਂ ਨਾਲ ਆਪਣੀ ਪੇਸ਼ੇਵਰ ਅਤੇ ਨਿੱਜੀ ਜ਼ਿੰਦਗੀ ਦੀਆਂ ਝਲਕੀਆਂ ਸਾਂਝੀਆਂ ਕਰਦੀ ਹੈ। ਇਸ ਦੌਰਾਨ ਹਾਲ ਹੀ ਵਿੱਚ ਪ੍ਰਿਯੰਕਾ ਨੇ ਇੰਸਟਾਗ੍ਰਾਮ 'ਤੇ ਆਪਣੀ ਧੀ ਮਾਲਤੀ ਮੈਰੀ ਨਾਲ ਇੱਕ ਖ਼ੂਬਸੂਰਤ ਤਸਵੀਰ ਸਾਂਝੀ ਕੀਤੀ, ਜਿਸ ਨੇ ਪ੍ਰਸ਼ੰਸਕਾਂ ਦਾ ਦਿਲ ਜਿੱਤ ਲਿਆ।

ਸਾਂਝੀ ਕੀਤੀ ਗਈ ਤਸਵੀਰ ਵਿੱਚ ਇਹ ਦੇਖਿਆ ਜਾ ਸਕਦਾ ਹੈ ਕਿ ਪ੍ਰਿਯੰਕਾ ਨੇ ਧੀ ਮਾਲਤੀ ਨੂੰ ਆਪਣੀ ਗੋਦ ਵਿੱਚ ਫੜਿਆ ਹੋਇਆ ਹੈ। ਮਾਂ ਅਤੇ ਧੀ ਵਿਚਕਾਰ ਇਹ ਪਲ ਬਹੁਤ ਪਿਆਰਾ ਅਤੇ ਆਰਾਮਦਾਇਕ ਲੱਗ ਰਿਹਾ ਹੈ। ਤਸਵੀਰ ਵਿੱਚ ਪ੍ਰਿਯੰਕਾ ਨੇ ਇੱਕ ਕਾਲੀ ਜੈਕੇਟ ਅਤੇ ਟੋਪੀ ਪਾਈ ਹੋਈ ਹੈ, ਜਦੋਂ ਕਿ ਮਾਲਤੀ ਦੋ ਗੁੱਤਾਂ ਵਿੱਚ ਹਲਕੇ ਗੁਲਾਬੀ ਟੌਪ ਅਤੇ ਹਲਕੇ ਰੰਗ ਦੀ ਪੈਂਟ ਪਹਿਨੇ ਦਿਖਾਈ ਦੇ ਰਹੀ ਹੈ। ਪਿੱਛੇ ਅਸਮਾਨ ਵਿੱਚ ਬੱਦਲ ਛਾਏ ਹੋਏ ਹਨ, ਜੋ ਇਸ ਫਰੇਮ ਨੂੰ ਹੋਰ ਵੀ ਮਨਮੋਹਕ ਬਣਾਉਂਦੇ ਹਨ।

ਪ੍ਰਿਯੰਕਾ ਅਕਸਰ ਇੰਸਟਾਗ੍ਰਾਮ 'ਤੇ ਮਾਲਤੀ ਨਾਲ ਸਬੰਧਤ ਪਿਆਰੇ ਵੀਡੀਓ ਅਤੇ ਤਸਵੀਰਾਂ ਪੋਸਟ ਕਰਦੀ ਹੈ। ਇਸ ਤੋਂ ਪਹਿਲਾਂ ਉਨ੍ਹਾਂ ਨੇ ਆਪਣੀ ਧੀ ਦੀਆਂ ਸੌਂਦੇ ਹੋਏ, ਖੇਡਣ ਦੇ ਪਲਾਂ ਅਤੇ ਪ੍ਰਸ਼ੰਸਕਾਂ ਨਾਲ ਉਨ੍ਹਾਂ ਦੀ ਸ਼ਰਾਰਤਾਂ ਦੀਆਂ ਝਲਕਾਂ ਦੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ ਸਨ, ਜਿਸ 'ਤੇ ਪ੍ਰਸ਼ੰਸਕਾਂ ਨੇ ਬਹੁਤ ਪਿਆਰ ਲੁਟਾਇਆ ਸੀ।

**ਵਰਕ ਫਰੰਟ 'ਤੇ ਪ੍ਰਿਯੰਕਾ ਚੋਪੜਾ**

ਇੱਕ ਪਾਸੇ ਜਿੱਥੇ ਪ੍ਰਿਯੰਕਾ ਆਪਣੇ ਪਰਿਵਾਰ ਨਾਲ ਵਧੀਆ ਸਮਾਂ ਬਿਤਾ ਰਹੀ ਹੈ, ਉੱਥੇ ਦੂਜੇ ਪਾਸੇ ਉਹ ਆਪਣੇ ਫਿਲਮੀ ਪ੍ਰੋਜੈਕਟਾਂ ਵਿੱਚ ਵੀ ਰੁੱਝੀ ਹੋਈ ਹੈ। ਆਉਣ ਵਾਲੇ ਸਮੇਂ ਵਿੱਚ ਪ੍ਰਿਯੰਕਾ ਸ਼ਸ਼ੰਭ 29 ਨਾਮਕ ਇੱਕ ਫਿਲਮ ਵਿੱਚ ਦਿਖਾਈ ਦੇਵੇਗੀ, ਜਿਸ ਵਿੱਚ ਉਹ ਮਹੇਸ਼ ਬਾਬੂ ਅਤੇ ਪ੍ਰਿਥਵੀਰਾਜ ਸੁਕੁਮਾਰਨ ਵਰਗੇ ਸਿਤਾਰਿਆਂ ਨਾਲ ਦਿਖਾਈ ਦੇਵੇਗੀ। ਇਸ ਤੋਂ ਇਲਾਵਾ ਪ੍ਰਿਯੰਕਾ 'ਦ ਬਲੱਫ' ਅਤੇ 'ਹੈੱਡਜ਼ ਆਫ ਸਟੇਟ' ਵਰਗੀਆਂ ਹਾਲੀਵੁੱਡ ਫਿਲਮਾਂ ਵਿੱਚ ਵੀ ਦਿਖਾਈ ਦੇਵੇਗੀ।

# ਮਸ਼ਹੂਰ ਰੈਪਰ ਨੂੰ ਜਾਨੋਂ ਮਾਰਨ ਦੀ ਧਮਕੀ, ਮੰਗੀ 1 ਕਰੋੜ ਦੀ ਫਿਰੌਤੀ



ਦੇਸ਼ ਦੇ ਮਸ਼ਹੂਰ ਰੈਪਰ ਐਮੀਵੇ ਬੰਤਾਈ (ਅਸਲੀ ਨਾਮ ਮੁਹੰਮਦ ਬਿਲਾਲ ਸ਼ੇਖ) ਨੇ ਪੰਜਾਬੀ ਰੈਪਰ ਸਿੱਧੂ ਮੂਸੇਵਾਲਾ ਦੇ ਕਤਲ ਦੀ ਤੀਜੀ ਵਰ੍ਹੇਗੰਢ (26 ਮਈ) 'ਤੇ 'ਟ੍ਰਿਬਿਊਟ ਟੂ ਸਿੱਧੂ ਮੂਸੇਵਾਲਾ' ਗੀਤ ਰਿਲੀਜ਼ ਕੀਤਾ। ਇਹ ਗੀਤ ਮੂਸੇਵਾਲਾ ਨੂੰ ਸਮਰਪਿਤ ਹੈ। ਚਿੰਤਾਜਨਕ ਗੱਲ ਇਹ ਹੈ ਕਿ 25 ਮਈ ਨੂੰ ਗੀਤ ਰਿਲੀਜ਼ ਹੋਣ ਤੋਂ ਇੱਕ ਦਿਨ ਪਹਿਲਾਂ, ਐਮੀਵੇ ਬੰਤਾਈ ਨੂੰ ਉਸਦੇ ਰਜਿਸਟਰਡ ਮੋਬਾਈਲ ਨੰਬਰ 'ਤੇ ਇੱਕ ਸੁਨੇਹੇ ਰਾਹੀਂ 1 ਕਰੋੜ ਰੁਪਏ ਦੀ ਫਿਰੌਤੀ ਦੇ ਨਾਲ ਜਾਨੋਂ ਮਾਰਨ ਦੀ ਧਮਕੀ ਮਿਲੀ।

ਮੁੰਬਈ ਪੁਲਸ ਦੇ ਅਨੁਸਾਰ ਇਹ ਧਮਕੀ ਇੱਕ ਵਿਅਕਤੀ ਦੁਆਰਾ ਦਿੱਤੀ ਗਈ ਸੀ। ਫੋਨ ਕਰਨ ਵਾਲੇ ਨੇ ਆਪਣਾ ਨਾਮ ਗੋਲਡੀ ਬਰਾੜ ਵਜੋਂ ਪੇਸ਼ ਕੀਤਾ, ਜੋ ਕਿ ਕੈਨੇਡਾ ਸਥਿਤ ਗੈਂਗਸਟਰ ਲਾਰੈਂਸ ਬਿਸ਼ਨੋਈ ਦਾ ਕਰੀਬੀ ਸਾਥੀ ਹੈ। ਆਪਣੇ ਫੋਨ 'ਤੇ ਚੇਤਾਵਨੀ ਦਿੰਦੇ ਹੋਏ ਉਨ੍ਹਾਂ ਨੇ ਅਮਰੀਕਾ ਸਥਿਤ ਰੋਹਿਤ ਗੋਦਾਰਾ ਦਾ ਨਾਮ ਵੀ ਲਿਆ, ਜਿਸਨੂੰ ਬਿਸ਼ਨੋਈ ਦਾ ਇੱਕ ਹੋਰ ਕਰੀਬੀ ਮੰਨਿਆ ਜਾਂਦਾ ਹੈ।

**ਅਣਪਛਾਤੇ ਖਿਲਾਫ ਕੇਸ ਦਰਜ**

ਇਹ ਧਮਕੀ ਰੈਪਰ ਐਮੀਵੇ ਬੰਤਾਈ ਨੂੰ ਬੰਤਾਈ ਰਿਕਾਰਡਸ ਦੇ ਨਾਮ 'ਤੇ ਦਰਜ ਮੋਬਾਈਲ ਨੰਬਰ 'ਤੇ ਭੇਜੀ ਗਈ ਸੀ। ਧਮਕੀ ਮਿਲਣ ਤੋਂ ਬਾਅਦ,ਨੇਰੂਲ ਨਿਵਾਸੀ ਸ਼ੇਖ ਨੇ ਮੰਗਲਵਾਰ ਸਵੇਰੇ ਆਪਣੇ ਕਰਮਚਾਰੀ ਰਾਹੀਂ ਐਨਆਰਆਈ ਕੋਸਟਲ ਪੁਲਸ ਸਟੇਸ਼ਨ ਵਿੱਚ ਸ਼ਿਕਾਇਤ ਦਰਜ ਕਰਵਾਈ। ਐਨਆਰਆਈ ਕੋਸਟਲ ਪੁਲਸ ਨੇ ਇਸ ਮਾਮਲੇ ਵਿੱਚ ਭਾਰਤੀ ਨਿਆਂ ਜ਼ਾਬਤਾ ਦੀਆਂ ਸਬੰਧਤ ਧਾਰਾਵਾਂ ਤਹਿਤ ਇੱਕ ਅਣਪਛਾਤੇ ਵਿਅਕਤੀ ਖ਼ਿਲਾਫ਼ ਕੇਸ ਦਰਜ ਕੀਤਾ ਹੈ ਅਤੇ ਧਮਕੀ ਦੇਣ ਵਾਲੇ ਵਿਅਕਤੀ ਦੀ ਪਛਾਣ ਕਰਨ ਦੀ ਕੋਸ਼ਿਸ਼ ਕੀਤੀ ਜਾ ਰਹੀ ਹੈ। ਕ੍ਰਾਈਮ ਬ੍ਰਾਂਚ ਦੀ ਟੀਮ ਵੀ ਇਸ ਮਾਮਲੇ ਦੀ ਜਾਂਚ ਕਰ ਰਹੀ ਹੈ।

**1 ਕਰੋੜ ਦੀ ਫਿਰੌਤੀ ਦੀ ਮੰਗ**

ਰਜਿਸਟਰਡ ਮੋਬਾਈਲ ਨੰਬਰ 'ਤੇ ਭੇਜੀ ਗਈ ਧਮਕੀ ਵਿੱਚ ਲਿਖਿਆ ਸੀ, "ਮੈਂ ਗੈਂਗਸਟਰ ਗੋਲਡੀ ਬਰਾੜ ਹਾਂ। ਤੁਹਾਡੇ ਗਾਇਕ ਕੋਲ 24 ਘੰਟੇ ਹਨ। ਮੈਨੂੰ 1 ਕਰੋੜ ਰੁਪਏ ਚਾਹੀਦੇ ਹਨ, ਨਹੀਂ ਤਾਂ ਮੈਂ ਉਸਨੂੰ ਮਾਰ ਦਿਆਂਗਾ।" ਤੁਹਾਨੂੰ ਦੱਸ ਦੇਈਏ ਕਿ ਪੰਜਾਬੀ ਗਾਇਕ ਸਿੱਧੂ ਮੂਸੇਵਾਲਾ ਦੀ ਸਾਲ 2022 ਵਿੱਚ ਮਾਨਸਾ ਜ਼ਿਲ੍ਹੇ ਵਿੱਚ ਅਣਪਛਾਤੇ ਹਮਲਾਵਰਾਂ ਨੇ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਸੀ। ਲਾਰੈਂਸ ਬਿਸ਼ਨੋਈ ਨੂੰ ਇਸ ਕਤਲ ਦੀ ਸਾਜ਼ਿਸ਼ ਦਾ ਮਾਸਟਰਮਾਈਂਡ ਕਿਹਾ ਜਾਂਦਾ ਸੀ, ਜੋ 2014 ਤੋਂ ਜੇਲ੍ਹ ਵਿੱਚ ਹੈ। ਗੋਲਡੀ ਬਰਾੜ ਨੇ ਵੀ ਇਸ ਕਤਲ ਦੀ ਜ਼ਿੰਮੇਵਾਰੀ ਲਈ ਸੀ।

# ਬਿਨਾਂ ਹੈਲਮੈਟ ਬਾਈਕ ਚਲਾਉਂਦੇ ਦੇਖ ਸੋਨੂੰ ਸੂਦ 'ਤੇ ਭੜਕੀ ਪੁਲਿਸ




ਸੋਨੂੰ ਸੂਦ ਨੂੰ ਹਾਲ ਹੀ ਵਿੱਚ ਇੱਕ ਵੀਡੀਓ ਕਾਰਨ ਕਾਨੂੰਨੀ ਮੁਸੀਬਤ ਵਿੱਚ ਫਸਦੇ ਦੇਖਿਆ ਗਿਆ ਹੈ, ਜੋ ਕੁਝ ਦਿਨਾਂ ਤੋਂ ਵਾਇਰਲ ਹੋ ਰਿਹਾ ਹੈ। ਵੀਡੀਓ ਵਿੱਚ, ਉਹ ਸਪਿਤੀ ਵੈਲੀ ਵਿੱਚ ਤੇਜ਼ ਰਫ਼ਤਾਰ ਨਾਲ ਬਿਨਾਂ ਸ਼ਰਟ ਦੇ ਬਾਈਕ ਚਲਾਉਂਦੇ ਹੋਏ ਦਿਖਾਈ ਦੇ ਰਹੇ ਹਨ।

ਉਨ੍ਹਾਂ ਦੇ ਪਿੱਛੇ ਕਈ ਹੋਰ ਬਾਈਕ ਸਵਾਰ ਹਨ, ਜਿਨ੍ਹਾਂ ਨੇ ਹੈਲਮੇਟ ਪਾਇਆ ਹੋਇਆ ਹੈ ਪਰ ਸੋਨੂੰ ਸੂਦ ਨੇ ਹੈਲਮੇਟ ਨਹੀਂ ਪਾਇਆ ਹੈ। ਸਪਿਤੀ ਪੁਲਸ ਨੇ ਇਸ ਵੀਡੀਓ ਦਾ ਨੋਟਿਸ ਲਿਆ ਹੈ ਅਤੇ ਅਦਾਕਾਰ ਵਿਰੁੱਧ ਜਾਂਚ ਦੇ ਹੁਕਮ ਦਿੱਤੇ ਹਨ। ਪੁਲਸ ਨੇ ਕਿਹਾ ਹੈ ਕਿ ਜੇਕਰ ਅਦਾਕਾਰ ਸੋਨੂੰ ਸੂਦ ਨੇ ਨਿਯਮਾਂ ਨੂੰ ਤੋੜਿਆ ਹੈ, ਤਾਂ ਉਨ੍ਹਾਂ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਹੁਣ ਸੋਨੂੰ ਸੂਦ ਨੇ ਇਸ 'ਤੇ ਪ੍ਰਤੀਕਿਰਿਆ ਦਿੱਤੀ ਹੈ। ਸੋਨੂੰ ਸੂਦ ਨੇ ਇਸ ਵੀਡੀਓ 'ਤੇ ਹੋਏ ਵਿਵਾਦ 'ਤੇ ਆਪਣੇ ਐਕਸ ਅਕਾਊਂਟ 'ਤੇ ਸਪੱਸ਼ਟੀਕਰਨ ਦਿੱਤਾ ਅਤੇ ਲਿਖਿਆ – 'ਸੁਰੱਖਿਆ ਪਹਿਲਾਂ ਆਉਂਦੀ ਹੈ। ਅਸੀਂ ਹਮੇਸ਼ਾ ਕਾਨੂੰਨ ਦੀ ਪਾਲਣਾ ਕਰਦੇ ਹਾਂ। ਬਿਨਾਂ ਹੈਲਮੇਟ ਦੇ ਇੱਕ ਪੁਰਾਣੀ ਕਲਿੱਪ ਵਾਇਰਲ ਹੋ ਰਹੀ ਹੈ, ਇਹ ਸਾਡੀ ਸਕ੍ਰਿਪਟ ਦਾ ਹਿੱਸਾ ਸੀ। ਇਸ ਲਈ ਕਿਰਪਾ ਕਰਕੇ ਇਗਨੋਰ ਕਰੋ। ਸੁਰੱਖਿਅਤ ਸਵਾਰੀ ਕਰੋ। ਸਮਾਰਟ ਸਵਾਰੀ ਕਰੋ। ਹਮੇਸ਼ਾ ਹੈਲਮੇਟ ਪਹਿਨੋ।'

# ਸੋਸ਼ਲ ਮੀਡੀਆ 'ਤੇ ਵਾਇਰਲ ਹੋਈ ਅਨੁਸ਼ਕਾ ਦੀ ਹਮਸ਼ਕਲ ਦੀ ਤਸਵੀਰ



ਸੋਸ਼ਲ ਮੀਡੀਆ 'ਤੇ ਅਕਸਰ ਹਸਤੀਆਂ ਦੀਆਂ 'ਲੁਕ-ਅਲਾਈਕਸ' (ਇਕੋ ਜਿਹੇ ਦਿੱਖ ਵਾਲੇ ਲੋਕਾਂ) ਦੀਆਂ ਤਸਵੀਰਾਂ ਵਾਇਰਲ ਹੁੰਦੀਆਂ ਰਹਿੰਦੀਆਂ ਹਨ। ਅਜਿਹੀ ਹੀ ਅਮਰੀਕੀ ਸਿੰਗਰ ਜੂਲੀਆ ਮਾਇਕਲਸ ਦੀ ਇੱਕ ਤਸਵੀਰ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀ ਹੈ, ਜਿਸਨੂੰ ਵੇਖਣ ਮਗਰੋਂ ਲੋਕ ਅਨੁਸ਼ਕਾ ਸ਼ਰਮਾ ਦੀ ਹਮਸ਼ਕਲ ਦੱਸ ਰਹੇ ਹਨ। ਇੰਟਰਨੈੱਟ 'ਤੇ ਵਾਇਰਲ ਹੋ ਰਹੀ ਤਸਵੀਰ ਵਿੱਚ ਜੂਲੀਆ ਦੇ ਵਾਲਾਂ ਦਾ ਰੰਗ ਗਰੇਅ ਹੈ ਅਤੇ ਉਸ ਨੇ ਨੱਕ ਵਿੱਚ ਨੱਥਨੀ ਪਾਈ ਹੋਈ ਹੈ। ਇਹ ਤਸਵੀਰ ਵੇਖਣ ਮਗਰੋਂ ਲੋਕਾਂ ਨੇ ਉਨ੍ਹਾਂ ਦੀ ਬੀ-ਟਾਊਨ ਅਦਾਕਾਰਾ ਅਨੁਸ਼ਕਾ ਸ਼ਰਮਾ ਨਾਲ ਤੁਲਨਾ ਕਰਨੀ ਸ਼ੁਰੂ ਕਰ ਦਿੱਤੀ। ਕਈ ਸੋਸ਼ਲ ਮੀਡੀਆ ਯੂਜ਼ਰਜ਼ ਨੇ ਕਮੈਂਟ ਕਰਦਿਆਂ ਲਿਖਿਆ: "ਇਹ ਤਾਂ ਅਨੁਸ਼ਕਾ ਦੀ ਡੁਪਲੀਕੇਟ ਲੱਗਦੀ ਹੈ!" ਇੱਕ ਹੋਰ ਯੂਜ਼ਰ ਨੇ ਮਜ਼ਾਕ 'ਚ ਲਿਖਿਆ, "ਕਿਧਰੇ ਵਿਰਾਟ ਕੋਹਲੀ ਵੀ ਕਨਫਿਊਜ਼ ਨਾ ਹੋ ਜਾਏ!" ਕਿਸੇ ਹੋਰ ਨੇ ਅਨੁਸ਼ਕਾ ਸ਼ਰਮਾ ਨੂੰ ਟੈਗ ਕਰਦੇ ਹੋਏ ਲਿਖਿਆ, "ਅਨੁਸ਼ਕਾ ਸ਼ਰਮਾ ਤੁਹਾਡੀ ਜੁੜਵਾ ਭੈਣ ਲੱਭ ਗਈ ਹੈ।"






# ਕਿਵੇਂ ਲੁੱਟ ਰਹੀਆਂ ਹਨ ਵੱਡੀਆਂ ਕੰਪਨੀਆਂ ਜਨਤਾ ਨੂੰ... !





ਅੱਜ ਕਲ੍ਹ ਘਰੇਲੂ ਉਤਪਾਦ ਬਣਾਉਣ ਵਾਲੀਆਂ ਕੰਪਨੀਆਂ ਵੱਲੋਂ ਗਾਹਕਾਂ ਨੂੰ ਲੁੱਟਣ ਲਈ ਕੁਝ ਅਜਿਹੇ ਨਵੇਕਲੇ ਢੰਗ ਵਰਤੇ ਜਾ ਰਹੇ ਹਨ ਕਿ ਖਰੀਦਾਰ ਨੂੰ ਪਤਾ ਵੀ ਨਹੀਂ ਲੱਗਦਾ ਕਿ ਉਸ ਦੀ ਜ਼ੇਬ ਕੱਟੀ ਜਾ ਚੁੱਕੀ ਹੈ। ਆਨਲਾਈਨ ਸ਼ਾਪਿੰਗ ਐਪਾਂ ਨੇ ਤਾਂ ਇਸ ਧੰਦੇ ਨੂੰ ਸਿਰੇ ਲਗਾ ਦਿੱਤਾ ਹੈ। ਤੁਹਾਨੂੰ ਇਹ ਜਾਣ ਕੇ ਹੈਰਾਨੀ ਹੋਵੇਗੀ ਕਿ ਐਂਡਰਾਇਡ ਮੋਬਾਇਲ ਫੋਨ (ਸੈਮਸੰਗ ਆਦਿ) ਤੋਂ ਕਿਸੇ ਸਮਾਨ ਦਾ ਮੁੱਲ ਚੈੱਕ ਕੀਤਾ ਜਾਵੇ ਤਾਂ ਉਹ ਆਈ.ਉ.ਐਸ. ਸਾਫਟੇਵਅਰ ਵਰਤਣ ਵਾਲੇ ਫੋਨ (ਐਪਲ) ਤੋਂ ਕਿਤੇ ਘੱਟ ਹੁੰਦਾ ਹੈ। ਸ਼ਾਇਦ ਇਹ ਕੰਪਨੀਆਂ ਸੋਚਦੀਆਂ ਹਨ ਕਿ ਸਸਤੇ ਚੀਨੀ ਫੋਨ ਵਾਲੇ ਐਪਲ ਫੋਨ ਵਾਲਿਆਂ ਤੋਂ ਗਰੀਬ ਹੁੰਦੇ ਹਨ। ਜਨਵਰੀ 2025 ਵਿੱਚ ਆਨਲਾਈਨ ਸ਼ਾਪਿੰਗ ਕੰਪਨੀ ਜ਼ੈਪਟੋ 'ਤੇ ਐਂਡਰਾਇਡ ਵਾਲਿਆਂ ਵਾਸਤੇ ਪਿਆਜ਼ ਦਾ ਰੇਟ 43 ਰੁਪਏ ਕਿੱਲੋ ਸੀ ਤੇ ਐਪਲ ਵਾਲਿਆਂ ਵਾਸਤੇ 57 ਰੁਪਏ ਕਿੱਲੋ, ਐਪਲ ਵਾਲਿਆਂ ਵਾਸਤੇ 500 ਗ੍ਰਾਮ ਅੰਗੂਰ 146 ਰੁਪਏ ਦੇ ਤੇ ਐਂਡਰਾਇਡ ਵਾਸਤੇ ਸਿਰਫ 65 ਰੁਪਏ ਸੀ। ਦੂਸਰਾ ਧੋਖਾ ਇਹ ਦਿੱਤਾ ਜਾ ਰਿਹਾ ਹੈ ਕਿ ਸਮਾਨ ਦਾ ਰੇਟ ਨਹੀਂ ਵਧਾਇਆ ਜਾ ਰਿਹਾ ਬਲਕਿ ਮਿਕਦਾਰ ਘੱਟ ਕੀਤੀ ਜਾ ਰਹੀ ਹੈ। ਮੈਗੀ ਨੂਡਲਜ਼ ਦੇ ਪੈਕਟ ਦਾ ਵਜ਼ਨ 80 ਗ੍ਰਾਮ ਤੋਂ ਘਟ ਕੇ 55 ਗ੍ਰਾਮ ਹੋ ਗਿਆ ਹੈ ਪਰ ਰੇਟ ਪੁਰਾਣਾ ਹੀ ਹੈ। ਲੇਜ਼ ਦੇ ਪੈਕਟ ਵਿੱਚ ਚਿੱਪਸ ਗਿਣਤੀ ਦੇ ਹੀ ਹੁੰਦੇ ਹਨ ਬਾਕੀ ਸਿਰਫ ਹਵਾ ਵੇਚੀ ਜਾ ਰਹੀ ਹੈ। ਇਸੇ ਤਰਾਂ ਭਾੜੇ ਧੋਣ ਵਾਲੀ ਵਿੰਮ ਬਾਰ, ਹਲਦੀ ਰਾਮ, ਮੈਕਡੋਨਾਲਡ, ਕੇ ਐਫ ਸੀ ਅਤੇ ਵਾਲਮਾਰਟ ਆਦਿ ਵੀ ਕਰ ਰਹੇ ਹਨ। 20 ਰੁਪਏ ਵਿੱਚ ਮਿਲਣ ਵਾਲੀ ਬੋਤਲ ਵਿੱਚ ਕੋਕ ਦੀ ਮਾਤਰਾ 250 ਮਿ.ਲੀ. ਤੋਂ ਘਟਾ ਕੇ 200 ਮਿ.ਲੀ. ਕਰ ਦਿੱਤੀ ਗਈ ਹੈ। ਇਥੋਂ ਤੱਕ ਕਿ ਟਾਇਲਟ ਪੇਪਰ ਦੀ ਲੰਬਾਈ ਵੀ ਚੁੱਪ ਚੁਪੀਤੇ 25% ਦੇ ਕਰੀਬ ਘਟਾ ਦਿੱਤੀ ਗਈ ਹੈ। ਕੁਝ ਸਾਲ ਪਹਿਲਾਂ ਪਾਰਲੇ ਜੀ ਦੇ 10 ਰੁਪਏ ਵਾਲੇ ਪੈਕਟ ਦਾ ਵਜ਼ਨ 140 ਗ੍ਰਾਮ ਸੀ ਜੋ ਹੁਣ ਘਟ ਕੇ 110 ਗ੍ਰਾਮ ਰਹਿ ਗਿਆ ਹੈ। ਇਸ ਤੋਂ ਇਲਾਵਾ ਕੰਪਨੀਆਂ ਜਾਣ ਬੁੱਝ ਕੇ ਅਜਿਹੇ ਪ੍ਰੋਡਕਟ ਤਿਆਰ ਕਰਦੀਆਂ ਹਨ ਜੋ ਜਲਦੀ ਖਰਾਬ ਹੋ ਜਾਣ ਤਾਂ ਜੋ ਗਾਹਕ ਦੁਬਾਰਾ ਨੂੰ ਦੁਬਾਰਾ ਪੈਸਾ ਖਰਚਣਾ ਪਵੇ, ਹਾਲਾਂਕਿ ਉਨ੍ਹਾਂ ਕੋਲ ਵਧੀਆ ਸਮਾਨ ਤਿਆਰ ਕਰਨ ਦੀਆਂ ਅੱਤ ਆਧੁਨਿਕ ਤਕਨੀਕਾਂ ਮੌਜੂਦ ਹਨ। ਐਪਲ ਅਤੇ ਸੈਮਸੰਗ ਆਦਿ ਵਰਗੀਆਂ ਮੋਬਾਇਲ ਕੰਪਨੀਆਂ ਦੋ ਚਾਰ ਸਾਲਾਂ ਬਾਅਦ ਜਾਣ ਬੁੱਝ ਕੇ ਗਾਹਕਾਂ ਦੇ ਫੋਨਾਂ ਨੂੰ ਧੀਮਾ ਕਰ ਦਿੰਦੀਆਂ ਹਨ। ਇਹ ਗਾਹਕ ਨੂੰ ਦੱਸੇ ਬਗੈਰ ਅਜਿਹੇ ਸਾਫਟਵੇਅਰ ਅੱਪਡੇਟ ਭੇਜ ਦਿੰਦੀਆਂ ਹਨ ਜਿਨ੍ਹਾਂ ਨੂੰ ਡਾਊਨਲੋਡ ਕਰਨ ਉਪਰੰਤ ਫੋਨ ਧੀਮਾ ਹੋ ਜਾਂਦਾ ਹੈ। ਆਮ ਲੋਕਾਂ ਨੂੰ ਸ਼ਾਇਦ ਇਹ ਪਤਾ ਨਹੀਂ ਹੈ ਕਿ ਆਈਕੂ, ਰੀਅਲਮੀ, ਉਪੋ, ਵੀਵੋ ਅਤੇ ਵੰਨ ਪਲੱਸ ਬਰਾਂਡ ਦੇ ਮੋਬਾਇਲ ਫੋਨਾਂ ਦਾ ਨਿਰਮਾਣ ਚੀਨ ਦੀ ਇੱਕ ਹੀ ਕੰਪਨੀ ਬੀ.ਬੀ.ਕੇ ਇਲੈੱਕਟਰੋਨਿਕਸ ਦੁਆਰਾ ਕੀਤਾ ਜਾਂਦਾ ਹੈ। ਉਹ ਵੀ ਧੜੱਲੇ ਨਾਲ ਇਹ ਕੰਮ ਕਰ ਰਹੀ ਹੈ।




ਵਿਸ਼ਵ ਭਰ ਤੋਂ ਅਜਿਹੀਆਂ ਸ਼ਿਕਾਇਤਾਂ ਮਿਲ ਰਹੀਆਂ ਹਨ ਕਿ ਜੇ ਦੇਰ ਰਾਤ ਕਿਸੇ ਸੁੰਨਸਾਨ ਜਗ੍ਹਾ ਤੋਂ ਉਬਰ ਦੀ ਟੈਕਸੀ ਲੈਣ ਵਾਸਤੇ ਅਜਿਹੇ ਫੋਨ ਤੋਂ ਕਾਲ ਕੀਤੀ ਜਾਵੇ ਜਿਸ ਦੀ ਸਿਰਫ ਬੈਟਰੀ ਖਤਮ ਹੋਣ ਵਾਲੀ ਹੋਵੇ ਤਾਂ ਉਸ ਕੋਲੋਂ ਦੂਣੇ ਤੋਂ ਵੱਧ ਕਿਰਾਇਆ ਵਸੂਲਿਆ ਜਾਂਦਾ ਹੈ। ਕੰਪਨੀ ਦੇ ਸਰਵਰਾਂ ਵਿੱਚ ਅਜਿਹੀ ਤਕਨੀਕ ਲੋਡ ਕੀਤੀ ਗਈ ਹੈ ਜੋ ਉਸ ਵਿਅਕਤੀ ਦੀ ਮਜ਼ਬੂਰੀ ਸਮਝ ਜਾਂਦੇ ਹਨ ਕਿ ਇਸ ਕੋਲ ਜਲਦੀ ਟੈਕਸੀ ਲੈਣ ਤੋਂ ਇਲਾਵਾ ਹੋਰ ਕੋਈ ਚਾਰਾ ਨਹੀਂ ਹੈ। ਉਬਰ ਦੀ ਇਸ ਠੱਗੀ ਦਾ ਪਰਦਾਫਾਸ਼ ਅਮਰੀਕਾ ਦੇ ਪ੍ਰਸਿੱਧ ਖੋਜੀ ਪੱਤਰਕਾਰ ਜੈਕ ਸ਼ੁਮੇਕਰ ਨੇ ਦਸੰਬਰ 2015 ਵਿੱਚ ਦਰਜ਼ਨਾਂ ਪੱਤਰਕਾਰਾਂ ਦੀ ਮੌਜੂਦਗੀ ਵਿੱਚ ਨਿਊਯਾਰਕ ਵਿਖੇ ਕੀਤਾ ਸੀ। ਰਾਤ ਦੇ 12.30 ਵਜੇ ਪਹਿਲਾਂ ਉਸ ਨੇ ਅਜਿਹੇ ਫੋਨ ਤੋਂ ਕਾਲ ਕੀਤੀ ਜਿਸ ਵਿੱਚ ਸਿਰਫ 3% ਬੈਟਰੀ ਬਚੀ ਸੀ ਤਾਂ ਕਿਰਾਇਆ ਦੱਸਿਆ ਗਿਆ 100 ਡਾਲਰ। ਫਿਰ ਉਸ ਨੇ 100% ਬੈਟਰੀ ਵਾਲੇ ਫੋਨ ਤੋਂ ਕਾਲ ਕੀਤੀ ਤਾਂ ਕਿਰਾਇਆ ਦੱਸਿਆ ਗਿਆ 50 ਡਾਲਰ। ਇਸ ਤੋਂ ਇਲਾਵਾ ਜਦੋਂ ਉਸ ਨੇ ਐਂਡਰਾਇਡ ਅਤੇ ਐਪਲ ਤੋਂ ਕਾਲ ਕੀਤੀ ਤਾਂ ਐਂਡਰਾਇਡ ਫੋਨ 'ਤੇ ਕਿਰਾਇਆ ਘੱਟ ਆਇਆ। ਇਸ ਕਾਰਨ ਦੁਨੀਆਂ ਭਰ ਵਿੱਚ ਉਬਰ ਦੀ ਬਦਨਾਮੀ ਹੋਈ ਸੀ ਤੇ ਉਸ ਨੂੰ ਕਈ ਮੁਕੱਦਮਿਆਂ ਦਾ ਸਾਹਮਣਾ ਕਰਨਾ ਪਿਆ ਸੀ।

ਫਰਵਰੀ 2025 ਵਿੱਚ ਉਬਰ ਦੇ ਸਾਬਕਾ ਇਕਨਾਮਿਕ ਰਿਸਰਚ ਚੀਫ ਕੀਥ ਚੇਨ ਨੇ ਬੈਲਜ਼ੀਅਮ ਦੀ ਪ੍ਰਸਿੱਧ ਵੈੱਬ ਨਿਊਜ਼ ਪੋਰਟਲ ਐਨ.ਪੀ.ਆਰ. ਨੂੰ ਦਿੱਤੀ ਇੱਕ ਇੰਟਰਵਿਊ ਵਿੱਚ ਉਬਰ ਦਾ ਭਾਂਡਾ ਭੰਨਿਆਂ ਸੀ ਕਿ ਉਸ ਦਾ ਸਾਫਟਵੇਅਰ ਘੱਟ ਬੈਟਰੀ ਵਾਲੇ ਫੋਨਾਂ ਤੋਂ ਕਾਲ ਕਰਨ 'ਤੇ ਵੱਧ ਕਿਰਾਇਆ ਵਸੂਲਦਾ ਹੈ। ਇਸ ਤੋਂ ਇਲਾਵਾ ਉਬਰ ਐਪਲ ਤੋਂ ਫੋਨ ਕਰਨ 'ਤੇ ਵੀ ਵੱਧ ਕਿਰਾਇਆ ਵਸੂਲਦਾ ਹੈ। ਇਹ ਕੰਮ ਇਕੱਲਾ ਉਬਰ ਹੀ ਨਹੀਂ, ਬਲਕਿ ਦੁਨੀਆਂ ਭਰ ਵਿੱਚ ਸੈਂਕੜੇ ਕੰਪਨੀਆਂ ਕਰ ਰਹੀਆਂ ਹਨ। ਜੇ ਸਭ ਦੀ ਜਰੂਰਤ ਬਣ ਚੁੱਕੇ ਮੋਬਾਇਲ ਫੋਨ ਦੀ ਗੱਲ ਕੀਤੀ ਜਾਵੇ ਤਾਂ ਕਿਸੇ ਵੀ ਮੋਬਾਇਲ ਦੀ ਬੈਟਰੀ 4 – 5 ਸਾਲ ਤੋਂ ਵੱਧ ਸਮਾਂ ਨਹੀਂ ਚੱਲਦੀ ਤੇ ਐਨੀ ਬੇਕਾਰ ਹੋ ਜਾਂਦੀ ਹੈ ਕਿ ਗਾਹਕ ਨੂੰ ਨਵਾਂ ਫੋਨ ਖਰੀਦਣ ਲਈ ਮਜ਼ਬੂਰ ਹੋਣਾ ਪੈਂਦਾ ਹੈ। ਸਭ ਨੂੰ ਪਤਾ ਹੈ ਕਿ ਜਦੋਂ ਮੋਬਾਇਲ ਨਵੇਂ ਨਵੇਂ ਆਏ ਸਨ ਤਾਂ ਬੈਟਰੀ ਬਹੁਤ ਅਰਾਮ ਨਾਲ ਬਾਹਰ ਕੱਢੀ ਜਾ ਸਕਦੀ ਸੀ। ਪਰ ਹੁਣ ਬੈਟਰੀਆਂ ਨੂੰ ਇਸ ਢੰਗ ਨਾਲ ਪੈਕ ਕੀਤਾ ਜਾਂਦਾ ਹੈ ਕਿ ਉਨ੍ਹਾਂ ਨੂੰ ਬਾਹਰ ਕੱਢਣਾ ਲੱਗਭਗ ਨਾਮੁਮਕਿਨ ਹੈ। ਅੱਜ ਦੇ ਮੋਬਾਇਲ ਫੋਨ ਤਕਰੀਬਨ ਵੰਨ ਪੀਸ ਹੀ ਹੁੰਦੇ ਹਨ।

ਮੋਬਾਇਲ ਫੋਨਾਂ ਦੇ ਧੀਮਾ ਹੋਣ ਦੀਆਂ ਦੁਨੀਆਂ ਭਰ ਵਿੱਚੋਂ ਸ਼ਿਕਾਇਤਾਂ ਆ ਰਹੀਆਂ ਹਨ ਪਰ ਕੁਝ ਹੀ ਇਮਾਨਦਾਰ ਦੇਸ਼ਾਂ ਨੂੰ ਛੱਡ ਕੇ ਕਿਸੇ ਨੇ ਵੀ ਇਸ ਵੱਲ ਧਿਆਨ ਦੇਣ ਦੀ ਖੇਚਲ ਨਹੀਂ ਕੀਤੀ। 2018 ਵਿੱਚ ਇਟਲੀ ਦੀ ਸਰਕਾਰ ਨੇ ਇਸ ਸਬੰਧੀ ਤਫਤੀਸ਼ ਕਰਨ ਲਈ ਇੱਕ ਹਾਈ ਪਾਵਰ ਕਮੇਟੀ ਨਿਯੁੱਕਤ ਕੀਤੀ ਸੀ ਜਿਸ ਦੀ ਰਿਪੋਰਟ ਵਿੱਚ ਗਾਹਕਾਂ ਦੀਆਂ ਸ਼ਿਕਾਇਤਾਂ ਸਹੀ ਪਾਈਆਂ ਗਈਆਂ ਸਨ। ਇਸ ਤੋਂ ਬਾਅਦ ਇਟਲੀ ਨੇ ਐਪਲ 'ਤੇ ਇੱਕ ਕਰੋੜ ਯੂਰੋ (ਤਕਰੀਬਨ 100 ਕਰੋੜ ਰੁਪਏ) ਅਤੇ ਸੈਮਸੰਗ 'ਤੇ 50 ਲੱਖ ਯੂਰੋ (ਤਕਰੀਬਨ 50 ਕਰੋੜ ਰੁਪਏ) ਦਾ ਜ਼ੁਰਮਾਨਾ ਕੀਤਾ ਗਿਆ। 2020 ਵਿੱਚ ਫਰਾਂਸ ਨੇ ਵੀ ਇਸੇ ਕਾਰਨ ਐਪਲ 'ਤੇ ਢਾਈ ਕਰੋੜ ਯੂਰੋ (ਤਕਰੀਬਨ ਢਾਈ ਅਰਬ ਰੁਪਏ) ਦਾ ਜ਼ੁਰਮਾਨਾ ਲਗਾਇਆ ਸੀ ਤੇ 2024 ਦੌਰਾਨ ਐਪਲ ਨੂੰ ਅਮਰੀਕਾ ਵਿੱਚ ਵੀ ਗਾਹਕਾਂ ਨੂੰ ਇਸੇ ਕਾਰਨ 50 ਕਰੋੜ ਡਾਲਰ (ਤਕਰੀਬਨ 40 ਅਰਬ ਰੁਪਏ) ਦੇਣੇ ਪਏ ਸਨ। ਪਰ ਇਹ ਤਰੀਕਾ ਕੋਈ ਨਵਾਂ ਨਹੀਂ ਹੈ।

ਕਰੀਬ 100 ਸਾਲ ਪਹਿਲਾਂ ਬਿਜਲੀ ਦੇ ਬਲਬ ਬਣਾਉਣ ਵਾਲੀਆਂ ਕੰਪਨੀਆਂ ਨੇ ਵੀ ਇਹ ਢੰਗ ਅਪਣਾਇਆ ਸੀ। ਪਹਿਲਾਂ ਉਹ ਅਜਿਹੇ ਬਲਬ ਬਣਾਉਂਦੇ ਸਨ ਜੋ ਲੰਬਾ ਸਮਾਂ ਚੱਲਦੇ ਸਨ ਜਿਸ ਕਾਰਨ ਉਨ੍ਹਾਂ ਦਾ ਮੁਨਾਫਾ ਬਹੁਤ ਘਟ ਗਿਆ ਸੀ। ਫਿਰ ਉਨ੍ਹਾਂ ਨੇ ਇੱਕ ਗੁਪਤ ਸਮਝੌਤਾ ਕੀਤਾ ਤੇ ਅਜਿਹੇ ਬਲਬ ਬਣਾਉਣੇ ਸ਼ੁਰੂ ਕਰ ਦਿੱਤੇ ਜੋ ਤਿੰਨ ਚਾਰ ਮਹੀਨੇ ਤੋਂ ਵੱਧ ਨਹੀਂ ਸੀ ਚੱਲਦੇ। ਹੁਣ ਫਰਿੱਜ, ਮਾਈਕਰੋਵੇਵ ਅਤੇ ਵਾਸ਼ਿੰਗ ਮਸ਼ੀਨਾਂ ਆਦਿ ਬਣਾਉਣ ਵਾਲੀਆਂ ਕੰਪਨੀਆਂ ਨੇ ਵੀ ਇਹ ਨੀਤੀ ਅਪਣਾ ਲਈ ਹੈ। ਇਨ੍ਹਾਂ ਵਿੱਚੋਂ ਜਿਆਦਾਤਰ 6 – 7 ਸਾਲ ਤੋਂ ਬਾਅਦ ਖਰਾਬ ਹੋਣਾ ਸ਼ੁਰੂ ਹੋ ਜਾਂਦੇ ਹਨ। ਜੇ ਆਪਣੇ ਮਾਪਿਆਂ ਨੂੰ ਪੁੱਛਿਆ ਜਾਵੇ ਤਾਂ ਪਤਾ ਚੱਲਦਾ ਹੈ ਕਿ ਉਨ੍ਹਾਂ ਦੇ ਜ਼ਮਾਨੇ ਵਿੱਚ ਫਰਿੱਜ ਅਤੇ ਵਾਸ਼ਿੰਗ ਮਸ਼ੀਨਾਂ ਆਦਿ ਸਾਲ ਦਰ ਸਾਲ ਚੱਲਦੇ ਸਨ। ਮੇਰੇ ਜਨਮ (1965) ਵੇਲੇ ਖਰੀਦਿਆ ਗਿਆ ਉਸ਼ਾ ਕੰਪਨੀ ਦਾ ਛੱਤ ਵਾਲਾ ਪੱਖਾ ਹੁਣ ਤੱਕ ਵੀ ਠੀਕ ਠਾਕ ਚੱਲ ਰਿਹਾ ਹੈ। ਕੰਪਨੀਆਂ ਦੀਆਂ ਇਨ੍ਹਾਂ ਮਨ ਮਾਨੀਆਂ ਨੂੰ ਸਿਰਫ ਸਰਕਾਰਾਂ ਹੀ ਨੱਥ ਪਾ ਸਕਦੀਆਂ ਹਨ।

ਮਿਸਾਲ ਦੇ ਤੌਰ 'ਤੇ 2021 ਵਿੱਚ ਯੂਰਪੀਨ ਯੂਨੀਅਨ ਨੇ ਰਾਈਟ ਟੂ ਰਿਪੇਅਰ ਕਾਨੂੰਨ ਪਾਸ ਕੀਤਾ ਸੀ ਜਿਸ ਅਨੁਸਾਰ ਕੰਪਨੀਆਂ ਨੂੰ ਪਾਬੰਦ ਕੀਤਾ ਗਿਆ ਸੀ ਕਿ ਉਨ੍ਹਾਂ ਨੂੰ ਕਿਸੇ ਵੀ ਵਸਤੂ ਨੂੰ ਬਣਾਉਣ ਤੋਂ ਲੈ ਕੇ ਦਸ ਸਾਲ ਤੱਕ ਉਸ ਦੇ ਸਪੇਅਰ ਪਾਰਟ ਮੁਹੱਈਆ ਕਰਵਾਉਣੇ ਪੈਣਗੇ। ਕਿਸੇ ਵੀ ਵਸਤੂ ਨੂੰ ਘਰ ਵਿੱਚ ਹੀ ਰਿਪੇਅਰ ਕਰਨਾ ਅਸਾਨ ਹੋਣਾ ਚਾਹੀਦਾ ਹੈ। ਜੋ ਵੀ ਨਟ ਬੋਲਟ ਅਤੇ ਕਿੱਲ ਕਾਂਟੇ ਆਦਿ ਵਰਤੇ ਜਾਣ, ਉਹ ਅਸਾਨੀ ਨਾਲ ਸੰਸਾਰ ਦੇ ਹਰ ਦੇਸ਼ ਵਿੱਚ ਮਿਲਦੇ ਹੋਣੇ ਚਾਹੀਦੇ ਹਨ। ਜੇ ਗਾਹਕ ਉਸ ਵਸਤੂ ਦੀ ਰਿਪੇਅਰ ਖੁਦ ਕਰੇ ਜਾਂ ਆਪਣੀ ਮਰਜ਼ੀ ਦੇ ਮੈਕੇਨਿਕ ਤੋਂ ਕਰਵਾਏ, ਵਾਰੰਟੀ ਖਤਮ ਨਹੀਂ ਕੀਤੀ ਜਾ ਸਕਦੀ। ਇਸ ਕਾਨੂੰਨ ਅਧੀਨ ਐਪਲ ਨੂੰ ਵੀ ਆਪਣੇ ਫੋਨ ਚਾਰਜ਼ ਕਰਨ ਲਈ ਯੂਨੀਵਰਸਲ ਚਾਰਜ਼ਰ ਵਰਤਣਾ ਸ਼ੁਰੂ ਕਰਨਾ ਪਿਆ ਹੈ ਜੋ ਸੈਮਸੰਗ ਆਦਿ ਦੁਨੀਆਂ ਦੀਆਂ ਬਾਕੀ ਕੰਪਨੀਆਂ ਵਰਤ ਰਹੀਆਂ ਹਨ। ਪੱਛਮੀ ਦੇਸ਼ਾਂ ਵਿੱਚ ਗਾਹਕ ਬਹੁਤ ਜਾਗਰੂਕ ਹਨ, ਉਹ ਕੰਪਨੀਆਂ ਦੀ ਥੋੜ੍ਹੀ ਜਿਹੀ ਬੇਈਮਾਨੀ ਕਰਨ 'ਤੇ ਹੀ ਕੇਸ ਕਰ ਦਿੰਦੇ ਹਨ। ਪਰ ਭਾਰਤ ਵਰਗੇ ਦੇਸ਼ਾਂ ਵਿੱਚ ਅਨਪੜ੍ਹਤਾ ਅਤੇ ਆਪਣੇ ਹੱਕਾਂ ਦੀ ਜਾਣਕਾਰੀ ਨਾ ਹੋਣ ਕਾਰਨ ਲੋਕ ਚੁੱਪ ਚਾਪ ਇਨ੍ਹਾਂ ਕੰਪਨੀਆਂ ਦੇ ਜ਼ੁਲਮ ਸਹਿ ਰਹੇ ਹਨ। ਇਹ ਹੁਣ ਕੇਂਦਰ ਅਤੇ ਸੂਬਾਈ ਸਰਕਾਰਾਂ ਦੀ ਜ਼ਿੰਮੇਵਾਰੀ ਹੈ ਕਿ ਉਹ ਇਸ ਸਬੰਧੀ ਸਖਤ ਕਾਨੂੰਨ ਬਣਾਉਣ ਤੇ ਆਮ ਜਨਤਾ ਦੇ ਹੱਕਾਂ ਦੀ ਰਾਖੀ ਕਰਨ।



ਬਲਰਾਜ ਸਿੰਘ ਸਿੱਧੂ ਏ.ਆਈ.ਜੀ. (ਰਿਟਾ)
ਪੰਡੋਰੀ ਸਿੱਧਵਾਂ 9501100062

# ਮਲਿਆਲੀ ਰੂਹ ਤੇ ਸੁਰ ਪੰਜਾਬੀ : ਰੰਜਨਾ ਭੱਟੀ

## ਹਰੇਕ ਨਵੇਂ ਸਾਲ ਮੌਕੇ ਦੂਰਦਰਸ਼ਨ ਕੇਂਦਰ ਜਲੰਧਰ ਦਾ ਪ੍ਰੋਗਰਾਮ ਉਨ੍ਹਾਂ ਦੇ ਗੀਤ ਤੋਂ ਬਿਨਾਂ ਅਧੂਰਾ ਮੰਨਿਆ ਜਾਂਦਾ ਸੀ



ਸੱਭਿਆਚਾਰ ਤੇ ਸੰਗੀਤ ਲਈ ਪੰਜਾਬ ਦੀ ਧਰਤੀ ਹਮੇਸ਼ਾ ਹੀ ਭਰਪੂਰ ਰਹੀ ਹੈ। ਜਿੱਥੇ ਇੱਕ ਪਾਸੇ ਲੋਕਾਂ ਨੇ ਰੀਤ-ਰਿਵਾਜਾਂ ਤੇ ਪਰੰਪਰਾਵਾਂ ਨੂੰ ਆਪਣੀ ਰੂਹ ਵਿੱਚ ਵਸਾਇਆ, ਉੱਥੇ ਹੀ ਦੂਜੇ ਪਾਸੇ ਕਲਾਕਾਰਾਂ ਨੇ ਆਪਣੇ ਹੌਸਲੇ, ਜਜ਼ਬੇ ਅਤੇ ਸੁਰਾਂ ਰਾਹੀਂ ਇਸ ਮਿੱਟੀ ਦੀ ਮਹਿਕ ਨੂੰ ਵਿਸ਼ਵ ਪੱਧਰ ਤੱਕ ਪਹੁੰਚਾਇਆ ਹੈ। ਰੇਡੀਓ ਸਟੇਸ਼ਨ ਅਤੇ ਦੂਰਦਰਸ਼ਨ ਵਰਗੇ ਮਾਧਿਅਮਾਂ ਨੇ ਆਪਣੇ ਸੁਨਿਹਰੀ ਯੁੱਗ 'ਚ ਅਨੇਕਾਂ ਹੀ ਅਜਿਹੇ ਕਵੀਆਂ ਅਤੇ ਗਾਇਕਾਂ ਨੂੰ ਲੋਕਾਂ ਤੱਕ ਪਹੁੰਚਾਇਆ ਜੋ ਕਦੇ ਕਿਸੇ ਗੁੰਮਨਾਮੀ ਦੇ ਕੋਨੇ ਵਿਚ ਸੀ। ਇਨ੍ਹਾਂ ਕਲਾਕਾਰਾਂ ਵਿਚੋਂ ਇੱਕ ਨਾਂ ਹੈ, ਰੰਜਨਾ ਭੱਟੀ।

ਰੰਜਨਾ ਭੱਟੀ ਉਹ ਸੁਰੀਲੀ ਅਵਾਜ਼, ਜਿਸ ਨੇ ਨਾ ਸਿਰਫ਼ ਪੰਜਾਬੀ ਸੰਗੀਤ ਨੂੰ ਨਵੇਂ ਆਸਮਾਨ ਦਿੱਤੇ, ਸਗੋਂ ਸੱਭਿਆਚਾਰਕ ਏਕਤਾ ਦਾ ਇਕ ਉੱਤਮ ਨਮੂਨਾ ਵੀ ਕਾਇਮ ਕੀਤਾ। ਉਹ ਕੇਰਲ ਸੂਬੇ ਦੀ ਹੋਣ ਦੇ ਬਾਵਜੂਦ ਵੀ ਪੰਜਾਬੀ ਲੋਕ ਗੀਤਾਂ ਵਿੱਚ ਆਪਣੀ ਵਖਰੀ ਪਛਾਣ ਬਣਾਉਣ ਵਿੱਚ ਕਾਮਯਾਬ ਰਹੀ। ਮਲਿਆਲਮ ਮਾਂ ਬੋਲੀ ਹੋਣ ਦੇ ਬਾਵਜੂਦ, ਉਨ੍ਹਾਂ ਦਾ ਪੰਜਾਬੀ ਉਚਾਰਣ, ਲਹਿਜ਼ਾ ਅਤੇ ਜਜ਼ਬਾਤ ਐਵੇਂ ਪ੍ਰਕਟ ਹੁੰਦੇ ਸਨ ਜਿਵੇਂ ਉਹ ਪੰਜਾਬ ਦੀਆਂ ਗਲੀਆਂ ਵਿੱਚ ਹੀ ਖੇਡਦੀ ਰਹੀ ਹੋਵੇ।

ਰੰਜਨਾ ਭੱਟੀ ਜਿੰਨ੍ਹਾ ਦਾ ਜਨਮ ਇਕ ਫ਼ੌਜੀ ਪ੍ਰੀਵਾਰ 'ਚ ਪਿਤਾ ਜਗਨ ਨਾਥ ਅਤੇ ਮਾਤਾ ਚਿੰਨਮਾ ਦੇ ਘਰ 13 ਮਈ 1951 ਨੂੰ ਹੋਇਆ। ਲਤਾ ਮੰਗੇਸ਼ਕਰ ਤੇ ਸੁਰਿੰਦਰ ਕੌਰ ਦੀ ਪ੍ਰੇਰਣਾ ਸਦਕਾ ਅਤੇ ਚਰਨ ਦਾਸ ਸਫ਼ਰੀ ਤੋਂ ਸੰਗੀਤ ਦੀ ਸਿੱਖਿਆ ਹਾਸਲ ਕਰ ਇਨ੍ਹਾਂ ਨੇ ਆਪਣੇ ਸੰਗੀਤਕ ਯਾਤਰਾ ਦੀ ਸ਼ੁਰੂਆਤ ਆਲ ਇੰਡੀਆ ਰੇਡੀਓ ਤੋਂ ਕੀਤੀ, ਜਿੱਥੇ ਉਨ੍ਹਾਂ ਨੇ ਪਹਿਲੀ ਵਾਰੀ "ਮਾਇਆ" ਗੀਤ ਰਾਹੀਂ ਆਪਣੇ ਸੁਰੀਲੇ ਸਫ਼ਰ ਦੀ ਬੁਨਿਆਦ ਰੱਖੀ। ਪਰ ਅਸਲ ਪਛਾਣ ਉਨ੍ਹਾਂ ਨੂੰ 1975 ਵਿੱਚ ਉਦੋਂ ਮਿਲੀ, ਜਦੋਂ ਦੂਰਦਰਸ਼ਨ ਕੇਂਦਰ ਅੰਮ੍ਰਿਤਸਰ ਤੋਂ "ਵਗਦੀ ਸੀ ਰਾਵੀ, ਵਿਚ ਸੁਰਮਾ ਕੀਹਨੇ ਡੋਲਿਆ" ਵਰਗੇ ਲੋਕ ਪਸੰਦ ਗੀਤ ਰਾਹੀਂ ਦਰਸ਼ਕਾਂ ਦੇ ਦਿਲਾਂ ਵਿੱਚ ਥਾਂ ਬਣਾਈ।

ਇਸ ਤੋਂ ਬਾਅਦ ਰੰਜਨਾ ਨੇ ਕਦੇ ਪਿੱਛੇ ਮੁੜਕੇ ਨਹੀਂ ਦੇਖਿਆ। ਹਰੇਕ ਨਵੇਂ ਸਾਲ ਮੌਕੇ ਦੂਰਦਰਸ਼ਨ ਕੇਂਦਰ ਜਲੰਧਰ ਦਾ ਪ੍ਰੋਗਰਾਮ ਉਨ੍ਹਾਂ ਦੇ ਗੀਤ ਤੋਂ ਬਿਨਾਂ ਅਧੂਰਾ ਮੰਨਿਆ ਜਾਂਦਾ ਸੀ। ਦੂਰਦਰਸ਼ਨ ਦੇ ਸੁਨਹਿਰੀ ਦਿਨਾਂ 'ਚ ਗਾਇਕਾ ਰੰਜਨਾ ਭੱਟੀ ਵਲੋਂ ਗਾਏ ਗੀਤ ਜਿਵੇਂ,"ਦਿਲ ਲੈ ਗਿਆ ਨੀ ਕੋਈ ਦਿਲ ਲੈ ਗਿਆ", "ਰਾਂਝਾ ਜੋਗੀ ਹੋਇਆ", "ਮੈਨੂੰ ਸੁਰਮੇ ਦੀ ਡੱਬੀ ਵਿਚ ਰੱਖ ਮੁੰਡਿਆ", ਉਡੂ ਉਡੂ ਕਰੇ ਮੇਰਾ ਜੀਅ ਨੀਂ ਸਹੇਲੀਓ" ਵਰਗੇ ਗੀਤ ਸੁਣਨ ਵਾਲਿਆਂ ਦੇ ਦਿਲਾਂ 'ਚ ਵੱਖਰਾ ਹੀ ਪਿਆਰ ਜਗਾਉਂਦੇ ਸਨ। ਪਰਦੇ ਦੇ ਪਿੱਛੇ ਰਹਿ ਕੇ ਗਾਉਣ ਵਾਲੀ ਇਸ ਗਾਇਕਾ ਦੀ ਆਵਾਜ਼ ਨੇ ਇੰਨਾ ਜਾਦੂ ਕੀਤਾ ਕਿ ਪੰਜਾਬੀ ਫ਼ਿਲਮਾਂ ਦੀਆਂ ਚਰਚਿਤ ਅਦਾਕਾਰਾਵਾਂ ਉਸ ਦੇ ਗੀਤਾਂ 'ਤੇ ਅਪਣੀ ਅਦਾ ਨਿਖਾਰਨ ਨੂੰ ਇੱਜ਼ਤ ਸਮਝਦੀਆਂ ਸਨ। ਕਾਲਜਾਂ ਵਿਚ ਵਿਦਿਆਰਥਣਾਂ ਵੱਲੋਂ ਉਨ੍ਹਾਂ ਦੇ ਗੀਤਾਂ 'ਤੇ ਆਧਾਰਤ ਥੀਮ ਆਈਟਮ ਪੇਸ਼ ਕਰਨਾ ਇੱਕ ਪ੍ਰਚਲਿਤ ਰਿਵਾਜ ਹੀ ਬਣ ਗਿਆ ਸੀ।

ਉਨ੍ਹਾਂ ਦੀ ਗਾਇਕੀ ਸਿਰਫ਼ ਮਨੋਰੰਜਨ ਤੱਕ ਸੀਮਤ ਨਹੀਂ ਸੀ, ਸਗੋਂ ਉਸ ਵਿਚ ਪੰਜਾਬੀ ਸੱਭਿਆਚਾਰ, ਰਿਸ਼ਤੇ, ਭਾਵਨਾਵਾਂ ਅਤੇ ਸਮਾਜਿਕ ਸੰਦੇਸ਼ ਵੀ ਝਲਕਦੇ ਸਨ। ਨੰਦ ਲਾਲ ਨੂਰਪੁਰੀ, ਸ਼ਿਵ ਕੁਮਾਰ ਬਟਾਲਵੀ, ਸੁਰਜੀਤ ਪਾਤਰ, ਸ਼ਮਸ਼ੇਰ ਸੰਧੂ, ਬਾਬੂ ਸਿੰਘ ਮਾਨ,ਅਮਰੀਕ ਤਲਵੰਡੀ ਆਦਿ ਵਰਗੇ ਮਹਾਨ ਗੀਤਕਾਰਾਂ ਦੀਆਂ ਰਚਨਾਵਾਂ ਨੂੰ ਉਨ੍ਹਾਂ ਨੇ ਆਪਣੇ ਸੁਰਾਂ ਰਾਹੀਂ ਅਮਰ ਕਰ ਦਿੱਤਾ।

ਸਕੂਲੀ ਪੜ੍ਹਾਈ ਨਾ ਦੇ ਬਰਾਬਰ ਹੋਣ ਦੇ ਬਾਵਜੂਦ ਵੀ ਰੰਜਨਾ ਨੇ ਕੇਵਲ ਪੰਜਾਬੀ ਹੀ ਨਹੀਂ, ਸਗੋਂ ਹਿੰਦੀ, ਡੋਗਰੀ, ਮਲਿਆਲਮ ਅਤੇ ਬੰਗਾਲੀ ਭਾਸ਼ਾਵਾਂ ਵਿੱਚ ਵੀ ਗੀਤ, ਗ਼ਜ਼ਲਾਂ, ਭਜਨ ਆਦਿ ਦਾ ਗਾਇਨ ਕਰ ਭਾਸ਼ਾਈ ਏਕਤਾ ਦਾ ਸੰਦੇਸ਼ ਦਿੱਤਾ। ਉਨ੍ਹਾਂ ਨੇ ਕੇਂਦਰ ਸਰਕਾਰ ਵਲੋਂ ਰਜਿਸਟਰਡ ਗਰੁੱਪ ਰਾਹੀਂ ਆਪਣੇ ਫ਼ੌਜੀ ਭਰਾਵਾਂ ਲਈ ਭਾਵਨਾਤਮਕ ਗੀਤ ਗਾ ਕੇ ਰਾਸ਼ਟਰ ਸੇਵਾ ਨੂੰ ਸਨਮਾਨ ਵੀ ਦਿੱਤਾ।

ਉਨ੍ਹਾਂ ਦੀ ਸਫਲਤਾ ਦੇ ਪਿੱਛੇ ਪਰਿਵਾਰਕ ਸਹਿਯੋਗ ਦੀ ਇੱਕ ਵੱਡੀ ਤਾਕਤ ਸੀ। ਉਨ੍ਹਾਂ ਦੇ ਪਤੀ ਸਵ: ਮੇਵੀ ਭੱਟੀ ਨੇ ਹਮੇਸ਼ਾ ਹੀ ਉਨ੍ਹਾਂ ਦੇ ਸੰਗੀਤਕ ਯਤਨਾਂ ਵਿਚ ਸਾਥ ਦਿੱਤਾ ਅਤੇ ਅੱਗੇ ਵਧਣ ਦਾ ਹੌਸਲਾ ਦਿੱਤਾ।

ਅੱਜ 75 ਸਾਲ ਦੀ ਉਮਰ ਵਿੱਚ ਰੰਜਨਾ ਭੱਟੀ ਜਲੰਧਰ ਵਿਖੇ ਆਪਣੀ ਧੀ-ਜ਼ਵਾਈ ਨਾਲ ਰਹਿ ਰਹੇ ਹਨ ਹੈ। ਉਨ੍ਹਾਂ ਦਾ ਘਰ ਇਨਾਮਾਂ, ਸਨਮਾਨਾਂ, ਯਾਦਗਾਰ ਤਸਵੀਰਾਂ ਅਤੇ ਪੁਰਾਣੀਆਂ ਐਚ.ਐਮ.ਵੀ. ਰਿਕਾਰਡਿੰਗ ਕੈਸਟਾ ਨਾਲ ਸਜਿਆ ਹੋਇਆ ਹੈ। ਲੱਗਭਗ ਤੀਹ ਫ਼ਿਲਮਾਂ ਦੀ ਗਾਇਕਾ ਹੋਣ ਦੇ ਨਾਲ-ਨਾਲ ਰੰਜਨਾ ਭੱਟੀ ਦੀ ਸੁਰੀਲੀ ਆਵਾਜ਼ ਅੱਜ ਵੀ ਰੇਡੀਓ, ਦੂਰਦਰਸ਼ਨ ਅਤੇ ਸੱਭਿਆਚਾਰਕ ਪ੍ਰੋਗਰਾਮਾਂ 'ਚ ਗੂੰਜਦੀ ਹੈ। ਉਹ ਅਜੇ ਵੀ ਕਈ ਨਵੇਂ ਗਾਇਕਾਂ ਲਈ ਰੋਸ਼ਨੀ ਦੀ ਕਿਰਨ ਹਨ। ਉਨ੍ਹਾਂ ਦੀ ਜ਼ਿੰਦਗੀ ਇਹ ਸਾਬਤ ਕਰਦੀ ਹੈ ਕਿ ਲਗਨ ਨਾਲ ਭਰਿਆ ਮਨ ਕਿਸੇ ਵੀ ਰੁਕਾਵਟ, ਇੱਥੋਂ ਤੱਕ ਕਿ ਭਾਸ਼ਾ ਨੂੰ ਵੀ ਪਾਰ ਕਰ ਸਕਦਾ ਹੈ। ਉਹ ਸਿਰਫ਼ ਗਾਇਕਾ ਨਹੀਂ,ਉਹ ਇੱਕ ਸੱਭਿਆਚਾਰਕ ਰੂਪ ਰਾਹੀਂ ਕੇਰਲ ਤੋਂ ਪੰਜਾਬ ਅਤੇ ਉਥੋਂ ਆਸਟ੍ਰੇਲੀਆ, ਅਮਰੀਕਾ, ਕਨੈਡਾ ਤੱਕ ਸੰਗੀਤ ਦੀ ਮਹਿਕ ਫੈਲਾਉਣ ਵਾਲੀ ਰੂਹ ਹੈ।



ਬਲਦੇਵ ਸਿੰਘ ਬੇਦੀ
ਜਲੰਧਰ, 90419-25181

# ਡਿਪਰੈਸ਼ਨ ਇੱਕ ਘਾਤਕ ਬੀਮਾਰੀ

ਡਿਪਰੈਸ਼ਨ ਇੱਕ ਘਾਤਕ ਬੀਮਾਰੀ ਹੈ। ਇਹ ਇਕ ਤਰ੍ਹਾਂ ਨਾਲ ਜੀਵਨ ਪ੍ਰਤੀ ਉਦਾਸੀਨਤਾ ਹੈ। ਭਾਰਤੀ ਸਮਾਜ ਇਸ ਨੂੰ ਬਹੁਤ ਹਲਕੇ ਵਿਚ ਲੈ ਰਿਹਾ ਹੈ। ਪਹਿਲੀ ਗੱਲ ਤਾਂ ਸਾਨੂੰ ਪਤਾ ਹੀ ਨਹੀਂ ਕਿ ਡਿਪ੍ਰੈਸ਼ਨ ਹੁੰਦਾ ਕੀ ਹੈ। ਅਸੀਂ ਤਣਾਅ ਨੂੰ ਹੀ ਡਿਪਰੇਸ਼ਨ ਸਮਝੀ ਬੈਠੇ ਹਾਂ। ਜਿਸ ਕਿਸੇ ਨੂੰ ਵੀ ਥੋੜ੍ਹਾ ਜਿਹਾ ਤਣਾਅ ਹੁੰਦਾ ਹੈ ਉਹ ਅਕਸਰ ਇਹ ਕਹਿੰਦਾ ਹੈ ਕਿ ਮੈਨੂੰ ਡਿਪਰੇਸ਼ਨ ਹੈ ਜਾਂ ਉਸ ਦੇ ਆਲੇ ਦੁਆਲੇ ਵਾਲੀ ਕਹਿੰਦੇ ਹਨ ਕਿ ਇਸ ਨੂੰ ਡਿਪਰੈਸ਼ਨ ਹੈ। ਜਦਕਿ ਡਿਪਰੈਸ ਹੋਣਾ ਤੇ ਡਿਪਰੈਸ਼ਨ ਹੋਣਾ ਅਲੱਗ ਗੱਲਾਂ ਹਨ।

ਸਾਡੀ ਮਾਨਸਿਕ ਸਿਹਤ ਵਿੱਚ ਦੋ ਗੱਲਾਂ ਬਹੁਤ ਧਿਆਨ ਦੇਣ ਵਾਲੀਆਂ ਹਨ। ਪਹਿਲੀ ਜਦੋਂ ਅਸੀਂ ਆਪਣੇ ਆਲੇ ਦੁਆਲੇ ਪ੍ਰਤੀ ਉਦਾਸੀਨ ਹੋ ਜਾਂਦੇ ਹਾਂ ਅਤੇ ਉਨ੍ਹਾਂ ਗੱਲਾਂ ਪ੍ਰਤੀ ਧਿਆਨ ਨਹੀਂ ਦਿੰਦੇ। ਆਪਣੇ ਆਪ ਪ੍ਰਤੀ ਵੀ ਧਿਆਨ ਨਹੀਂ ਦਿੰਦੇ। ਇਹ ਡਿਪਰੈਸ਼ਨ ਦਾ ਲੱਛਣ ਹੈ। ਦੂਸਰਾ ਹੈ ਜਦੋਂ ਅਸੀਂ ਕਿਸੇ ਗੱਲ ਵੱਲ ਲੋੜ ਤੋਂ ਵੱਧ ਧਿਆਨ ਦਿੰਦੇ ਹਾਂ। ਇਹ ਦਰਅਸਲ ਐਂਗਜਾਇਟੀ ਹੈ ਜਿੱਥੇ ਅਸੀਂ ਜ਼ਰੂਰਤ ਤੋਂ ਵੱਧ ਕਿਸੇ ਗੱਲ ਨੂੰ ਸੋਚਦੇ ਵਿਚਾਰਦੇ ਹਾਂ। ਦੋਵੇਂ ਹੀ ਲੱਛਣ ਠੀਕ ਨਹੀਂ ਮਾਨਸਿਕ ਸਿਹਤ ਲਈ।

ਕਿਸੇ ਗੱਲ ਪ੍ਰਤੀ ਉਦਾਸੀਨ ਹੋ ਜਾਣਾ ਆਮ ਗੱਲ ਹੈ। ਕਿਸੇ ਆਪਣੇ ਨੂੰ ਗੁਆ ਦੇਣ ਤੋਂ ਬਾਅਦ,ਇਸੇ ਜਾਤੀ ਨੁਕਸਾਨ ਨਾ ਆਏ ਕੁਝ ਸਮੇਂ ਲਈ ਉਦਾਸੀਨ ਹੋਣਾ ਬਿਮਾਰੀ ਨਹੀਂ ਹੈ। ਪਰ ਲੰਬੇ ਸਮੇਂ ਤਕ ਉਦਾਸੀਨ ਰਹਿਣਾ ਅਤੇ ਓਸ ਉਦਾਸੀਨਤਾ ਵਿੱਚੋਂ ਨਿਕਲਣ ਦੀ ਕੋਸ਼ਿਸ਼ ਵੀ ਨਾ ਕਰਨਾ ਡਿਪਰੈਸ਼ਨ ਹੈ। ਇਸ ਵਿੱਚ ਹਾਲਾਤ ਸਾਡੇ ਸਾਹਮਣੇ ਹੁੰਦੇ ਹਨ ਜਿਨ੍ਹਾਂ ਪ੍ਰਤੀ ਸਾਡਾ ਰਵੱਈਆ ਉਦਾਸੀਨਤਾ ਭਰਿਆ ਹੁੰਦਾ ਹੈ।

ਇਸ ਦੇ ਵਿਪਰੀਤ ਐਂਗਜ਼ਾਇਟੀ ਵਿਚ ਕਿਸੇ ਛੋਟੇ ਜਿਹੇ ਮੁੱਦੇ ਤੇ ਬਹੁਤ ਜ਼ਿਆਦਾ ਮਹਿਸੂਸ ਕਰਨਾ,ਛੋਟੀ ਜਿਹੀ ਪ੍ਰੇਸ਼ਾਨੀ ਨੂੰ ਬਹੁਤ ਵੱਡੀ ਕਰਕੇ ਦੇਖਣਾ ,ਪੈਨਿਕ ਅਟੈਕ ਹੋਣਾ ਆਮ ਹੁੰਦਾ ਹੈ।

ਐਂਗਜ਼ਾਇਟੀ ਤੇ ਡਿਪਰੈਸ਼ਨ ਤੋਂ ਬਚਣ ਲਈ ਮਨੁੱਖ ਨੂੰ ਆਪਣੇ ਆਪ ਨੂੰ ਵਿਅਸਤ ਰੱਖਣਾ ਜ਼ਰੂਰੀ ਹੈ। ਆਪਣਾ ਕੋਈ ਸ਼ੌਕ ਜ਼ਰੂਰ ਰੱਖੋ। ਰੋਜ਼ਾਨਾ ਜੀਵਨ ਦੇ ਕੰਮਾਂ ਦੇ ਨਾਲ ਨਾਲ ਆਪਣੇ ਸ਼ੌਕ ਲਈ ਵੀ ਸਮਾਂ ਕੱਢੋ। ਦੂਜਿਆਂ ਦੀ ਭਲਾਈ ਲਈ ਕੁਝ ਨਾ ਕੁਝ ਜ਼ਰੂਰ ਕਰੋ। ਜ਼ਰੂਰਤ ਤੋਂ ਵੱਧ ਸੋਚਣ ਦੀ ਆਦਤ ਛੱਡ ਦਿਓ। ਇਹ ਆਸਾਨ ਨਹੀਂ ਪਰ ਜੇ ਤੁਸੀਂ ਚਾਹੋ ਤਾਂ ਹੌਲੀ ਹੌਲੀ ਆਪਣੇ ਆਪ ਨੂੰ ਬਦਲ ਸਕਦੇ ਹੋ। ਜਦੋਂ ਵੀ ਮਨ ਕਿਸੇ ਗਹਿਰੀ ਸੋਚ ਵੱਲ ਜਾਵੇ ਕੋਈ ਕੰਮ ਕਰਨਾ ਸ਼ੁਰੂ ਕਰ ਦਿਓ। ਰਚਨਾਤਮਕ ਕੰਮਾਂ ਵੱਲ ਧਿਆਨ ਦਿਓ।



ਐਂਗਜ਼ਾਇਟੀ ਅਤੇ ਡਿਪਰੈਸ਼ਨ ਬਹੁਤ ਘਾਤਕ ਹਨ। ਇਨ੍ਹਾਂ ਤੋਂ ਬਚਣ ਲਈ ਹਰ ਸੰਭਵ ਯਤਨ ਕਰੋ। ਚੰਗੇ ਮਿੱਤਰ ਬਣਾਓ ਅਤੇ ਵਿਸ਼ਵਾਸ ਦੇ ਰਿਸ਼ਤੇ ਕਾਇਮ ਕਰੋ। ਇਸ ਗੱਲ ਦਾ ਖਿਆਲ ਛੱਡ ਦਿਓ ਕਿ ਲੋਕ ਕੀ ਕਹਿਣਗੇ। ਲੋਕਾਂ ਦਾ ਕੰਮ ਉਨ੍ਹਾਂ ਨੂੰ ਕਰਨ ਦਿਓ। ਤੁਸੀਂ ਆਪਣਾ ਕੰਮ ਕਰਦੇ ਜਾਓ ਬਿਨਾਂ ਇਸ ਗੱਲ ਦੀ ਪਰਵਾਹ ਕੀਤੇ ਕਿ ਦੂਜੇ ਕੀ ਸੋਚ ਰਹੇ ਹਨ। ਤੁਹਾਡੀ ਮਾਨਸਿਕ ਸਿਹਤ ਤੁਹਾਡੀ ਸਰੀਰਕ ਸਿਹਤ ਨਾਲੋਂ ਜ਼ਿਆਦਾ ਜ਼ਰੂਰੀ ਹੈ। ਆਪਣੀ ਮਾਨਸਿਕ ਸਿਹਤ ਦਾ ਖਿਆਲ ਰੱਖੋ।

ਜਿਸ ਵੀ ਕਲਾ ਵਿੱਚ ਤੁਹਾਡੀ ਰੁਚੀ ਹੈ ਉਸ ਲਈ ਕੁਝ ਸਮਾਂ ਜ਼ਰੂਰ ਕੱਢੋ। ਜੇਕਰ ਪਰੇਸ਼ਾਨੀ ਆਉਂਦੀ ਹੈ ਤਾਂ ਕਿਸੇ ਆਪਣੇ ਨਾਲ ਗੱਲ ਕਰੋ। ਗੱਲ ਕਰਕੇ ਜੇਕਰ ਸਮੱਸਿਆ ਦਾ ਹੱਲ ਨਹੀਂ ਨਿਕਲਦਾ ਤਾਂ ਪਰੇਸ਼ਾਨੀ ਤੋਂ ਜ਼ਰੂਰ ਘਟ ਜਾਂਦੀ ਹੈ। ਆਪਣੇ ਆਪ ਨੂੰ ਪਿਆਰ ਕਰੋ।

ਹਰਪ੍ਰੀਤ ਸੰਧੂ

# ਜ਼ਿੰਦਗੀ...



ਮੁਤਮਈਨ ਵੀ ਹਾਂ
ਤੇ ਵਿਹੂਣਾ ਵੀ
ਜ਼ਿੰਦਗੀ ਕਦੀ ਧੁੱਪ
ਕਦੀ ਛਾਂ
ਕਿਸੇ ਨੂੰ ਵੇਖ
ਜਾਪਦਾ ਮੇਰੇ ਕੋਲ ਕੁਝ ਵੀ ਨਹੀਂ
ਕਦੀ ਲੱਗਦਾ
ਬਹੁਤਿਆਂ ਨਾਲੋਂ ਚੰਗੀ ਥਾਂ
ਕਮੀਆਂ ਵੀ ਬੇਸ਼ੁਮਾਰ ਨੇ
ਕਿਹੜੀ ਕਿਹੜੀ ਗਿਣਾ
ਖ਼ੂਬੀਆਂ ਵੀ ਬਹੁਤ
ਕੀਹਦਾ ਨਾਂ ਲਵਾਂ
ਰੜਕਦੀ ਹੈ ਘਾਟ
ਕਿਸੇ ਅਜ਼ੀਜ਼ ਦੀ
ਵਧ ਰਿਹਾ ਹਰ ਰੋਜ਼
ਇਕੱਲਾ ਹਾਂ, ਤਾਂ
ਆਪਣਾ ਨਹੀਂ ਕੋਈ
ਕੋਈ ਗ਼ਮ ਨਹੀਂ
ਘੱਟ ਨਹੀਂ ਹੁੰਦਾ
ਗੈਰਾਂ ਦਾ ਸਾਥ ਵੀ
ਜਿਊਣਾ ਹੈ ਇਸ ਤਰ੍ਹਾਂ
ਕੋਈ ਮਲਾਲ ਨਹੀਂ ਹੈ
ਆਪਣਾ ਬੇਗਾਨਾ ਕੋਈ ਵੀ
ਤਾਂ ਨਾਲ ਨਹੀਂ ਹੈ।

ਹਰਪ੍ਰੀਤ ਸੰਧੂ

# ਉੱਡ ਉੱਡ ਚਿੜੀਏ ਨੀਂ...



ਜੋਗਿੰਦਰ ਕੌਰ ਅਗਨੀਹੋਤਰੀ

ਮਨੁੱਖ ਦਾ ਮਨ ਸਮੁੰਦਰ ਹੈ। ਜਿਵੇਂ ਸਮੁੰਦਰ ਦੀ ਥਾਹ ਨਹੀਂ ਪਾਈ ਜਾ ਸਕਦੀ, ਉਵੇਂ ਹੀ ਮਨੁੱਖ ਦੇ ਮਨ ਦੀ ਥਾਹ ਵੀ ਨਹੀਂ ਪਾਈ ਜਾ ਸਕਦੀ। ਸੰਵੇਦਨਸ਼ੀਲ ਵਿਅਕਤੀ ਕੁੱਝ ਨਾ ਕੁੱਝ ਸੋਚਦਾ ਹੀ ਰਹਿੰਦਾ ਹੈ। ਇਹ ਸੋਚਾਂ ਸੋਚ ਕੇ ਜਦੋਂ ਉਹ ਆਪਣੇ ਵਿਚਾਰ ਪ੍ਰਗਟ ਕਰਦਾ ਹੈ ਤਾਂ ਜੇਕਰ ਸੁਣਨ ਵਾਲਿਆਂ ਨੂੰ ਪਸੰਦ ਆ ਜਾਣ ਤਾਂ ਉਹ ਵਿਚਾਰ ਸਮਾਜ ਰੂਪੀ ਸੰਸਥਾ ਅਪਣਾਅ ਲੈਂਦੀ ਹੈ। ਕੁੜੀਆਂ ਦੀ ਚਿੜੀਆਂ ਨਾਲ ਤੁਲਨਾ ਕਰਨਾ ਵੀ ਮਨੁੱਖੀ ਮਨ ਦੀ ਸੰਵੇਦਨਾ ਹੈ। ਜਿਵੇਂ ਕੁੜੀਆਂ ਘਰਾਂ ਵਿੱਚ ਹੱਸਦੀਆਂ ਖੇਡਦੀਆਂ ਹਨ ਅਤੇ ਕਦੇ ਕਿਸੇ ਪਾਸੇ ਜਾਂਦੀਆਂ ਹਨ, ਕਦੇ ਕਿਸੇ ਪਾਸੇ ਜਾਂਦੀਆਂ ਹਨ ਉਵੇਂ ਹੀ ਚਿੜੀਆਂ ਇਕੱਠੀਆਂ ਹੋ ਕੇ ਚੀਂ ਚੀਂ ਕਰਦੀਆਂ ਤੇ ਆਪਣੇ ਆਪ ਹੀ ਦੂਰ ਉਡਾਰੀ ਮਾਰ ਜਾਂਦੀਆਂ ਹਨ। ਚਿੜੀਆਂ ਦੇ ਦੂਰ ਉਡਾਰੀ ਮਾਰਨ ਦੀ ਤੁਲਨਾ ਕੁੜੀਆਂ ਦੇ ਸਹੁਰੇ ਜਾਣ ਨਾਲ ਕੀਤੀ ਗਈ ਹੈ। ਆਮ ਤੌਰ 'ਤੇ ਇਹ ਗੀਤ ਵੀ ਗਾਇਆ ਜਾਂਦਾ ਹੈ;

ਸਾਡਾ ਚਿੜੀਆਂ ਦਾ ਚੰਬਾ ਵੇ
ਬਾਬੁਲ ਅਸਾਂ ਉੱਡ ਜਾਣਾ।
ਸਾਡੀ ਲੰਮੀ ਉਡਾਰੀ ਵੇ ਖੌਰੇ
ਕਿਹੜੇ ਦੇਸ਼ ਜਾਣਾ।

ਚਿੜੀਆਂ ਭਾਵੇਂ ਛੋਟੇ ਪੰਛੀ ਹਨ, ਪਰ ਸਾਰੇ ਪੰਛੀਆਂ ਵਿੱਚ ਇਨ੍ਹਾਂ ਦੀ ਵਿਸ਼ੇਸ਼ ਥਾਂ ਹੈ। ਚਿੜੀਆਂ ਵਿਹੜੇ ਦੀ ਰੌਣਕ ਹਨ। ਕੋਈ ਸਮਾਂ ਹੁੰਦਾ ਸੀ ਜਦੋਂ ਚਿੜੀਆਂ ਕੱਚੇ ਘਰਾਂ ਦੀਆਂ ਸਿਰਕੀ ਦੀਆਂ ਛੱਤਾਂ ਵਿੱਚ ਆਪਣੇ ਆਲ੍ਹਣੇ ਪਾਉਂਦੀਆਂ ਸਨ। ਚਿੜੀ ਤੇ ਚਿੜਾ ਦੋਵੇਂ ਹੀ ਰਲ ਕੇ ਇਹ ਆਲ੍ਹਣਾ ਬਣਾਉਂਦੇ ਅਤੇ ਫਿਰ ਉੱਥੇ ਰਹਿਣ ਬਸੇਰਾ ਕਰਦੇ। ਚਿੜੇ ਅਤੇ ਚਿੜੀ ਦੇ ਸਹਿਯੋਗ ਨਾਲ ਕੰਮ ਕਰਨ ਨੂੰ ਵੀ ਲੋਕਾਂ ਨੇ ਮਹਿਸੂਸ ਕੀਤਾ ਅਤੇ ਉਸ ਦੀ ਉਦਾਹਰਨ ਦਿੰਦੇ। ਭਾਵੇਂ ਇਹ ਉਦਾਹਰਨ ਮਜ਼ਾਕ ਵਿੱਚ ਹੀ ਹੈ;

ਦੇਖੀ ਯਾਰੀ ਚਿੜੇ ਚਿੜੀ ਦੀ
ਰਲ਼ ਕੇ ਛੱਤਣ ਪੱਟਣ।

ਚਿੜੀਆਂ ਸਵੇਰੇ ਸਵੇਰੇ ਹੀ ਉੱਠਦੀਆਂ ਅਤੇ ਚਹਿਚਹਾਉਂਦੀਆਂ ਹਨ। ਖੁੱਲ੍ਹੇ ਘਰਾਂ ਵਿੱਚ ਜਦੋਂ ਲੋਕ ਬਰਾਂਡਿਆਂ ਵਿੱਚ ਸੌਂਦੇ ਸਨ ਤਾਂ ਉਸ ਸਮੇਂ ਕੜੀਆਂ ਬਾਲਿਆਂ ਵਾਲੀ ਛੱਤ ਵਿੱਚ ਹੀ ਚਿੜੀਆਂ ਦੇ ਆਲ੍ਹਣੇ ਹੁੰਦੇ ਸਨ। ਜੇਕਰ ਛੱਤ ਗਾਡਰਾਂ ਵਾਲੀ ਹੁੰਦੀ ਤਾਂ ਵੀ ਚਿੜੀਆਂ ਦੇ ਜੋੜੇ ਗਾਡਰਾਂ 'ਤੇ ਰਾਤ ਕੱਟਦੇ, ਪਰ ਜੇਕਰ ਚਿੜੀ ਨੇ ਆਂਡੇ ਦਿੱਤੇ ਹੁੰਦੇ ਤਾਂ ਉਹ ਆਪਣੇ ਆਲ੍ਹਣੇ ਵਿੱਚ ਬੈਠਦੀ ਅਤੇ ਉਸ ਦਾ ਸਾਥੀ ਉਸ ਕੋਲ। ਅੰਦਰ ਬੈਠੀਆਂ ਚਿੜੀਆਂ ਨੂੰ ਕੋਈ ਵੀ ਉਠਾਉਂਦਾ ਨਹੀਂ ਸੀ, ਹਾਲਾਂਕਿ ਉਹ ਵਿੱਠਾਂ ਕਰਦੀਆਂ ਸਨ, ਪਰ ਕੱਚੀ ਥਾਂ ਭਾਵੇਂ ਉਹ ਲਿੱਪੀ ਵੀ ਹੁੰਦੀ, ਪਰ ਕੋਈ ਪਰਵਾਹ ਨਹੀਂ ਕਰਦਾ ਸੀ। ਪੰਛੀਆਂ ਨਾਲ ਲੋਕ ਪਿਆਰ ਕਰਦੇ ਸਨ।

ਬੱਚੇ ਪੰਛੀਆਂ ਨਾਲ ਇੰਨਾ ਪਿਆਰ ਕਰਦੇ ਸਨ ਕਿ ਉਨ੍ਹਾਂ ਦਾ ਇਨ੍ਹਾਂ ਨੂੰ ਫੜਨ ਨੂੰ ਜੀ ਕਰਦਾ। ਬੱਚੇ ਵਿਹੜੇ ਵਿੱਚ ਟੋਕਰਾ ਲਾ ਕੇ ਉਸ ਦੇ ਹੇਠਾਂ ਰੋਟੀ ਚੂਰ ਦਿੰਦੇ। ਟੋਕਰੇ ਹੇਠ ਡੰਡਾ ਲਾ ਕੇ ਡੰਡੇ ਨਾਲ ਦੂਰ ਤੱਕ ਜਾਣ ਵਾਲੀ ਰੱਸੀ ਬੰਨ੍ਹ ਲੈਂਦੇ ਅਤੇ ਜਦੋਂ ਚਿੜੀਆਂ ਰੋਟੀ ਖਾਂਦੀਆਂ ਜਾਂ ਚੋਗਾ ਚੁਗਦੀਆਂ ਤਾਂ ਉਸ ਰੱਸੀ ਨੂੰ ਖਿੱਚ ਲਿਆ ਜਾਂਦਾ ਅਤੇ ਟੋਕਰਾ ਡਿੱਗ ਪੈਂਦਾ। ਕੋਈ ਨਾ ਕੋਈ ਚਿੜੀ ਫਸ ਜਾਂਦੀ। ਫਿਰ ਉਸ 'ਤੇ ਚੁੰਨੀ ਦੇ ਕੇ ਉਸ ਨੂੰ ਬੜੇ ਧਿਆਨ ਨਾਲ ਬਾਹਰ ਕੱਢਿਆ ਜਾਂਦਾ ਅਤੇ ਫਿਰ ਉਸ 'ਤੇ ਰੰਗ ਲਾ ਕੇ ਉਸ ਨੂੰ ਉੜਾ ਦਿੱਤਾ ਜਾਂਦਾ। ਰੰਗੀ ਹੋਈ ਚਿੜੀ ਜਦ ਘਰ ਵਿੱਚ ਆਉਂਦੀ ਤਾਂ ਸਾਰੇ ਬੱਚੇ ਉਸ ਨੂੰ ਦੇਖ ਕੇ ਖ਼ੁਸ਼ ਹੁੰਦੇ, ਪਰ ਜਿਸ ਨੇ ਚਿੜੀ ਰੰਗੀ ਹੁੰਦੀ, ਉਸ ਨੂੰ ਇਉਂ ਲੱਗਦਾ ਸੀ ਜਿਵੇਂ ਉਸ ਚਿੜੀ 'ਤੇ ਉਸ ਦਾ ਹੀ ਹੱਕ ਹੋਵੇ।

ਚਿੜੀ ਭਾਵੇਂ ਖੇਤਾਂ ਵਿੱਚ ਚੋਗਾ ਚੁਗਦੀ ਹੈ, ਪਰ ਓਨਾ ਹੀ ਖਾਂਦੀ ਹੈ ਜਿੰਨੀ ਉਸ ਨੂੰ ਜ਼ਰੂਰਤ ਹੋਵੇ। ਉਹ ਚੋਗਾ ਜ਼ਿਆਦਾ ਜਮ੍ਹਾਂ ਨਹੀਂ ਕਰਦੀ। ਇਹ ਕਿਸਾਨ ਦੀ ਮਦਦ ਵੀ ਕਰਦੀ ਹੈ ਕਿਉਂਕਿ ਫ਼ਸਲਾਂ 'ਤੇ ਹਾਨੀਕਾਰਕ ਸੁੰਡੀਆਂ ਜਾਂ ਕੀੜਿਆਂ ਨੂੰ ਖਾਂਦੀ ਹੈ। ਉਂਜ ਤਾਂ ਇਹ ਕਹਾਵਤ ਵੀ ਪ੍ਰਚੱਲਿਤ ਹੈ ਕਿ 'ਅਬ ਪਛਤਾਏ ਕਿਆ ਹੋਇ ਜਬ ਚਿੜੀਆ ਚੁਗ ਗਈ ਖੇਤ' ਪਰ ਚਿੜੀਆਂ ਖੇਤ ਨਹੀਂ ਚੁਗਦੀਆਂ, ਉਹ ਤਾਂ ਸਿਰਫ਼ ਢਿੱਡ ਹੀ ਭਰਦੀਆਂ ਹਨ।

ਚਿੜੀਆਂ ਨਾਲ ਕੁੜੀਆਂ ਦੀ ਤੁਲਨਾ ਕਰਨੀ ਇੱਕ ਅਜਿਹੀ ਸੋਚ ਹੈ ਕਿ ਕੁੜੀਆਂ ਵੀ ਘਰੋਂ ਚਲੀਆਂ ਜਾਂਦੀਆਂ ਹਨ ਅਤੇ ਚਿੜੀਆਂ ਵੀ ਉਡਾਰੀ ਮਾਰ ਕੇ ਚਲੀਆਂ ਜਾਂਦੀਆਂ ਹਨ। ਇਸ ਧਾਰਨਾ ਅਨੁਸਾਰ ਕੁੜੀਆਂ ਦੇ ਦਿਮਾਗ਼ ਵਿੱਚ ਵੀ ਇਹ ਗੱਲ ਬੈਠ ਗਈ। ਕੁੜੀਆਂ ਨੂੰ ਵੀ ਚਿੜੀਆਂ ਚੰਗੀਆਂ ਲੱਗਣ ਲੱਗੀਆਂ ਅਤੇ ਲੋਕ ਗੀਤਾਂ ਵਿੱਚ ਉਹ ਇਨ੍ਹਾਂ ਦਾ ਜ਼ਿਕਰ ਕਰਦੀਆਂ ਤੇ ਇਨ੍ਹਾਂ ਨੂੰ ਇੰਜ ਕਹਿੰਦੀਆਂ;

ਉਡ ਉਡ ਚਿੜੀਏ ਨੀਂ
ਉੱਡ ਬਹਿ ਜਾ ਖਿੜਕੀ।
ਮੇਰੀ ਅੰਮੜੀ ਬਾਝੋਂ ਨੀਂ
ਮੈਂ ਸਭ ਨੇ ਝਿੜਕੀ।
ਮੇਰੇ ਬਾਬਲ ਦਿੱਤੜੀ ਦੂਰੇ
ਵੇ ਸੁਣ ਧਰਮੀ ਬਾਬਲਾ
ਪਰਦੇਸਣ ਬੈਠੀ ਝੂਰੇ।

ਜਦੋਂ ਕੋਈ ਮੁਟਿਆਰ ਆਪਣੇ ਮਾਪਿਆਂ ਜਾਂ ਭੈਣਾਂ ਭਰਾਵਾਂ ਦੇ ਵਿਜੋਗ ਵਿੱਚ ਆਪਣੇ ਆਪ ਨੂੰ ਇਕੱਲੀ ਜਿਹੀ ਮਹਿਸੂਸ ਕਰਦੀ ਹੈ ਤਾਂ ਉਹ ਆਪਣੇ ਮਨੋਭਾਵਾਂ ਨੂੰ ਇਸ ਤਰ੍ਹਾਂ ਪ੍ਰਗਟ ਕਰਦੀ;

ਉੱਡ ਉੱਡ ਚਿੜੀਏ ਨੀਂ
ਉੱਡ ਬਹਿ ਜਾ ਛੱਤ ਨੀਂ।
ਮੇਰੀ ਅੰਮੜੀ ਬਾਝੋਂ ਨੀਂ
ਕੌਣ ਭੇਜੇ ਖ਼ਤ ਨੀਂ।
ਮੇਰੇ ਬਾਬਲ ਦਿੱਤੜੀ ਦੂਰੇ
ਵੇ ਸੁਣ ਧਰਮੀ ਬਾਬਲਾ
ਪਰਦੇਸਣ ਬੈਠੀ ਝੂਰੇ।

ਇਹ ਪੰਛੀ ਸਭ ਦੇ ਮਨ ਨੂੰ ਭਾਉਂਦਾ ਹੈ। ਘਰ ਵਿੱਚ ਕੱਚੀਆਂ ਕੰਧਾਂ 'ਤੇ ਰੰਗ ਕਰਨ ਤੋਂ ਬਾਅਦ ਜਿੱਥੇ ਕੰਧਾਂ ਨੂੰ ਸਜਾਉਣ ਲਈ ਮੋਰ ਅਤੇ ਫੁੱਲ ਬੂਟੇ ਪਾਏ ਜਾਂਦੇ, ਉੱਥੇ ਚਿੜੀਆਂ ਵੀ ਨਾਲ ਪਾਈਆਂ ਜਾਂਦੀਆਂ। ਵੱਖ ਵੱਖ ਕਿਸਮ ਦੀਆਂ ਵੰਨਗੀਆਂ ਜਿਨ੍ਹਾਂ ਵਿੱਚ ਚਾਦਰਾਂ, ਸਿਰਹਾਣੇ, ਝੋਲੇ ਆਦਿ ਹੁੰਦੇ ਤਾਂ ਉਨ੍ਹਾਂ 'ਤੇ ਕਢਾਈ ਕਰਨ ਵੇਲੇ ਚਿੜੀਆਂ ਬਣਾਈਆਂ ਜਾਂਦੀਆਂ।

ਉਹ ਵੀ ਵੇਲਾ ਸੀ ਜਦੋਂ ਬੱਚਿਆਂ ਨੂੰ ਆਪਣੇ ਖਿਡਾਉਣੇ ਆਪ ਬਣਾਉਣੇ ਪੈਂਦੇ ਸਨ। ਬੱਚੇ ਖੇਡਣ ਲਈ ਮਿੱਟੀ ਦੇ ਖਿਡਾਉਣੇ ਆਪ ਬਣਾਉਂਦੇ ਸਨ। ਜਿਨ੍ਹਾਂ ਵਿੱਚ ਚੱਕੀ, ਚੁੱਲ੍ਹੇ ਅਤੇ ਹੋਰ ਚੀਜ਼ਾਂ ਦੇ ਨਾਲ ਨਾਲ ਚਿੜੀਆਂ ਅਤੇ ਮੋਰ ਵੀ ਬਣਾਏ ਜਾਂਦੇ। ਕਈ ਚੁਸਤ ਬੱਚੇ ਕੱਚੀ ਮਿੱਟੀ ਦੇ ਖਿਡਾਉਣਿਆਂ ਨੂੰ ਚੁੱਲ੍ਹੇ ਦੀ ਅੱਗ ਵਿੱਚ ਪਕਾ ਵੀ ਲੈਂਦੇ।

ਕਹਿੰਦੇ ਨੇ ਕਿ ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ। ਇਹੀ ਵਰਤਾਰਾ ਸਾਡੇ ਸਮਾਜਿਕ ਰਿਸ਼ਤਿਆਂ ਵਿੱਚ ਹੈ। ਸੋ ਭੂਆ ਨੂੰ ਆਪਣੇ ਭਤੀਜੇ ਬਹੁਤ ਪਿਆਰੇ ਹੁੰਦੇ ਹਨ। ਸਾਡੇ ਸੱਭਿਆਚਾਰ ਵਿੱਚ ਭੂਆ ਨੂੰ ਆਪਣੇ ਭਤੀਜਿਆਂ ਦਾ ਏਨਾ ਮੋਹ ਹੁੰਦਾ ਹੈ ਕਿ ਉਹ ਦੁਨੀਆ ਦੀ ਹਰ ਸਲਤਨਤ ਆਪਣੇ ਭਤੀਜਿਆਂ ਨੂੰ ਸੌਂਪ ਕੇ ਉਨ੍ਹਾਂ ਨੂੰ ਖ਼ੁਸ਼ ਕਰਨਾ ਚਾਹੁੰਦੀਆਂ ਹਨ। ਉਹ ਆਪਣੇ ਵੱਲੋਂ ਵੀ ਉਨ੍ਹਾਂ ਨੂੰ ਖ਼ੁਸ਼ ਕਰਨ ਲਈ ਹਰ ਵਾਹ ਲਾਉਂਦੀਆਂ ਹਨ। ਭੂਆ ਆਪਣੇ ਭਤੀਜਿਆਂ ਲਈ ਕਦੇ ਧਾਗਿਆਂ ਦੀ ਪਹੁੰਚੀ ਬਣਾਉਂਦੀ ਹੈ ਅਤੇ ਕਦੇ ਤੜਾਗੀ। ਕਦੇ ਉਹ ਉਸ ਲਈ ਡਮਰੂ ਬਣਾਉਂਦੀ ਹੈ ਤੇ ਕਦੇ ਉਸ ਲਈ ਛਣਕਣਾ। ਕਦੇ ਉਸ ਲਈ ਮੋਰ ਬਣਾ ਕੇ ਦਿੰਦੀ ਹੈ ਕਦੇ ਚਿੜੀ। ਭੂਆ ਤਾਂ ਆਪਣੇ ਭਤੀਜੇ ਲਈ ਕੱਪੜੇ ਲੀੜੇ ਦੀਆਂ ਚਿੜੀਆਂ ਤੋਂ ਬਿਨਾਂ ਆਟੇ ਦੀਆਂ ਚਿੜੀਆਂ ਵੀ ਬਣਾ ਕੇ ਦਿੰਦੀ ਹੈ ਤਾਂ ਕਿ ਉਸ ਦਾ ਭਤੀਜਾ ਖ਼ੁਸ਼ ਰਹੇ।

ਚਿੜੀਆਂ ਦੇ ਆਲ੍ਹਣੇ ਆਮ ਤੌਰ 'ਤੇ ਘਰਾਂ ਦੀਆਂ ਛੱਤਾਂ 'ਤੇ ਹੁੰਦੇ ਸਨ, ਜੋ ਸਿਰਕੀ ਦੀਆਂ ਹੁੰਦੀਆਂ ਸਨ ਜਾਂ ਕੜੀਆਂ ਬਾਲਿਆਂ ਦੀਆਂ ਹੁੰਦੀਆਂ ਸਨ। ਇਸ ਤੋਂ ਬਿਨਾਂ ਚਿੜੀਆਂ ਦੇ ਆਲ੍ਹਣੇ ਕੰਧਾਂ ਦੇ ਮੋਰਿਆਂ ਵਿੱਚ ਅਤੇ ਕਈ ਵਾਰ ਕੁਥਰੇ ਥਾਵਾਂ ਵਿੱਚ ਜਿੱਥੇ ਸਾਮਾਨ ਸੁੱਟਿਆ ਪਿਆ ਹੋਵੇ, ਉੱਥੇ ਹੀ ਬਣਾ ਲੈਂਦੀਆਂ ਹਨ। ਉਂਜ ਕਈ ਵਾਰ ਚਿੜੀਆਂ ਆਲਿਆਂ ਵਿੱਚ ਵੀ ਆਲ੍ਹਣੇ ਪਾ ਲੈਂਦੀਆਂ ਹਨ। ਅੱਜਕੱਲ੍ਹ ਪੱਕੇ ਘਰ ਹੋਣ ਕਾਰਨ ਚਿੜੀਆਂ ਨੂੰ ਅਜਿਹੀ ਸੁਵਿਧਾ ਨਾ ਮਿਲਣ ਕਰਕੇ ਉਨ੍ਹਾਂ ਦੇ ਆਲ੍ਹਣਿਆਂ ਦਾ ਪਤਾ ਹੀ ਨਹੀਂ ਲੱਗਦਾ। ਤਾਂ ਹੀ ਤਾਂ ਘਰਾਂ ਵਿੱਚ ਚਿੜੀਆਂ ਘੱਟ ਨਜ਼ਰ ਆਉਂਦੀਆਂ ਹਨ।

ਇੱਕ ਚਿੜੀ ਆਪਣੇ ਆਲ੍ਹਣੇ ਨੂੰ ਬਣਾਉਣ ਲਈ ਆਪਣੇ ਸਾਥੀ ਦੀ ਮਦਦ ਨਾਲ ਮਿਹਨਤ ਕਰਕੇ ਆਲ੍ਹਣਾ ਬਣਾਉਂਦੀ ਹੈ ਜੋ ਬਿੱਲੀ ਤੋਂ ਸੁਰੱਖਿਅਤ ਹੁੰਦਾ ਹੈ। ਆਂਡੇ ਦੇਣ ਤੋਂ ਬਾਅਦ ਚਿੜੀ ਉਨ੍ਹਾਂ ਆਂਡਿਆਂ 'ਤੇ ਬੈਠਦੀ ਹੈ। ਇਨ੍ਹਾਂ ਆਂਡਿਆਂ ਵਿੱਚੋਂ ਅੱਠ ਦਿਨਾਂ ਬਾਅਦ ਬੱਚੇ ਨਿਕਲਦੇ ਹਨ। ਉਨ੍ਹਾਂ ਬੱਚਿਆਂ ਨੂੰ ਬੋਟ ਕਿਹਾ ਜਾਂਦਾ ਹੈ। ਚਿੜੀ ਦੇ ਆਂਡੇ ਕਾਲੇ ਅਤੇ ਘਸਮੈਲੇ ਰੰਗ ਦੇ ਹੁੰਦੇ ਹਨ। ਇਹ ਆਂਡੇ ਆਮ ਤੌਰ 'ਤੇ ਚਾਰ-ਪੰਜ ਹੁੰਦੇ ਹਨ। ਬੱਚੇ ਨਿਕਲਣ ਤੱਕ ਚਿੜੀ ਆਂਡਿਆਂ 'ਤੇ ਬੈਠੀ ਰਹਿੰਦੀ ਹੈ। ਬੋਟ ਵੱਡੇ ਹੋਣ ਤੋਂ ਬਾਅਦ ਜਦੋਂ ਛੋਟੇ ਬੱਚੇ ਦੀ ਸ਼ਕਲ 'ਚ ਆਉਂਦੇ ਹਨ ਜਿਸ ਤੋਂ ਉਹ ਚਿੜੀ ਵਰਗਾ ਲੱਗਦਾ ਹੈ ਤਾਂ ਬੱਚੇ ਉਸ ਨੂੰ ਬਹੁਤ ਪਿਆਰ ਕਰਦੇ ਹਨ ਤੇ ਉਸ ਦੇ ਪਿੱਛੇ ਪਿੱਛੇ ਭੱਜ ਕੇ ਕਈ ਵਾਰ ਉਸ ਨੂੰ ਫੜ ਵੀ ਲੈਂਦੇ ਸਨ। ਅੱਜਕੱਲ੍ਹ ਅਜਿਹੇ ਨਜ਼ਾਰੇ ਬੱਚਿਆਂ ਨੂੰ ਨਹੀਂ ਮਿਲਦੇ।

ਘਰ ਵਿੱਚ ਚਿੜੀ ਦੇ ਆਲ੍ਹਣਾ ਪਾਉਣ 'ਤੇ ਬੱਚਿਆਂ ਨੂੰ ਚਾਅ ਚੜ੍ਹ ਜਾਂਦਾ। ਉਨ੍ਹਾਂ ਨੂੰ ਆਲ੍ਹਣੇ 'ਚ ਬੈਠੀ ਚਿੜੀ ਬਹੁਤ ਵਧੀਆ ਲੱਗਦੀ। ਆਲ੍ਹਣੇ ਵਿੱਚ ਬੈਠੀ ਚਿੜੀ ਨੂੰ ਬੱਚੇ ਆਪ ਵੀ ਦੇਖਣ ਜਾਂਦੇ ਅਤੇ ਆਪਣੇ ਸਾਥੀ ਬੱਚਿਆਂ ਨੂੰ ਵੀ ਦਿਖਾਉਂਦੇ। ਕਈ ਵਾਰ ਬੱਚੇ ਆਲ੍ਹਣੇ ਦੇ ਨੇੜੇ ਚਲੇ ਜਾਂਦੇ ਤਾਂ ਚਿੜੀ ਵਿਚਾਰੀ ਨੂੰ ਆਲ੍ਹਣੇ 'ਚੋਂ ਭੱਜਣਾ ਪੈਂਦਾ। ਚਿੜੀ ਦੀ ਗ਼ੈਰ ਹਾਜ਼ਰੀ ਵਿੱਚ ਬੱਚੇ ਆਂਡੇ ਦੇਖਦੇ ਅਤੇ ਕਈ ਵਾਰ ਹੱਥ ਲਾ ਕੇ ਵੀ ਦੇਖਦੇ। ਘਰਦੇ ਸਿਆਣੇ ਬੰਦਿਆਂ ਵੱਲੋਂ ਬੱਚਿਆਂ ਨੂੰ ਅੰਡਿਆਂ ਦੇ ਹੱਥ ਲਾਉਣ ਤੋਂ ਰੋਕਿਆ ਜਾਂਦਾ ਤੇ ਇਹ ਡਰਾਵਾ ਦਿੱਤਾ ਜਾਂਦਾ ਕਿ ਜੇਕਰ ਤੁਸੀਂ ਆਂਡਿਆਂ ਨੂੰ ਹੱਥ ਲਾਏ ਤਾਂ ਚਿੜੀ ਇਨ੍ਹਾਂ ਅੰਡਿਆਂ ਨੂੰ ਛੱਡ ਕੇ ਇੱਥੋਂ ਚਲੀ ਜਾਵੇਗੀ। ਇਸ ਕਰਕੇ ਬੱਚੇ ਆਂਡਿਆਂ ਨੂੰ ਨਹੀਂ ਛੇੜਦੇ ਸਨ ਅਤੇ ਦੇਖ ਕੇ ਹੀ ਮੁੜ ਜਾਂਦੇ ਸਨ।

ਭਾਵੇਂ ਪ੍ਰਕਿਰਤੀ ਦੁਆਰਾ ਪੰਛੀਆਂ ਦੀ ਸਿਰਜਣਾ ਵੱਖ ਵੱਖ ਕੀਤੀ ਗਈ ਹੈ, ਪਰ ਕਈ ਵਾਰ ਉਨ੍ਹਾਂ ਨੂੰ ਇੱਕੋ ਨਾਮ ਨਾਲ ਪੁਕਾਰਿਆ ਜਾਂਦਾ ਹੈ ਜਿਵੇਂ ਚਿੜੀ। ਚਿੜੀਆਂ ਵੱਖ ਵੱਖ ਰੰਗਾਂ ਦੀਆਂ ਅਤੇ ਵੱਖ ਵੱਖ ਪ੍ਰਕਾਰ ਦੀਆਂ ਹਨ, ਪਰ ਫਿਰ ਵੀ ਚਿੜੀ ਦੀ ਮਾਨਤਾ ਦੇਸੀ ਚਿੜੀ ਨੂੰ ਹੀ ਦਿੱਤੀ ਗਈ ਹੈ। ਇਸ ਦਾ ਜ਼ਿਕਰ ਸਾਡੇ ਲੋਕ ਮੁਹਾਵਰਿਆਂ ਵਿੱਚ ਅਤੇ ਅਖਾਣਾ ਵਿੱਚ ਕੀਤਾ ਗਿਆ ਹੈ;

ਪਲ ਵਿੱਚ ਚਿੜੀ ਤਿਹਾਈ ਮਰਦੀ
ਪਲ ਵਿੱਚ ਕਰਤਾ ਜਲ ਤੇ ਥਲ।
ਪਲ ਵਿੱਚ ਰਾਜਾ ਰਾਜ ਕਰੇਂਦਾ
ਪਲ ਵਿੱਚ ਭਿਕਸ਼ਾ ਮੰਗਦਾ ਦਰ ਦਰ।

ਚਿੜੀ ਨੂੰ ਘੱਟ ਖਾਣ ਤੇ ਪੀਣ ਵਾਲਾ ਪੰਛੀ ਮੰਨਿਆ ਜਾਂਦਾ ਹੈ। ਇਸ ਨੂੰ ਧਰਮ ਕਰਮ ਨਾਲ ਵੀ ਜੋੜਿਆ ਜਾਂਦਾ ਹੈ ਤੇ ਕਿਹਾ ਜਾਂਦਾ ਹੈ;

ਜਿਹੜੀ ਚੁੰਝ ਭਰ ਲੈ ਗਈ
ਨਦੀ ਨਾ ਘਟਿਆ ਨੀਰ।

ਇਸ ਤਰ੍ਹਾਂ ਪ੍ਰਕਿਰਤੀ ਦੇ ਇਸ ਛੋਟੇ ਜਿਹੇ ਪੰਛੀ ਦਾ ਸਾਡੇ ਸਮਾਜ ਅਤੇ ਪ੍ਰਕਿਰਤੀ ਵਿੱਚ ਖ਼ਾਸ ਮਹੱਤਵ ਹੈ। ਇਹ ਚਿੜੀਆਂ ਘਰਾਂ ਦਾ ਸ਼ਿੰਗਾਰ ਅਤੇ ਪ੍ਰਕਿਰਤੀ ਦਾ ਸ਼ਿੰਗਾਰ ਹਨ।

ਸੰਪਰਕ: 94178 40323



# ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦਾ ਦੂਜਾ ਗੇੜ

## ਜਰਖੜ ਹਾਕੀ ਅਕੈਡਮੀ, ਮੋਗਾ, ਰਾਮਪਰ ਅਤੇ ਅਮਰਗੜ੍ਹ ਨੇ ਆਪਣੇ ਜੇਤੂ ਕਦਮ ਅੱਗੇ ਵਧਾਏ



ਲੁਧਿਆਣਾ : ਮਾਤਾ ਸਾਹਿਬ ਕੌਰ ਖੇਡ ਸਟੇਡੀਅਮ ਜਰਖੜ ਵਿਖੇ ਚੱਲ ਰਹੇ 15ਵੇਂ ਓਲੰਪੀਅਨ ਪ੍ਰਿਥੀਪਾਲ ਸਿੰਘ ਹਾਕੀ ਫੈਸਟੀਵਲ ਦੇ ਦੂਜੇ ਗੇੜ ਦੇ ਮੈਚਾਂ ਵਿੱਚ ਜਰਖੜ ਹਾਕੀ ਅਕੈਡਮੀ, ਡਾਕਟਰ ਕੁਲਦੀਪ ਸਿੰਘ ਮੋਗਾ, ਨੀਟਾ ਕਲੱਬ ਰਾਮਪੁਰ ਅਤੇ ਅਮਰਗੜ੍ਹ ਨੇ ਆਪੋ ਆਪਣੇ ਮੈਚ ਜਿੱਤ ਕੇ ਆਪਣੇ ਜੇਤ ਕਦਮ ਅੱਗੇ ਵਧਾਏ।

ਅੱਜ ਰਾਤ ਫਲੱਡ ਲਾਈਟਾਂ ਦੀ ਰੋਸ਼ਨੀ ਵਿੱਚ ਖੇਡੇ ਗਏ ਦੂਸਰੇ ਗੇੜ ਦੇ ਅੱਠ ਮੈਚਾਂ ਵਿੱਚ ਸੀਨੀਅਰ ਵਰਗ ਵਿੱਚ ਜਰਖੜ ਹਾਕੀ ਅਕੈਡਮੀ ਨੇ ਬਹੁਤ ਹੀ ਰੋਮਾਂਚਕ ਅਤੇ ਸੰਘਰਸ਼ਪੂਰਨ ਮੁਕਾਬਲੇ ਵਿੱਚ ਕਿਲਾ ਰਾਏਪੁਰ ਨਾਲ 4-4 ਦੀ ਬਰਾਬਰੀ ਤੋਂ ਬਾਅਦ ਪੈਨਲਟੀ ਸ਼ੂਟ ਆਊਟ ਵਿੱਚ 6-5 ਨਾਲ ਹਰਾਇਆ। ਜਰਖੜ ਟੀਮ ਦਾ ਗੋਲਕੀਪਰ ਅੰਤਰ ਰਾਸ਼ਟਰੀ ਸਟਾਰ ਹਰਜੋਤ ਸਿੰਘ ਜੋਤੀ " ਡਾਬਰ ਹੀਰੋ ਆਫ ਦਾ ਮੈਚ" ਬਣਿਆ,ਜਦਕਿ ਸੀਨੀਅਰ ਵਰਗ ਦੇ ਦੂਸਰੇ ਮੈਚ ਵਿੱਚ ਵਰਤਮਾਨ ਚੈਂਪੀਅਨ ਡਾਕਟਰ ਕੁਲਦੀਪ ਸਿੰਘ ਕਲੱਬ ਮੋਗਾ ਨੇ ਗਿੱਲ ਕਲੱਬ ਘਵੱਦੀ ਨੂੰ 8-6 ਨਾਲ ਹਰਾਇਆ ਮੋਗਾ ਦਾ ਜਸਦੀਪ ਸਿੰਘ ਡਾਬਰ ਹੀਰੋ ਆਫ਼ ਦਾ ਮੈਚ ਬਣਿਆ ਜਦ ਕਿ ਅਮਰਗੜ੍ਹ ਨੇ ਯੰਗ ਕਲੱਬ ਉਟਾਲਾ ਨੂੰ 7-3 ਨਾਲ ਹਰਾਇਆ ਅਮਰਗੜ੍ਹ ਦਾ ਮਨਦੀਪ ਸਿੰਘ ਡਾਬਰ ਹੀਰੋ ਆਫ਼ ਦਾ ਮੈਚ ਬਣਿਆ। ਨੀਟਾ ਕਲੱਬ ਰਾਮਪੁਰ ਨੇ ਬਾਬਾ ਮਹੰਤ ਕਿਰਪਾਲ ਦਾਸ ਕਲੱਬ ਨੂੰ 8-3 ਗੋਲਾਂ ਨਾਲ ਹਰਾਇਆ। ਰਾਮਪੁਰ ਦਾ ਗੋਲਕੀਪਰ ਵਿਕਾਸ ਕੁਮਾਰ ਡਾਬਰ ਹੀਰੋ ਆਫ਼ ਦਾ ਮੈਚ ਬਣਿਆ।

ਜੂਨੀਅਰ ਵਰਗ ਵਿੱਚ ਘਵੱਦੀ ਸਕੂਲ ਨੇ ਰਾਉਂਡ ਕਲਾਸ ਅਕੈਡਮੀ ਤਹਿੰਗ ਨੂੰ 3-2 ਗੋਲਾਂ ਨਾਲ ਹਰਾਇਆ। ਘਵੱਦੀ ਦਾ ਹਰਸਿਮਰਨ ਸਿੰਘ ਡਾਬਰ ਹੀਰੋ ਆਫ ਦਾ ਮੈਚ ਬਣਿਆ। ਦੂਸਰੇ ਮੈਚ ਵਿੱਚ ਕਿਲਾ ਰਾਏਪੁਰ ਨੇ ਚਚਰਾੜੀ ਸੈਂਟਰ ਨੂੰ 4-3 ਗੋਲਾ ਨਾਲ ਹਰਾਇਆ । ਕਿਲਾ ਰਾਏਪੁਰ ਦਾ ਪ੍ਰਿੰਸ "ਹੀਰੋ ਆਫ ਦਾ ਮੈਚ " ਬਣਿਆ। ਇਸ ਤੋਂ ਇਲਾਵਾ ਜਰਖੜ ਹਾਕੀ ਅਕੈਡਮੀ ਨੇ ਐਚਟੀਸੀ ਸੈਂਟਰ ਰਾਮਪੁਰ ਨੂੰ 8-4 ਗੋਲਾਂ ਨਾਲ ਹਰਾਇਆ । ਜਰਖੜ ਅਕੈਡਮੀ ਦਾ ਅੰਕੁਸ਼ ਕੁਮਾਰ ਡਾਬਰ ਹੀਰੋ ਆਫ ਦਾ ਮੈਚ ਬਣਿਆ ਜਦਕਿ ਜੂਨੀਅਰ ਵਰਗ ਦੇ ਆਖਰੀ ਲੀਗ ਮੈਚ ਵਿੱਚ ਨਨਕਾਣਾ ਸਾਹਿਬ ਪਬਲਿਕ ਸਕੂਲ ਰਾਮਪੁਰ ਛੰਨਾ ਨੇ ਰਾਣਾ ਅਕੈਡਮੀ ਹਸਿਆਰਪੁਰ ਨੂੰ 8-6 ਨਾਲ ਹਰਾਇਆ । ਰਾਮਪੁਰ ਦਾ ਪਰਮਿੰਦਰ ਸਿੰਘ ਹੀਰੋ ਆਫ ਦਾ ਮੈਚ ਬਣਿਆ।

ਅੱਜ ਦੇ ਮੈਚਾਂ ਦੌਰਾਨ ਗੁਰਦੀਪ ਸਿੰਘ ਗਰੇਵਾਲ ਜਿਲਾ ਖੇਡ ਅਫਸਰ ਮਲੇਰਕੋਟਲਾ, ਪ੍ਰਿੰਸੀਪਲ ਬਲਵੰਤ ਸਿੰਘ ਚੱਕਰ, ਸਾਬਕਾ ਅੰਤਰਰਾਸ਼ਟਰੀ ਵੇਟ ਲਿਫਟਰ ਹਰਦੀਪ ਸਿੰਘ ਸੈਣੀ ਵਰਿੰਦਰ ਅੱਤਰੀ ਸਾਬਕਾ ਉਪ ਮੰਡਲ ਅਫਸਰ ਨੇ ਮੁਖ ਮਹਿਮਾਨ ਵਜੋਂ ਵੱਖ ਵੱਖ ਮੈਚਾਂ ਵਿੱਚ ਟੀਮਾਂ ਦੇ ਨਾਲ ਜਾਣ ਪਹਿਚਾਣ ਕੀਤੀ। ਮੁੱਖ ਪ੍ਰਬੰਧਕ ਜਗਰੂਪ ਸਿੰਘ ਜਰਖੜ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਆਖਿਆ। ਇਸ ਮੌਕੇ ਕੁਲਦੀਪ ਸਿੰਘ ਘਵੱਦੀ, ਮਨਜਿੰਦਰ ਸਿੰਘ ਇਆਲੀ, ਸਾਹਿਬਜੀਤ ਸਿੰਘ ਸਾਬੀ ਜਰਖੜ ,ਗੁਰਸਤਿੰਦਰ ਸਿੰਘ ਪ੍ਰਗਟ, ਪਰਮਜੀਤ ਸਿੰਘ ਪੰਮਾ ਗਰੇਵਾਲ, ਅਜੀਤ ਸਿੰਘ ਲਾਦੀਆਂ , ਗੁਰਵਿੰਦਰ ਸਿੰਘ ਕਿਲਾ ਰਾਏਪੁਰ, ਤੇਜਿੰਦਰ ਸਿੰਘ ਜਰਖੜ, ਅਜੀਤਪਾਲ ਸਿੰਘ ਨਾਰੰਗਵਾਲ, ਦਲਵੀਰ ਸਿੰਘ ਜਰਖੜ, ਬਾਬਾ ਰੁਲਦਾ ਸਿੰਘ, ਕੋਚ ਗੁਰਤੇਜ ਸਿੰਘ ਬੋੜਹਾਈ ਅਤੇ ਹੋਰ ਇਲਾਕੇ ਦੀਆਂ ਨਾਮੀ ਸ਼ਖਸੀਅਤਾਂ ਹਾਜ਼ਰ ਸਨ। ਗੁਰਸਤਿੰਦਰ ਸਿੰਘ ਪ੍ਰਗਟ ਨੇ ਦੱਸਿਆ ਕਿ ਓਲੰਪੀਅਨ ਪ੍ਰਿਥੀਪਾਲ ਹਾਕੀ ਫੈਸਟੀਵਲ ਦੇ ਆਖਰੀ ਲੀਗ ਗੇੜ ਦੇ ਮੈਚ 31 ਮਈ ਅਤੇ 1 ਜੂਨ ਨੂੰ ਖੇਡੇ ਜਾਣਗੇ।

ਦਲਬੀਰ ਸਿੰਘ ਜਰਖੜ
ਖੇਡ ਲੇਖਕ
98141-66405

# ਸਚਿਨ ਤੇ ਅੰਜਲੀ ਨੇ ਵਿਆਹ ਦੀ 30ਵੀਂ ਵਰ੍ਹੇਗੰਢ ਮਨਾਈ



ਮੁੰਬਈ : ਸਾਬਕਾ ਕ੍ਰਿਕਟਰ ਸਚਿਨ ਤੇਂਦੁਲਕਰ ਅਤੇ ਉਨ੍ਹਾਂ ਦੀ ਪਤਨੀ ਅੰਜਲੀ ਤੇਂਦੁਲਕਰ ਦੇ ਵਿਆਹ ਨੂੰ ਤਿੰਨ ਦਹਾਕੇ ਪੂਰੇ ਹੋ ਗਏ ਹਨ। ਇਸ ਖਾਸ ਮੌਕੇ ਨੂੰ ਯਾਦ ਕਰਦਿਆਂ ਉਨ੍ਹਾਂ ਦੀ ਧੀ ਸਾਰਾ ਨੇ ਅੱਜ ਇੰਸਟਾਗ੍ਰਾਮ 'ਤੇ ਜੋੜੇ ਦੀਆਂ ਤਸਵੀਰਾਂ ਸਾਂਝੀਆਂ ਕੀਤੀਆਂ। ਪਹਿਲੀ ਤਸਵੀਰ ਸਚਿਨ ਅਤੇ ਅੰਜਲੀ ਦੇ ਵਿਆਹ ਵਾਲੇ ਦਿਨ ਦੀ ਹੈ। ਉਸ ਨੇ ਵਿਆਹ ਦੀ 30ਵੀਂ ਵਰ੍ਹੇਗੰਢ ਦੇ ਜਸ਼ਨਾਂ ਦੀਆਂ ਤਸਵੀਰਾਂ ਵੀ ਸਾਂਝੀਆਂ ਕੀਤੀਆਂ। ਇਨ੍ਹਾਂ ਤਸਵੀਰਾਂ ਵਿੱਚ ਦੋਵਾਂ ਨਾਲ ਉਨ੍ਹਾਂ ਦਾ ਪਾਲਤੂ ਕੁੱਤਾ ਵੀ ਨਜ਼ਰ ਆ ਰਿਹਾ ਹੈ। ਇਸ ਦੌਰਾਨ ਸਾਰਾ ਨੇ ਆਪਣੇ ਮਾਤਾ-ਪਿਤਾ ਨੂੰ ਵਿਆਹ ਦੀ ਵਰ੍ਹੇਗੰਢ ਦੀਆਂ ਸ਼ੁਭਕਾਮਨਾਵਾਂ ਦਿੱਤੀਆਂ। ਜ਼ਿਕਰਯੋਗ ਹੈ ਕਿ ਸਚਿਨ ਅਤੇ ਅੰਜਲੀ 25 ਮਈ 1995 ਨੂੰ ਵਿਆਹ ਦੇ ਬੰਧਨ ਵਿੱਚ ਬੱਝੇ ਸਨ। ਇਨ੍ਹਾਂ ਦਾ ਪੁੱਤਰ ਅਰਜੁਨ ਤੇਂਦੁਲਕਰ ਪਿਤਾ ਵਾਂਗ ਕ੍ਰਿਕਟਰ ਹੈ। ਉਹ ਵੱਖ-ਵੱਖ ਉਮਰ ਵਰਗ ਵਿੱਚ ਮੁੰਬਈ ਦੀ ਨੁਮਾਇੰਦਗੀ ਕਰ ਚੁੱਕਾ ਹੈ। ਮਗਰੋਂ ਉਹ ਰਣਜੀ ਟਰਾਫੀ ਵਿੱਚ ਗੋਆ ਲਈ ਖੇਡਿਆ। ਦੂਜੇ ਪਾਸੇ ਇਨ੍ਹਾਂ ਦੀ ਧੀ ਸਾਰਾ ਨਿਊਟ੍ਰੀਸ਼ਨਿਸਟ ਹੈ। ਜਨਵਰੀ 2025 ਵਿੱਚ ਉਸ ਨੇ 'ਸਚਿਨ ਤੇਂਦੁਲਕਰ ਫਾਊਂਡੇਸ਼ਨ' ਦੇ ਡਾਇਰੈਕਟਰ ਵਜੋਂ ਅਹੁਦਾ ਸੰਭਾਲਿਆ ਸੀ।

## ਰੋਹਿਤ ਸ਼ਰਮਾ ਦੀ ਜਗ੍ਹਾ ਲਵੇਗਾ ਇਹ ਨੌਜਵਾਨ ਖਿਡਾਰੀ

ਇੰਗਲੈਂਡ ਦੌਰੇ ਲਈ ਜਾ ਰਹੀ ਭਾਰਤੀ ਕ੍ਰਿਕਟ ਟੀਮ ਦਾ ਅਜੇ ਐਲਾਨ ਨਹੀਂ ਕੀਤਾ ਗਿਆ ਹੈ। ਇਸ ਦੇ ਨਾਲ ਹੀ, ਕ੍ਰਿਕਟ ਪ੍ਰਸ਼ੰਸਕ ਨਵੇਂ ਟੈਸਟ ਕਪਤਾਨ ਦੇ ਨਾਮ ਦੀ ਵੀ ਉਡੀਕ ਕਰ ਰਹੇ ਹਨ। ਇਸ ਦੇ ਨਾਲ ਹੀ, ਰੋਹਿਤ ਸ਼ਰਮਾ ਦੇ ਸੰਨਿਆਸ ਤੋਂ ਬਾਅਦ, ਸਾਈ ਸੁਦਰਸ਼ਨ ਨੂੰ ਇੰਗਲੈਂਡ ਦੌਰੇ ਲਈ ਚੁਣਿਆ ਜਾ ਸਕਦਾ ਹੈ। ਸਾਈ ਸੁਦਰਸ਼ਨ ਆਈਪੀਐਲ ਵਿੱਚ ਵੀ ਸ਼ਾਨਦਾਰ ਪ੍ਰਦਰਸ਼ਨ ਕਰ ਰਿਹਾ ਹੈ। ਸੁਦਰਸ਼ਨ ਨੇ 13 ਮੈਚਾਂ ਵਿੱਚ 638 ਦੌੜਾਂ ਬਣਾਈਆਂ ਹਨ ਅਤੇ ਇਸ ਟੂਰਨਾਮੈਂਟ ਵਿੱਚ ਹੁਣ ਤੱਕ ਸਭ ਤੋਂ ਵੱਧ ਦੌੜਾਂ ਬਣਾਉਣ ਵਾਲਾ ਖਿਡਾਰੀ ਹੈ।

## ਇੰਗਲੈਂਡ ਦੌਰੇ ਲਈ ਭਾਰਤੀ ਕ੍ਰਿਕਟ ਟੀਮ ਦਾ ਐਲਾਨ

# ਸ਼ੁਭਮਨ ਗਿੱਲ ਹੋਣਗੇ ਕਪਤਾਨ




ਇੰਗਲੈਂਡ ਵਿੱਚ ਪੰਜ ਮੈਚਾਂ ਦੀ ਲੜੀ ਤੋਂ ਪਹਿਲਾਂ ਸ਼ੁਭਮਨ ਗਿੱਲ ਨੂੰ ਅੱਜ ਭਾਰਤੀ ਟੈਸਟ ਟੀਮ ਦਾ ਕਪਤਾਨ ਨਿਯੁਕਤ ਕੀਤਾ ਗਿਆ ਜਦੋਂ ਕਿ ਰਿਸ਼ਭ ਪੰਤ ਨੂੰ ਉਪ-ਕਪਤਾਨ ਨਿਯੁਕਤ ਕੀਤਾ ਗਿਆ।

ਚੋਣਕਾਰਾਂ ਨੇ ਇਹ ਫ਼ੈਸਲਾ ਰੋਹਿਤ ਸ਼ਰਮਾ ਤੇ ਵਿਰਾਟ ਕੋਹਲੀ ਦੇ ਸੰਨਿਆਸ ਲੈਣ ਤੋਂ ਬਾਅਦ ਲਿਆ ਹੈ।

ਖੱਬੇ ਹੱਥ ਦੇ ਬੱਲੇਬਾਜ਼ ਤੇ ਨੌਜਵਾਨ ਖਿਡਾਰੀ ਸਾਈ ਸੁਦਰਸ਼ਨ ਨੂੰ ਪਹਿਲੀ ਵਾਰ ਟੈਸਟ ਟੀਮ ਵਿਚ ਸ਼ਾਮਲ ਕੀਤਾ ਗਿਆ ਤੇ ਇਸੇ ਤਰ੍ਹਾਂ ਕਰੁਨ ਨਾਇਰ ਨੇ 7 ਸਾਲਾਂ ਬਾਅਦ ਰਾਸ਼ਟਰੀ ਟੀਮ ਵਿਚ ਮੁੜ ਵਾਪਸੀ ਕੀਤੀ।

ਤੇਜ਼ ਗੇਂਦਬਾਜ਼ ਮੁਹੰਮਦ ਸ਼ਮੀ ਨੂੰ ਇਸ ਲਈ ਟੀਮ ਤੋਂ ਬਾਹਰ ਕੀਤਾ ਗਿਆ ਕਿਉਂਕਿ ਉਸ ਦੀ ਫਿੱਟਨੈਸ ਸਹੀ ਨਹੀਂ ਸੀ ਇਸ ਦੇ ਨਾਲ ਹੀ ਉਸ ਦਾ ਆਈਪੀਐਲ ਦਾ ਪ੍ਰਦਰਸ਼ਨ ਵੀ ਚੋਣਕਾਰਾਂ ਨੇ ਜ਼ਰੂਰ ਵਾਚਿਆ ਹੋਵੇਗਾ। ਕਿਉਂਕਿ ਆਈਪੀਐਲ ਦੌਰਾਨ ਮੁਹੰਮਦ ਸ਼ਮੀ ਕੋਈ ਖਾਸ ਕਮਾਲ ਨਹੀਂ ਕਰ ਸਕੇ।

ਸ਼ੁਭਮਨ ਗਿੱਲ ਨੂੰ ਟੈਸਟ ਕਪਤਾਨ ਬਣਾਏ ਜਾਣ 'ਤੇ ਅਗਰਕਰ ਨੇ ਕਿਹਾ, ਉਹ ਨੌਜਵਾਨ ਹੈ, ਅਸੀਂ ਉਸ ਵਿੱਚ ਸੁਧਾਰ ਦੇਖਿਆ ਹੈ, ਇਹ ਬਹੁਤ ਦਬਾਅ ਵਾਲਾ ਕੰਮ ਹੈ ਪਰ ਸਾਨੂੰ ਉਸ ਤੋਂ ਉਮੀਦਾਂ ਹਨ।


ਸ਼ਮੀ ਬਾਰੇ ਉਨ੍ਹਾਂ ਕਿਹਾ, ਕਿ ਸ਼ਮੀ ਪੂਰੀ ਤਰ੍ਹਾਂ ਫਿੱਟ ਨਹੀਂ ਹਨ। ਕਿਉਂ ਜੋ ਲੜੀ ਪੰਜ ਮੈਚਾਂ ਦੀ ਹੈ ਇਸ ਲਈ ਅਸੀਂ ਕੋਈ ਵੀ ਅਜਿਹਾ ਖਿਡਾਰੀ ਨਹੀਂ ਚੁਣਨਾ ਚਾਹੁੰਦੇ ਸੀ ਜਿਸ ਨੂੰ ਲੜੀ ਦੇ ਵਿਚਕਾਰ ਫਿੱਟਨੈਸ ਦੀ ਸਮੱਸਿਆ ਆਉਂਦੀ ਹੋਵੇ।

ਇਸ ਦੇ ਨਾਲ ਹੀ ਅਰਸ਼ਦੀਪ ਸਿੰਘ ਵੀ ਭਾਰਤੀ ਕ੍ਰਿਕਟ ਟੈਸਟ ਟੀਮ ਵਿਚ ਆਪਣਾ ਡੈਬਿਊ ਕਰ ਰਿਹਾ ਹੈ।

### ਭਾਰਤੀ ਟੀਮ

| | |
|---|---|
| ਸ਼ੁਭਮਨ ਗਿੱਲ (ਕਪਤਾਨ) | ਧਰੁਵ ਜੁਰੇਲ |
| ਰਿਸ਼ਭ ਪੰਤ (ਉਪ ਕਪਤਾਨ) | ਵਾਸ਼ਿੰਗਟਨ ਸੁੰਦਰ |
| ਯਸ਼ਸਵੀ ਜੈਸਵਾਲ | ਸ਼ਰਦੁਲ ਠਾਕੁਰ |
| ਕੇ. ਐੱਲ. ਰਾਹੁਲ | ਜਸਪ੍ਰੀਤ ਬੁਮਰਾਹ |
| ਸਾਈ ਸੁਦਰਸ਼ਨ | ਮੁਹੰਮਦ ਸਿਰਾਜ |
| ਅਭਿਮੰਨਯੂ ਐਸਵਾਰਨ | ਪ੍ਰਸਿੱਧ ਕ੍ਰਿਸ਼ਨਾ |
| ਕਰੁਨ ਨਾਇਰ | ਅਕਾਸ਼ਦੀਪ |
| ਨਿਤਿਸ਼ ਕੁਮਾਰ ਰੈਡੀ | ਅਰਸ਼ਦੀਪ ਸਿੰਘ |
| ਰਵਿੰਦਰ ਜਡੇਜਾ | ਕੁਲਦੀਪ ਯਾਦਵ |

# ਜਲੰਧਰ ਦੇ ਸੁਮਿਤਪਾਲ ਨੇ ਆਸਟਰੇਲੀਆ 'ਚ ਇਤਿਹਾਸ ਸਿਰਜਿਆ



ਜਲੰਧਰ : ਆਸਟਰੇਲੀਆ ਦੀ ਸਟੇਟ ਤਸਮਾਨੀਆ ਵਿੱਚ ਬਾਡੀ ਬਿਲਡਿੰਗ ਮੁਕਾਬਲਿਆਂ 'ਚ ਜਲੰਧਰ ਦੇ ਸੁਮਿਤਪਾਲ ਸਿੰਘ ਨੇ ਪਹਿਲਾ ਸਥਾਨ ਹਾਸਲ ਕਰ ਕੇ ਪੰਜਾਬ ਦੀ ਬੱਲੇ-ਬੱਲੇ ਕਰਵਾ ਦਿੱਤੀ ਹੈ। ਤਸਮਾਨੀਆ ਦੀ ਰਾਜਧਾਨੀ ਹੋਬਰਟ ਵਿੱਚ ਹੋਏ ਬਾਡੀ ਬਿਲਡਿੰਗ ਦੇ ਮੁਕਾਬਲਿਆਂ 'ਚ ਸੁਮਿਤਪਾਲ ਸਿੰਘ ਪਹਿਲਾ ਸਿੱਖ ਨੌਜਵਾਨ ਹੈ, ਜਿਹੜਾ 'ਮਿਸਟਰ ਲੌਨਸਿਸਟਨ ਤਸਮਾਨੀਆ' ਬਣਿਆ ਹੈ।

ਤਸਮਾਨੀਆ ਤੋਂ ਕੀਤੀ ਗੱਲਬਾਤ ਦੌਰਾਨ ਸੁਮਿਤਪਾਲ ਸਿੰਘ ਨੇ ਦੱਸਿਆ ਕਿ ਉਸ ਦਾ ਅਗਲਾ ਨਿਸ਼ਾਨਾ ਨੈਸ਼ਨਲ ਜਿੱਤ ਕੇ ਪ੍ਰੋਕਾਰਡ ਲੈਣਾ ਹੈ। ਉਹ ਤਿੰਨ ਸੋਨ ਤਗ਼ਮੇ ਜਿੱਤ ਕੇ ਓਵਰਆਲ ਮੁਕਾਬਲੇ ਵਿੱਚ ਮੋਹਰੀ ਰਿਹਾ। ਉਸ ਨੂੰ ਇਸ ਗੱਲ 'ਤੇ ਫ਼ਖ਼ਰ ਹੈ ਕਿ ਉਹ ਪਹਿਲਾ ਸਿੱਖ ਹੈ, ਜਿਸ ਨੇ ਇਹ ਵੱਕਾਰੀ ਖ਼ਿਤਾਬ ਜਿੱਤਿਆ ਹੈ। ਉਸ ਨੇ ਇਹ ਖ਼ਿਤਾਬ ਆਪਣੇ ਮਰਹੂਮ ਪਿਤਾ ਕੁਲਦੀਪ ਸਿੰਘ ਨੂੰ ਸਮਰਪਿਤ ਕੀਤਾ ਹੈ, ਜਿਨ੍ਹਾਂ ਦਾ ਕੁਝ ਸਾਲ ਪਹਿਲਾਂ ਦੇਹਾਂਤ ਹੋ ਗਿਆ ਸੀ। ਇੱਥੇ ਮਾਡਲ ਹਾਊਸ ਵਿੱਚ ਰਹਿੰਦੀ ਸੁਮਿਤਪਾਲ ਦੀ ਮਾਂ ਜਸਬੀਰ ਕੌਰ ਨੇ ਪੁੱਤਰ ਦੇ ਖ਼ਿਤਾਬ ਜਿੱਤਣ 'ਤੇ ਖੁਸ਼ੀ ਜ਼ਾਹਿਰ ਕੀਤੀ।

# ਅੰਪਾਇਰ ਜਾਂ ਚੀਅਰਲੀਡਰ, IPL 'ਚ ਕੌਣ ਕਮਾਉਂਦਾ ਸਭ ਤੋਂ ਜ਼ਿਆਦਾ ਪੈਸੇ?

ਇੰਡੀਅਨ ਪ੍ਰੀਮੀਅਰ ਲੀਗ (ਿਫਲ 2025) ਸਿਰਫ਼ ਇੱਕ ਟੂਰਨਾਮੈਂਟ ਨਹੀਂ ਹੈ, ਸਗੋਂ ਇੱਕ ਬਿਜਨਸ ਮਾਡਲ ਵੀ ਹੈ। ਇਸ ਖੇਡ ਵਿੱਚ, ਟੀਮ ਮਾਲਕਾਂ ਦੇ ਨਾਲ ਖਿਡਾਰੀ ਵੀ ਕਰੋੜਾਂ ਰੁਪਏ ਕਮਾਉਂਦੇ ਹਨ। ਚੀਅਰਲੀਡਰਸ ਅਤੇ ਅੰਪਾਇਰਾਂ ਨੂੰ ਵੀ ਬਹੁਤ ਸਾਰਾ ਪੈਸਾ ਮਿਲਦਾ ਹੈ। ਟੀਮ ਦੇ ਖਿਡਾਰੀਆਂ ਦੀ ਨਿਲਾਮੀ ਕੀਤੀ ਜਾਂਦੀ ਹੈ, ਜਿਸ ਤੋਂ ਪਤਾ ਲੱਗਦਾ ਹੈ ਕਿ ਉਨ੍ਹਾਂ ਨੂੰ ਕਿੰਨਾ ਪੈਸਾ ਮਿਲਦਾ ਹੈ। ਪਰ ਕੀ ਤੁਸੀਂ ਜਾਣਦੇ ਹੋ ਕਿ ਚੀਅਰਲੀਡਰ ਅਤੇ ਅੰਪਾਇਰ ਇੱਕ ਮੈਚ ਲਈ ਕਿੰਨੇ ਪੈਸੇ ਲੈਂਦੇ ਹਨ?

**ਚੀਅਰ ਲੀਡਰਸ ਦੀ ਇੱਕ ਿਫਲ ਮੈਚ ਦੀ ਤਨਖ਼ਾਹ**

ਆਈਪੀਐਲ ਮੈਚਾਂ ਦੌਰਾਨ, ਜਦੋਂ ਚੌਕੇ ਅਤੇ ਛੱਕੇ ਲੱਗਦੇ ਹਨ ਜਾਂ ਜਦੋਂ ਕੋਈ ਟੀਮ ਵਿਕਟ ਗੁਆਉਂਦੀ ਹੈ, ਤਾਂ ਚੀਅਰਲੀਡਰ ਆਪਣੀਆਂ-ਆਪਣੀਆਂ ਟੀਮਾਂ ਦਾ ਸਮਰਥਨ ਕਰਦੇ ਦਿਖਾਈ ਦਿੰਦੇ ਹਨ। ਸਾਰੀਆਂ ਟੀਮਾਂ ਦੇ ਚੀਅਰਲੀਡਰਸ ਦੀ ਤਨਖਾਹ ਵੱਖ-ਵੱਖ ਹੁੰਦੀ ਹੈ। ਸਾਰੀਆਂ ਫਰੈਂਚਾਇਜ਼ੀਆਂ ਆਪਣੀ ਸਹੂਲਤ ਅਨੁਸਾਰ ਆਪਣੀ ਤਨਖਾਹ ਨਿਰਧਾਰਤ ਕਰਦੀਆਂ ਹਨ। ਚੀਅਰਲੀਡਰ ਇੱਕ ਆਈਪੀਐਲ ਸੀਜ਼ਨ ਤੋਂ 2 ਤੋਂ 4 ਲੱਖ ਰੁਪਏ ਕਮਾ ਸਕਦੀਆਂ ਹਨ।



ਆਈਪੀਐਲ ਵਿੱਚ, ਇੱਕ ਟੀਮ ਆਪਣੇ ਚੀਅਰਲੀਡਰਾਂ ਨੂੰ ਇੱਕ ਮੈਚ ਲਈ ਲਗਭਗ 14 ਹਜ਼ਾਰ ਰੁਪਏ ਦਿੰਦੀ ਹੈ। ਕੁਝ ਟੀਮਾਂ ਤਾਂ 24 ਹਜ਼ਾਰ ਰੁਪਏ ਤੱਕ ਵੀ ਦਿੰਦੀਆਂ ਹਨ। ਇਸ ਤਰ੍ਹਾਂ, ਚੀਅਰਲੀਡਰਾਂ ਨੂੰ ਟੀਮ ਦੇ ਆਧਾਰ 'ਤੇ ਵੱਖ-ਵੱਖ ਰਕਮ ਮਿਲਦੀ ਹੈ।

**ਅੰਪਾਇਰ ਨੂੰ ਮਿਲਦੀ ਇੰਨੀ ਤਨਖ਼ਾਹ**

ਅੰਪਾਇਰ ਦਾ ਕੰਮ ਮੈਚ ਨੂੰ ਸਹੀ ਢੰਗ ਨਾਲ ਚਲਾਉਣ ਦਾ ਹੁੰਦਾ ਹੈ ਅਤੇ ਉਹ ਮੈਚ ਵਿੱਚ ਫੈਸਲਾਕੁੰਨ ਭੂਮਿਕਾ ਨਿਭਾਉਂਦੇ ਹਨ। ਅੰਪਾਇਰਾਂ ਕੋਲ ਚੀਅਰਲੀਡਰਾਂ ਨਾਲੋਂ ਜ਼ਿਆਦਾ ਕੰਮ ਹੁੰਦਾ ਹੈ ਅਤੇ ਇਸ ਲਈ ਉਨ੍ਹਾਂ ਦੀ ਤਨਖਾਹ ਵੀ ਜ਼ਿਆਦਾ ਹੁੰਦੀ ਹੈ। ਆਈਪੀਐਲ 2019 ਦੇ ਸਭ ਤੋਂ ਮਸ਼ਹੂਰ ਅੰਪਾਇਰ ਜਵਾਗਲ ਸ਼੍ਰੀਨਾਥ ਨੂੰ 52.45 ਲੱਖ ਰੁਪਏ ਮਿਲੇ। ਮਨੂ ਨਾਇਰ ਨੂੰ ਪਹਿਲਾਂ ਹੀ ਆਈਪੀਐਲ ਵਿੱਚ ਅੰਪਾਇਰਿੰਗ ਲਈ 41.96 ਲੱਖ ਰੁਪਏ ਮਿਲ ਚੁੱਕੇ ਹਨ। ਆਈਪੀਐਲ ਮੈਚ ਵਿੱਚ, ਫਰਸਟ ਅੰਪਾਇਰ ਦੇ ਫੈਸਲੇ ਨੂੰ ਬਦਲਣ ਲਈ ਰਿਵਿਊ ਵੀ ਲਿਆ ਜਾ ਸਕਦਾ ਹੈ, ਜਿਸਨੂੰ ਧ੍ਰਸ਼ ਕਿਹਾ ਜਾਂਦਾ ਹੈ। ਥਰਡ ਅੰਪਾਇਰ ਫੀਲਡ ਅੰਪਾਇਰ ਦੇ ਫੈਸਲੇ ਨੂੰ ਦੱਸਦਾ ਹੈ।







